The Punjabi Newspaper
ਪੰਜਾਬੀ ਅਖ਼ਬਾਰ
ਪੰਜਾਬੀਅਤ ਦਾ ਪਹਿਰੇਦਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar
Vol: 10 No: 217 Website : www.punjabiakhbaar.ca Email: editor@punjabiakhbaar.ca Friday, 7 April 2023

Skyways TRUCK DRIVING SCHOOL
Class 1A, 3A & Air Brake Training
Certified trainers with over 16 years experience.
ਆਪਣੀ ਬੋਲੀ ਵਿੱਚ ਟਰੱਕ ਸਿੱਖਣ ਲਈ ਸੰਪਰਕ ਕਰੋ:
Financing Available
Tariq Hameed
Babir Hameed
Shamshair Tariq
Follow us on @skywaystds
2110 Winnipeg St North Regina (SK) S0G 5K0
Call Toll Free: 1-844 468 6912
www.skywaystrucking.ca

Guru Nanak Driving School Ltd.
CERTIFIED SGI
• 6 & 6 Class 5 Training
• Pre Test Driving Evaluation
• Pre Test Driving Lessons
• Rental Vehicle for Road Test.
FREE PICK UP & DROP OFF
ਕਲਾਸ 5 ਲਈ ਡਰਾਈਵਿੰਗ ਤਜਰਬੇਕਾਰ ਟ੍ਰੇਨਰਾਂ ਤੋਂ ਸਿੱਖੋ
www.gndsregina.ca
306 201 8458
Location: Regina & Moose Jaw

# ਕਨੇਡਾ ਅੰਦਰ ਅਪ੍ਰੈਲ ਨੂੰ ਸਿੱਖ ਵਿਰਾਸਤੀ ਮਹੀਨੇ ਵੱਜੋਂ ਮਨਾਉਂਦਿਆਂ ਰਾਜਨੀਤਕ ਲੀਡਰਾਂ ਨੇ ਮੁਬਾਰਕਾਂ ਦਿੱਤੀਆਂ




ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਅਪਰੈਲ ਮਹੀਨਾ ਕਨੇਡਾ ਭਰ ਅੰਦਰ ਸਿੱਖ ਵਿਰਾਸਤੀ ਮਹੀਨੇ ਵੱਜੋਂ ਮਨਾਇਆ ਜਾ ਰਿਹਾ ਹੈ। ਇਸ ਮੌਕੇ ਕਨੇਡਾ ਸਰਕਾਰ ਅੰਦਰ ਮੁੱਖ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਆਗੂ ਪਿਏਰ ਪੌਲੀਏਵਰ ਨੇ ਆਖਿਆ ਕਿ ਸਾਡੇ ਦੇਸ਼ ਲਈ ਸਿੱਖ ਭਾਈਚਾਰੇ ਵੱਲੋਂ ਜਿਹੜਾ ਅਦੁੱਤੀ ਯੋਗਦਾਨ ਪਾਇਆ ਗਿਆ ਹੈ ਉਸ ਦੀ ਪਛਾਣ ਕਰਨ ਤੇ ਉਸ ਤੋਂ ਸੇਧ ਲੈਣ ਦਾ ਸਮਾਂ ਆ ਗਿਆ ਹੈ।

ਉਨ੍ਹਾਂ ਆਖਿਆ ਕਿ 20ਵੀਂ ਸਦੀ ਦੇ ਸ਼ੁਰੂਆਤੀ ਦਿਨਾਂ ਤੋਂ ਹੀ ਸਿੱਖ ਕੈਨੇਡਾ ਆਉਣ ਲੱਗ ਗਏ ਸਨ ਤੇ ਆਪਣੇ ਨਾਲ ਉਹ ਆਪਣੇ ਇਤਿਹਾਸ, ਸੱਭਿਆਚਾਰ ਤੇ ਰਵਾਇਤਾਂ ਦਾ ਸਰਮਾਇਆ ਵੀ ਲੈ ਕੇ ਆਏ। ਇਸ ਨਾਲ ਸਾਡੀ ਜ਼ਮੀਨ ਵੀ ਸਰਸ਼ਾਰ ਹੋ ਗਈ ਤੇ ਵੰਨ-ਸੁਵੰਨਤਾ ਨੂੰ ਅਸੀਂ ਖੁੱਲ੍ਹ ਕੇ ਅਪਨਾਉਣ ਲੱਗ ਪਏ ਤੇ ਅਸੀਂ ਹੋਰਨਾਂ ਲਈ ਵੀ ਆਪਣੀਆਂ ਬਾਹਾਂ ਖੋਲ੍ਹ ਦਿੱਤੀਆਂ। ਇੱਥੇ ਆ ਕੇ ਸਿੱਖਾਂ ਨੇ ਜਿਨ੍ਹਾਂ ਜਿਨ੍ਹਾਂ ਕਦਰਾਂ ਕੀਮਤਾਂ ਦਾ ਨਿਰਮਾਣ ਕੀਤਾ ਉਹ ਆਉਣ ਵਾਲੀਆਂ ਕਈ ਨਸਲਾਂ ਤੱਕ ਮਿਟ ਨਹੀਂ ਸਕਣਗੀਆਂ ਤੇ ਸਿੱਖਾਂ ਦੀਆਂ ਆਉਣ ਵਾਲੀਆਂ ਕਈ ਪੀੜ੍ਹੀਆਂ ਲਈ ਮਿਸਾਲ ਬਣਨਗੀਆਂ। ਪਿਏਰ ਨੇ ਆਖਿਆ ਕਿ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਦੇ ਪੱਖ ਉੱਤੇ ਉਹ ਇਸ ਮਹੀਨੇ ਮਨਾਏ ਜਾਣ ਵਾਲੇ ਵਿਸਾਖੀ ਦੇ ਜਸ਼ਨਾਂ ਲਈ ਸਾਰੇ ਸਿੱਖ ਭਾਈਚਾਰੇ ਨੂੰ ਅਗਾਊਂ ਮੁਬਾਰਕਬਾਦ ਦਿੰਦੇ ਹਨ। ਕੈਲਗਰੀ ਫਾਰੈਸਟ ਲਾਅਨ ਤੋਂ ਮੈਂਬਰ ਪਾਰਲੀਮੈਂਟ ਸ: ਜਸਰਾਜ ਸਿੰਘ ਹੱਲਣ ਨੇ ਵੀ ਸਮੂਹ ਸਿੱਖ ਭਾਈਚਾਰੇ ਨੂੰ ਵਿਰਾਸਤੀ ਮਹੀਨੇ ਅਪ੍ਰੈਲ ਦੀਆਂ ਮੁਬਾਰਕਾਂ ਦਿੰਦੇ ਹੋਏ ਆਖਿਆ ਕਿ ਹੁਣ 800,000 ਦੇ ਕਰੀਬ ਸਿੱਖ ਕੈਨੇਡਾ ਨੂੰ ਆਪਣਾ ਘਰ ਦੱਸਦੇ ਹਨ ਤੇ ਸਾਡੇ ਦੇਸ਼ ਨੂੰ ਮਾਣ ਹੈ ਕਿ ਦੁਨੀਆ ਦੇ ਕਿਸੇ ਵੀ ਕੋਨੇ ਨਾਲੋਂ ਸਾਡੇ ਕੋਲ ਐਨੀ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰਾ ਹੈ। ਕਨੇਡਾ ਦੇ ਹਰ ਸੈਕਟਰ ਤੇ ਇੰਡਸਟਰੀ ਵਿੱਚ ਸਿੱਖਾਂ ਨੇ ਆਪਣੀ ਵੱਖਰੀ ਪਛਾਣ ਕਾਇਮ ਕੀਤੀ ਹੈ ਤੇ ਕਨੇਡਾ ਦੇ ਵਿਕਾਸ ਵਿੱਚ ਵੀ ਸਿੱਖਾਂ ਨੇ ਅਹਿਮ ਭੂਮਿਕਾ ਨਿਭਾਈ ਹੈ। ਪਿਛਲੇ 120 ਸਾਲਾਂ ਤੋਂ ਉਨ੍ਹਾਂ ਦੇ ਗੁਰਦੁਆਰੇ ਕਮਿਊਨਿਟੀਜ਼ ਲਈ ਚਾਨਣ ਮੁਨਾਰੇ ਬਣੇ ਹੋਏ ਹਨ, ਜਿੱਥੇ ਲੋੜਵੰਦਾਂ ਦੀ ਮਦਦ ਹਮੇਸ਼ਾਂ ਕੀਤੀ ਜਾਂਦੀ ਹੈ ਤੇ ਉਨ੍ਹਾਂ ਨੂੰ ਨਵੀਂ ਆਸ ਦੀ ਕਿਰਨ ਵਿਖਾਈ ਜਾਂਦੀ ਹੈ।

ਅਦਾਰਾ ਪੰਜਾਬੀ ਅਖ਼ਬਾਰ ਵੱਲੋਂ ਸਮੂਹ ਜਗਤ ਨੂੰ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ

HENDERSON INSURANCE | NAVACORD
ਟ੍ਰਾਂਸਪੋਟੇਸ਼ਨ ਇੰਸ਼ੋਰੈਂਸ ਵਿਚਲੇ ਰਿਸਕ ਸਬੰਧੀ ਚੰਗੀ ਸਲਾਹ ਦੇਣ ਵਾਲੀ ਟੀਮ
Leaders in Transportation Insurance Risk and Advice
Russ Collicott, Account Executive, Commercial Lines, 306.924.3671, rcollicott@hendersoninsurance.ca
Cherie Shook-Pelletier, Director of Transportation, 306.584.6995, cshook@hendersoninsurance.ca
Lori Gropp, Account Executive, Commercial Lines, 306.566.4458, lgropp@hendersoninsurance.ca

BUTZ & COMPANY BARRISTERS & SOLICITORS
GURSANT SINGH LL.M. (UK), B.A.LL.B.
Immigration Law • Family Law • Real Estate • Corporate Law • Wills & Estates
2510 13th Avenue, Regina SK S4P 0W2
(306) 359-5448 (Business) (306) 580-4690 (Cell)
gursant@butzlaw.ca www.butzlaw.ca

Nav Immigration Services
Student Visa · Worker Visa · Visitor Visa · Supervisa · Permanent Residency Applications · PR Card Renewal · Express Entry · Family Sponsorship · Refugee Applications · Citizenship Applications · LMIA Applications · PNP
Giving my best for your success
Navjeet Kaur, Director, RCIC
306-201-4464
Regina, SK navimmigrationservices@gmail.com

NEWAY DRIVING SCHOOL
"A Neway to Your Future"
REGINA | SASKATOON | MOOSE JAW
CLASS 1A, 3A & AIRBRAKE
10+ Years Truck Training Experience
CERTIFIED IN SERVICE SINCE 2014 MELT TRAINING
306-209-9449
newaydrivingschool47@gmail.com

WE'RE IN THE PEOPLE BUSINESS, WE JUST HAPPEN TO DO MORTGAGES.®
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੋਰਗੇਜ ਕਰਵਾਉਣ ਲਈ ਭਰੋਸੇਮੰਦ ਨਾਮ
Bob Dhindsa, Mortgage Associate & SK Regional Team Lead
306.596.5047
bob.dhindsa@vinegroup.ca
VINE Group | MORTGAGE ALLIANCE
200 1965 Broad Street, Regina, SK S4P 1Y1

JBK LAW OFFICE
IMMIGRATION & LEGAL EXPERT TEAM
SPECIALIZATION: Family Law, Estate Planning, Corporate Commercial & Real Estate, Family Sponsorship, PNP and Federal Applications
Habibat Larai Kasim LL.B, BL., LL.M
Ph: 306-782-5040 Fax: 306-782-5041 habibat@jblawoffice.com
ਸੈਸਕੈਚਵਨ ਵਿੱਚ ਵਕਾਲਤ ਦੀ ਸਫਲਤਾ ਦਾ ਨਾਂ
SPECIALIZATION: Criminal Law, Immigration Law (Appeals & Judicial Reviews) Inadmissibility, SINP Secondary Reviews, CBSA Detention Reviews, Misrepresentation,
Bhavan Jaggi (Barrister & Solicitor)
Ph: 306-757-7998 Fax-306 700 2430
email: bjaggi@jblawoffice.com www.Jbklawoffice.com
2-31 Broadway St. E. Yorkton, SK S3N 0K4
2010-11th Avenue, 7th Floor, RBC Building, Regina, SK S4P 0J3

LISTING SPECIALISTS
For A Stress Free Home Selling Process Contact Team HomeswithNav
NAV SINGH CHAHIL 306 209 1635 homeswithnav@gmail.com
GARY SUMAN 306 620 2362 garysuman@gmail.com
yourhomes.ca www.yourhomes.ca
YOURHOMES.ca REALTY EXECUTIVES DIVERSIFIED REALTY

SAGAR (SEAN) KUNDRA REALTOR®
Call To Buy or Sell Any Property
eXp REALTY
ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖਰੀਦਣ ਲਈ ਕਾਲ ਕਰੋ।
Cell: 306-241-6799
seankundra@realtyexecutives.com
355 Broad Street, Regina, SK S4R 1X2

C WORLD T·R·A·V·E·L
20 ਸਾਲ ਤੋਂ ਤੁਹਾਡੀ ਸੇਵਾ ਵਿੱਚ
For more information call: Rajan Sagar
NORTHGATE MALL, REGINA
Email: cworldtravel1@gmail.com
ਇੰਡੀਆਂ ਜਾਂ ਦੁਨੀਆਂ ਦੇ ਕਿਸੇ ਵੀ ਮੁਲਕ ਜਾਣ ਲਈ ਸਸਤੀਆਂ ਹਵਾਈ ਟਿਕਟਾਂ
Ph: (306) 949-1235
To see the world come to C WORLD
IATA

GURU Truck Driving School
IA, 3A TRAINING (SGI APPROVED)
Gagandeep Singh (Truck Instructor)
IA, 3A, (Air Brake) training. SGI Approved (According to new MELT Program)
Classes available in English, Punjabi, Hindi and Urdu
• ਟਰੇਨਿੰਗ ਲਈ ਖੁੱਲ੍ਹਾ ਡੁੱਲਾ ਯਾਰਡ
• ਪਰੌਪਰ ਟਰੇਨਿੰਗ ਘੰਟੇ (ਐਸ ਜੀ ਆਈ) ਦੇ ਨਿਯਮਾਂ ਅਨੁਸਾਰ
• ਲਾਇਸੈਂਸ ਮਿਲਣ ਉਪਰੰਤ ਜੌਬ ਦਿਵਾਉਣ ਵਿੱਚ ਵੀ ਮਦਦ ਕਰਦੇ ਹਾਂ।
306-209-7921
1041 KEARNS CRESCENT, REGINA, SK, CANADA, S0G 3Z0
gurutruckdriving@gmail.com

DA INDIA CURRY HOUSE
"We take food Seriously"
Dine-In | Pub | Takeout | Catering (Indoor and Outdoor)
ਇਥੇ ਮਸਾਲਾ ਲੱਗਿਆ ਚਿਕਨ ਵੀ ਮਿਲਦਾ ਹੈ।
10% Discount ON ONLINE ORDERS
www.daindiacurry.com
Ph: 306-522-1331
WE ARE ON
# 806 Victoria Ave, Regina S4N 0R6

ਘਰ, ਵਿਓਪਾਰ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਅਤੇ ਫਾਇਦੇਮੰਦ ਨਾਂ
COLDWELL BANKER LOCAL REALTY
Barinder Dandiwal, Realtor in Regina
639-382-6434
1377 Hamilton St unit 308B, Regina, SK S4R 2B6
E-mail: bdandiwal@coldwellbanker.ca

MOHAMMAD DERAKHSHANFAR
MORTGAGE ASSOCIATE Lic#316587
ਸਾਰੇ ਹੀ ਬੈਂਕਾ ਨਾਲ ਕੰਮ ਕਰਦੇ ਹੋਣ ਕਾਰਣ ਤੁਹਾਨੂੰ ਮਾਰਗੇਜ ਸਸਤੀ ਅਤੇ ਵਧੀਆ ਸਿਰਫ ਇੱਥੋਂ ਹੀ ਮਿਲ ਸਕਦੀ ਹੈ।
I work for YOU, NOT the BANK!
CELL: 306.351.4340
mohammad.d@dominionlending.ca
www.momomortgages.ca
Dominion Lending Centres - The Mortgage Firm
3889 Arcola Avenue E, Regina, SK S4V 1P5 Canada
Independently Owned & Operated - Brokerage Lic. #316454

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET, REGINA
Needs Driver for Canada, Prairies and Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY 306-537-6403
GARRY 306-201-9222

Bullet
Now Hiring
We are hiring Company Drivers & Owner Operators for USA Open Board
SPECIAL OFFER
MUST HAVE
- Clean Driver Abstract and CVOR
- Clear Criminal Search
- Minimum 6 months verifiable experience
- Steady Milage and Home time
- Bi Week Directly diposit
- Excellent equipment Dedicated to you
- Paid Border cross and waiting time
- after 2 Hours!
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca
306-914-7733/647-221-4700

SANSERWAL LAW OFFICE
LEGAL SERVICES & IMMIGRATION SOLUTIONS
• REFUGEE
• BUSINESS VISA & START UP VISA+ENTREPRENEUR
• JUDIAL REVIEW (FEDERAL COURT) AND APPEALS
• SINP SECONDARY REVIEWS
• CBSA DETENTION REVIEWS
• MISREPRESENTATION
• PNP + FEDREL APPLICATION
• FAMILY SPONSORSHIP
ਕਾਨੂੰਨੀ ਸੇਵਾਵਾਂ ਅਤੇ ਇਮੀਗ੍ਰੇਸ਼ਨ ਦੇ ਮਸਲਿਆਂ ਸਬੰਧੀ ਸੰਪਰਕ ਕਰੋ
HARJINDER SINGH SANSERWAL
B.A. LLB., L.L.M. (LAWYER) BARRISTER & SOLICITOR
1530, ANGUS STREET, REGINA, SASKATCHEWAN (CANADA) S4T 1Z1
639-999-8552 hss.law17@gmail.com

GRACE IMMIGRATION (CANADA) IMMIGRATION SOLUTIONS LTD.
• SINP-PROGRAMS
• FOREIGN WORKER RECRUITMENT (LMIA)
• PR APPLICATIONS (FEDERAL & PNP)
• FAMILY SPONSORSHIP
• CITIZENSHIP APPLICATION
• STUDY PERMIT + PGWP
• VISITOR + SUPER VISA
• EXTENSION OF STAY / CHANGE STATUS AND MORE...
BUSINESS/INVESTOR CATEGORY
CANADA IMMIGRATION SERVICES
SUKHBIR KAUR SIDHU (RCIC) B.A. LL.B., LL.M
ਇਮੀਗ੍ਰੇਸ਼ਨ ਸਬੰਧੀ ਸਾਰੀਆਂ ਲੋੜਾਂ ਦੀ ਪੂਰਤੀ ਲਈ ਯਾਦ ਰੱਖੋ
CANADA OFFICE: #2010, 11th Avenue, 7th Floor RBC Building, REGINA, SK
639-999-8545 graceimmiservice@gmail.com




The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar




Vol: 10 No: 217 Website : www.punjabiakhbaar.ca EmailÍ: editor@punjabiakhbaar.ca Friday, 7 April 2023

# ਕਨੇਡਾ ਅੰਦਰ ਅਪ੍ਰੈਲ ਨੂੰ ਸਿੱਖ ਵਿਰਾਸਤੀ ਮਹੀਨੇ ਵੱਜੋਂ ਮਨਾਉਂਦਿਆਂ ਰਾਜਨੀਤਕ ਲੀਡਰਾਂ ਨੇ ਮੁਬਾਰਕਾਂ ਦਿੱਤੀਆਂ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਅਪਰੈਲ ਮਹੀਨਾ ਕਨੇਡਾ ਭਰ ਅੰਦਰ ਸਿੱਖ ਵਿਰਾਸਤੀ ਮਹੀਨੇ ਵੱਜੋਂ ਮਨਾਇਆ ਜਾ ਰਿਹਾ ਹੈ। ਇਸ ਮੌਕੇ ਕਨੇਡਾ ਸਰਕਾਰ ਅੰਦਰ ਮੁੱਖ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਆਗੂ ਪਿਏਰ ਪੌਲੀਏਵਰ ਨੇ ਆਖਿਆ ਕਿ ਸਾਡੇ ਦੇਸ਼ ਲਈ ਸਿੱਖ ਭਾਈਚਾਰੇ ਵੱਲੋਂ ਜਿਹੜਾ ਅਦੁੱਤੀ ਯੋਗਦਾਨ ਪਾਇਆ ਗਿਆ ਹੈ ਉਸ ਦੀ ਪਛਾਣ ਕਰਨ ਤੇ ਉਸ ਤੋਂ ਸੇਧ ਲੈਣ ਦਾ ਸਮਾਂ ਆ ਗਿਆ ਹੈ।

ਉਨ੍ਹਾਂ ਆਖਿਆ ਕਿ 20ਵੀਂ ਸਦੀ ਦੇ ਸ਼ੁਰੂਆਤੀ ਦਿਨਾਂ ਤੋਂ ਹੀ ਸਿੱਖ ਕੈਨੇਡਾ ਆਉਣ ਲੱਗ ਗਏ ਸਨ ਤੇ ਆਪਣੇ ਨਾਲ ਉਹ ਆਪਣੇ ਇਤਿਹਾਸ, ਸੱਭਿਆਚਾਰ ਤੇ ਰਵਾਇਤਾਂ ਦਾ ਸਰਮਾਇਆ ਵੀ ਲੈ ਕੇ ਆਏ। ਇਸ ਨਾਲ ਸਾਡੀ ਜ਼ਮੀਨ ਵੀ ਸਰਸ਼ਾਰ ਹੋ ਗਈ ਤੇ ਵੰਨ-ਸੁਵੰਨਤਾ ਨੂੰ ਅਸੀਂ ਖੁੱਲ੍ਹ ਕੇ ਅਪਨਾਉਣ ਲੱਗ ਪਏ ਤੇ ਅਸੀਂ





ਹੋਰਨਾਂ ਲਈ ਵੀ ਆਪਣੀਆਂ ਬਾਹਾਂ ਖੋਲ੍ਹ ਦਿੱਤੀਆਂ।ਪਿਏਰ ਨੇ ਆਖਿਆ ਕਿ ਪੰਜ ਦਰਿਆਵਾਂ ਦੀ ਧਰਤੀ ਨੂੰ ਛੱਡ ਕੇ ਆਏ ਸਿੱਖਾਂ ਨੇ ਨਾ ਸਿਰਫ ਆਪਣੇ ਲਈ ਸਗੋਂ ਆਪਣੇ ਬੱਚਿਆਂ ਤੇ ਹੋਰਨਾਂ ਲਈ ਵੀ ਨਵੀਆਂ ਜ਼ਿੰਦਗੀਆਂ ਦੇ ਰਾਹ ਖੋਲ੍ਹੇ। ਆਪਣੇ ਨਾਲ ਸਿੱਖ ਆਪਣੀਆਂ ਕਦਰਾਂ ਕੀਮਤਾਂ, ਪਿਆਰ, ਰਹਿਮ, ਚੈਰਿਟੀ ਤੇ ਵਫਾਦਾਰੀ ਵਰਗੇ ਗੁਣ ਵੀ ਲੈ ਕੇ ਆਏ। ਬਹੁਤ ਸਾਰੇ ਸਿੱਖ ਆਪਣੇ ਨਾਲ ਬਹੁਤ ਘੱਟ ਪੈਸੇ ਤੇ ਆਪਣੀ ਸੰਪਤੀ ਦੇ ਨਾਂ ਉੱਤੇ ਕੁੱਝ ਕੁ ਗਿਣਵੀਆਂ ਚੁਣਵੀਆਂ ਚੀਜ਼ਾਂ ਹੀ ਲਿਆ ਸਕੇ। ਪਰ ਇੱਥੇ ਆ ਕੇ ਸਿੱਖਾਂ ਨੇ ਜਿਨ੍ਹਾਂ ਜਿਨ੍ਹਾਂ ਕਦਰਾਂ ਕੀਮਤਾਂ ਦਾ ਨਿਰਮਾਣ ਕੀਤਾ ਉਹ ਆਉਣ ਵਾਲੀਆਂ ਕਈ ਨਸਲਾਂ ਤੱਕ ਮਿਟ ਨਹੀਂ ਸਕਣਗੀਆਂ ਤੇ ਸਿੱਖਾਂ ਦੀਆਂ ਆਉਣ ਵਾਲੀਆਂ ਕਈ ਪੀੜ੍ਹੀਆਂ ਲਈ ਮਿਸਾਲ ਬਣਨਗੀਆਂ। ਪਿਏਰ ਨੇ ਆਖਿਆ ਕਿ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਦੇ ਪੱਖ ਉੱਤੇ ਉਹ ਇਸ ਮਹੀਨੇ ਮਨਾਏ ਜਾਣ ਵਾਲੇ ਵਿਸਾਖੀ ਦੇ ਜਸ਼ਨਾਂ ਲਈ ਸਾਰੇ ਸਿੱਖ ਭਾਈਚਾਰੇ ਨੂੰ ਅਗਾਊਂ ਮੁਬਾਰਕਬਾਦ ਦਿੰਦੇ ਹਨ।

ਕੈਲਗਰੀ ਫਾਰੈਸਟ ਲਾਅਨ ਤੋਂ ਮੈਂਬਰ ਪਾਰਲੀਮੈਂਟ ਸ: ਜਸਰਾਜ ਸਿੰਘ ਹੱਲਣ ਨੇ ਵੀ ਸਮੂਹ ਸਿੱਖ ਭਾਈਚਾਰੇ ਨੂੰ ਵਿਰਾਸਤੀ ਮਹੀਨੇ ਅਪ੍ਰੈਲ ਦੀਆਂ ਮੁਬਾਰਕਾਂ ਦਿੰਦੇ ਹੋਏ ਆਖਿਆ ਕਿ ਹੁਣ 800,000 ਦੇ ਕਰੀਬ ਸਿੱਖ ਕੈਨੇਡਾ ਨੂੰ ਆਪਣਾ ਘਰ ਦੱਸਦੇ ਹਨ ਤੇ ਸਾਡੇ ਦੇਸ਼ ਨੂੰ ਮਾਣ ਹੈ ਕਿ ਦੁਨੀਆ ਦੇ ਕਿਸੇ ਵੀ ਕੋਨੇ ਨਾਲੋਂ ਸਾਡੇ ਕੋਲ ਐਨੀ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰਾ ਹੈ। ਕਨੇਡਾ ਦੇ ਹਰ ਸੈਕਟਰ ਤੇ ਇੰਡਸਟਰੀ ਵਿੱਚ ਸਿੱਖਾਂ ਨੇ ਆਪਣੀ ਵੱਖਰੀ ਪਛਾਣ ਕਾਇਮ ਕੀਤੀ ਹੈ ਤੇ ਕਨੇਡਾ ਦੇ ਵਿਕਾਸ ਵਿੱਚ ਵੀ ਸਿੱਖਾਂ ਨੇ ਅਹਿਮ ਭੂਮਿਕਾ ਨਿਭਾਈ ਹੈ। ਪਿਛਲੇ 120 ਸਾਲਾਂ ਤੋਂ ਉਨ੍ਹਾਂ ਦੇ ਗੁਰਦੁਆਰੇ ਹੋਰਨਾ ਲਈ ਚਾਨਣ ਮੁਨਾਰੇ ਬਣੇ ਹੋਏ ਹਨ, ਜਿੱਥੇ ਲੋੜਵੰਦਾਂ ਦੀ ਮਦਦ ਹਮੇਸ਼ਾਂ ਕੀਤੀ ਜਾਂਦੀ ਹੈ ਤੇ ਉਨ੍ਹਾਂ ਨੂੰ ਨਵੀਂ ਆਸ ਦੀ ਕਿਰਨ ਵਿਖਾਈ ਜਾਂਦੀ ਹੈ।




# ਅਮਰੀਕਾ ਦਾ ਸਾਬਕਾ ਰਾਸਟਰਪਤੀ ਡੋਨਾਲਡ ਟਰੰਪ ਨੂੰ ਅਦਾਲਤੀ ਪੇਸ਼ੀ ਦੌਰਾਨ ਗ੍ਰਿਫਤਾਰ ਕਰ ਲਿਆ ਗਿਆ

ਨਿਊਯਾਰਕ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਸਾਬਕਾ ਰਾਸਟਰਪਤੀ ਡੋਨਾਲਡ ਟਰੰਪ ਨੂੰ 4 ਅਪ੍ਰੈਲ ਵਾਲੇ ਦਿਨ ਗ੍ਰਿਫਤਾਰ ਕਰ ਲਿਆ ਗਿਆ ਹੈ। ਪੋਰਨ ਸਟਾਰ ਸਟੋਰਮੀ ਡੇਨੀਅਲਸ ਨੂੰ ਪੈਸੇ ਦੇਣ ਦੇ ਮਾਮਲੇ ਵਿੱਚ ਦੋਸ਼ਾਂ ਦਾ ਸਾਹਮਣਾ ਕਰ ਰਹੇ ਅਮਰੀਕਾ ਦੇ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਜਿਉਂ ਹੀ ਮੈਨਹਟਨ ਦੀ ਅਦਾਲਤ ਵਿੱਚ ਪੇਸ਼ ਹੋਏ, ਤਾਂ ਇਸੇ ਦੌਰਾਨ ਹੀ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।""‘‘ਅਦਾਲਤ ‘ਚ ਪੇਸ਼ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਸਮਰਥਕਾਂ ਨੂੰ ਈਮੇਲ ਰਾਹੀਂ ਸੰਦੇਸ਼ ਭੇਜਿਆ ਜਿਸ ਵਿੱਚ ਉਸ ਨੇ ਦਾਅਵਾ ਕੀਤਾ ਹੈ ਕਿ ਅਮਰੀਕਾ ‘ਮਾਰਕਸਵਾਦੀ ਤੀਜੀ ਦੁਨੀਆਂ’ ਦਾ ਮੁਲਕ ਬਣਦਾ ਜਾ ਰਿਹਾ ਹੈ। ਇਸ ਵਿੱਚ ਉਸਨੇ ਕਿਹਾ ਕਿ ਮੇਰੀ ਗ੍ਰਿਫਤਾਰੀ ਤੋਂ ਪਹਿਲਾਂ ਇਹ ਮੇਰੀ ਆਖਰੀ ਈਮੇਲ ਹੈ।‘‘ਸਾਬਕਾ ਅਮਰੀਕੀ ਰਾਸ਼ਟਰਪਤੀ ਨੇ ਲਿਖਿਆ ਕਿ ਅੱਜ ਅਸੀਂ ਅਮਰੀਕਾ ਵਿੱਚ ਨਿਆਂ ਦੀ ਸਮਾਪਤੀ ਦਾ ਸੋਗ ਮਨਾਉਂਦੇ ਹਾਂ। ਅੱਜ ਉਹ ਦਿਨ ਹੈ ਜਦੋਂ ਸੱਤਾਧਾਰੀ ਰਾਜਨੀਤਿਕ ਪਾਰਟੀ ਆਪਣੇ ਮੁੱਖ ਵਿਰੋਧੀ ਨੂੰ ਬਿਨਾਂ ਕਿਸੇ ਅਪਰਾਧ ਦੇ ਗ੍ਰਿਫਤਾਰ ਕਰਦੀ ਹੈ। ਅੱਗੇ ਲਿਖਿਆ ਕਿ ਜਿਵੇਂ ਕਿ ਮੈਂ ਅਗਲੇ ਕੁੱਝ ਘੰਟਿਆਂ ਲਈ ਕਮਿਸ਼ਨ ਤੋਂ ਬਾਹਰ ਹੋਵਾਂਗਾ, ਮੈਂ ਇਸ ਸਮੇਂ ਤੁਹਾਡੇ ਸਮਰਥਨ ਲਈ ਤੁਹਾਡੇ ਸਾਰਿਆਂ ਦਾ ਧੰਨਵਾਦ ਕਰਨਾ ਚਾਹਾਂਗਾ।""‘‘ਟਰੰਪ ਨੇ ਆਪਣੀ ਮੇਲ ਵਿੱਚ ਲਿਖਿਆ ਕਿ ਸਾਡਾ ਦੇਸ਼ ਇੱਕ ਤੀਜੀ ਦੁਨੀਆਂ ਦਾ ਕਮਿਊਨਿਸਟ ਦੇਸ਼ ਬਣ ਰਿਹਾ ਹੈ, ਜੋ ਅਸਹਿਮਤੀ ਨੂੰ ਅਪਰਾਧ ਬਣਾਉਂਦਾ ਹੈ ਅਤੇ ਇਸਦੇ ਸਿਆਸੀ ਵਿਰੋਧ ਨੂੰ ਜੇਲ੍ਹ ਦਿੰਦਾ ਹੈ, ਪਰ ਅਮਰੀਕਾ ਵਿੱਚ ਉਮੀਦ ਨਾ ਛੱਡੋ! ਅਸੀਂ ਇੱਕ ਅਜਿਹੀ ਕੌਮ ਹਾਂ, ਜਿਸ ਨੇ ਦੁਨੀਆ ਦੇ ਸਭ ਤੋਂ ਮਹਾਨ ਸਾਮਰਾਜ ਤੋਂ ਆਪਣੀ ਆਜ਼ਾਦੀ ਦਾ ਐਲਾਨ ਕੀਤਾ, ਦੋ ਵਿਸ਼ਵ ਯੁੱਧ ਜਿੱਤੇ, ਅਤੇ ਚੰਦਰਮਾ ‘ਤੇ ਪਹਿਲਾ ਪ੍ਰਮਾਣੂ ਮਨੁੱਖ ਰੱਖਿਆ।‘‘ਟਰੰਪ ਨੇ ਅੱਗੇ ਲਿਖਿਆ, ‘ਸਾਡਾ ਅੰਦੋਲਨ ਬਹੁਤ ਅੱਗੇ ਵਧ ਗਿਆ ਹੈ। ਮੇਰੇ ਦਿਮਾਗ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਅਸੀਂ ਇੱਕ ਵਾਰ ਫਿਰ ਜਿੱਤ ਕੇ 2024 ਵਿੱਚ ਵ੍ਹਾਈਟ ਹਾਊਸ ਪਹੁੰਚਾਂਗੇ।












# ਹੁਣ ਪੰਜਾਬ ਵਿੱਚ ਲਾਗੂ ਹੋਵੇਗਾ ‘ਯੋਗਸ਼ਾਲਾ’ ਦਾ ਦਿੱਲੀ ਮਾਡਲ

ਚੰਡੀਗੜ੍ਹ, (ਪੰਜਾਬੀ ਅਖਬਾਰ ਬਿਊਰੋ)–‘ਆਪ’ ਸਰਕਾਰ ਵੱਲੋਂ ਦਿੱਲੀ ਦੀ ਤਰਜ਼ ’ਤੇ ਸੂਬੇ ਵਿੱਚ ‘ਮੁੱਖ ਮੰਤਰੀ ਦੀ ਯੋਗਸ਼ਾਲਾ’ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ, ਜਿਸ ਦਾ ਐਲਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਖ਼ੁਦ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਦਸੰਬਰ 2021 ਵਿੱਚ ਦਿੱਲੀ ਸਰਕਾਰ ਨੇ ‘ਦਿੱਲੀ ਕੀ ਯੋਗਸ਼ਾਲਾ’ ਮੁਹਿੰਮ ਵਿੱਢੀ ਸੀ, ਜਿਸ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪਿਆ ਸੀ। ਭਗਵੰਤ ਮਾਨ ਨੇ ਜਾਰੀ ਕੀਤੇ ਵੀਡੀਓ ਸੁਨੇਹੇ ’ਚ ਐਲਾਨ ਕੀਤਾ ਕਿ ਪੰਜਾਬ ਦੇ ਅੰਮ੍ਰਿਤਸਰ, ਫਗਵਾੜਾ, ਪਟਿਆਲਾ ਅਤੇ ਲੁਧਿਆਣਾ ਸ਼ਹਿਰਾਂ ਤੋਂ ਪਾਇਲਟ ਪ੍ਰਾਜੈਕਟ ਵਜੋਂ ‘ਮੁੱਖ ਮੰਤਰੀ ਦੀ ਯੋਗਸ਼ਾਲਾ’ ਮੁਹਿੰਮ ਵਿੱਢੀ ਜਾਵੇਗੀ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਸਰੀਰਕ ਤੇ ਮਾਨਸਿਕ ਤੌਰ ’ਤੇ ਤੰਦਰੁਸਤ ਬਣਾਇਆ ਜਾ ਸਕੇ। ‘ਆਪ’ ਸਰਕਾਰ ਨੇ ਵਿਸ਼ਵ ਯੋਗ ਦਿਵਸ ਤੋਂ ਪਹਿਲਾਂ ਇਹ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵੀ ਵਿਸ਼ਵ ਪੱਧਰ ’ਤੇ ਯੋਗ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ ਜਾ ਰਿਹਾ ਹੈ। ਜਿਸ ਤਰ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖ਼ੁਦ ਯੋਗ ਕਰਨ ਦੀ ਮਿਸਾਲ ਦਿੱਤੀ ਸੀ, ਉਸੇ ਤਰ੍ਹਾਂ ਭਗਵੰਤ ਮਾਨ ਨੇ ਕਿਹਾ ਕਿ ਉਹ ਖ਼ੁਦ ਯੋਗ ਅਭਿਆਸ ਕਰਦੇ ਹਨ। ਗੁਰੂ ਰਵਿਦਾਸ ਆਯੁਰਵੈਦ ਯੂਨੀਵਰਸਿਟੀ ਹੁਸ਼ਿਆਰਪੁਰ ਵੱਲੋਂ ਇਸ ਪ੍ਰਾਜੈਕਟ ਦੀ ਅਗਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸਿਖਲਾਈ ਪ੍ਰਾਪਤ ਯੋਗ ਇੰਸਟਰਕਟਰ ਪਾਰਕਾਂ ਤੇ ਹੋਰ ਜਨਤਕ ਥਾਵਾਂ ਵਿੱਚ ਲੋਕਾਂ ਨੂੰ ਮੁਫ਼ਤ ਯੋਗ ਸਿਖਲਾਈ ਦੇਣਗੇ।




































## ਤੁਹਾਡੇ ਸੁਪਨਿਆਂ ਦਾ ਘਰ ਤੁਹਾਡੀ ਸੋਚ ਨਾਲੋਂ ਨੇੜੇ ਹੈ

**ਸਿੰਗਲ ਫੈਮਿਲੀ ਹੋਮ,ਕਾਨੂੰਨੀ ਤੌਰ 'ਤੇ ਆਮਦਨ ਵਾਲਾ ਸੂਇਟ**

ਸਾਡੇ ਆਲੀਸ਼ਾਨ ਅਤੇ ਵਿਸ਼ਾਲ ਮਾਡਰਨ ਸਿੰਗਲ ਫੈਮਿਲੀ ਅਤੇ ਲਗਜ਼ਰੀ ਅਸਟੇਟ ਸਿੰਗਲ ਫੈਮਿਲੀ ਹੋਮਜ਼ ਕਾਪਰਫੀਲਡ ਦੇ ਪ੍ਰਮੁੱਖ ਦੱਖਣ-ਪੂਰਬੀ ਕੈਲਗਰੀ ਇਲਾਕੇ ਵਿੱਚ ਉੱਚ ਪੱਧਰੀ ਪਰ ਕਿਫਾਇਤੀ ਰਹਿਣ ਦਾ ਪ੍ਰਤੀਕ ਹਨ।

2,000 ਵਰਗ ਫੁੱਟ ਤੋਂ ਲੈ ਕੇ ਲਗਭਗ 3,000 ਵਰਗ ਫੁੱਟ ਤੱਕ। 3 ਜਾਂ 4 ਬੈੱਡਰੂਮਾਂ ਦੇ ਨਾਲ, ਇਹਨਾਂ ਵਿੱਚੋਂ ਜ਼ਿਆਦਾਤਰ ਘਰਾਂ ਵਿੱਚ ਭਵਿੱਖ ਦੇ ਵਿਕਾਸ ਲਈ 9 ਫੁੱਟ ਦੀ ਛੱਤ ਵਾਲੇ ਅਧੂਰੇ ਬੇਸਮੈਂਟਾਂ ਤੋਂ ਇਲਾਵਾ ਇੱਕ ਹੋਮ ਆਫਿਸ ਅਤੇ ਬੋਨਸ ਕਮਰੇ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1- ਜਾਂ 2- ਬੈੱਡਰੂਮ ਕਾਨੂੰਨੀ ਆਮਦਨ ਸੂਇਟ ਵਾਲਾ ਸ਼ਾਮਲ ਕਰੋ

**ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!**










**ਅਵਾਰਡ ਜੇਤੂ ਟਾਊਨਹੋਮਸ-** ਕਾਪਰਫੀਲਡ ਦੇ ਕੈਲਗਰੀ ਦੇ ਪ੍ਰਮੁੱਖ ਦੱਖਣ-ਪੂਰਬੀ ਕੁਆਡਰੈਂਟ ਇਲਾਕੇ ਵਿੱਚ ਇੱਕ ਬਿਲਕੁਲ ਨਵੇਂ ਟਾਊਨਹੋਮ ਦੇ ਮਾਲਕ ਬਣੋ। 6 ਵੱਖ-ਵੱਖ ਫਲੋਰ ਪਲਾਨ ਦੇ ਨਾਲ, ਇੱਥੇ ਇੱਕ ਘਰ ਹੈ ਜੋ ਤੁਹਾਡੇ ਪਰਿਵਾਰ ਦੀ ਜ਼ਰੂਰਤ ਨੂੰ ਪੂਰੀ ਤਰ੍ਹਾਂ ਫਿੱਟ ਕਰਦਾ ਹੈ। ਇਹ ਸੋਚ-ਸਮਝ ਕੇ ਡਿਜ਼ਾਈਨ ਕੀਤੇ ਗਏ ਫਲੋਰਪਲਾਨਸ 1,300 ਵਰਗ ਫੁੱਟ ਤੋਂ 1,800 ਵਰਗ ਫੁੱਟ ਤੱਕ ਦੇ ਹੁੰਦੇ ਹਨ ਅਤੇ 3-ਬੈੱਡਰੂਮ ਜਾਂ ਡਬਲ ਪ੍ਰਾਇਮਰੀ ਸੂਟ ਅਤੇ ਫਲੈਕਸ ਰੂਮ ਵਿਕਲਪ ਪ੍ਰਦਾਨ ਕਰਦੇ ਹਨ। ਆਪਣੀ ਜੀਵਨ ਸ਼ੈਲੀ ਲਈ ਸੰਪੂਰਣ ਘਰ ਚੁਣੋ।

**4 ਲੱਖ ਡਾਲਰ ਤੋਂ ਘੱਟ ਵਿੱਚ ਹੀ ਘਰ ਦੀ ਮਾਲਕੀ !**

**ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!**



**ਸ਼ੋਅ ਹੋਮ ਹੁਣ ਖੁੱਲ ਚੁੱਕੇ ਹਨ**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

## ਅਲਬਰਟਾ ਐਡਵਾਂਟੇਜ ਇਮੀਗ੍ਰੇਸ਼ਨ ਪ੍ਰੋਗਰਾਮ ਵਿੱਚ ਤਬਦੀਲੀਆਂ ਹੋਣ ਕਾਰਣ ਇਨ-ਡਿਮਾਂਡ ਵਰਕਰਾਂ ਅਤੇ ਉੱਦਮੀਆਂ ਲਈ ਇੱਥੇ ਵਸਣਾ ਹੁਣ ਆਸਾਨ ਹੋਵੇਗਾ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਮੈਕ੍ਰਗਲ ਸੈਂਟਰ ਵਿਖੇ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿੱਥ ਅਤੇ ਵਪਾਰ,ਇੰਮੀਗ੍ਰੇਸ਼ਨ ਅਤੇ ਬਹੁ ਸੱਭਿਆਚਾਰ ਮੰਤਰੀ ਰਾਜਨ ਸਾਹਨੀ ਨੇ ਅਲਬਰਟਾ ਐਡਵਾਂਟੇਜ ਇਮੀਗ੍ਰੇਸ਼ਨ ਪ੍ਰੋਗਰਾਮ ਵਿੱਚ ਤਬਦੀਲੀਆਂ ਦਾ ਐਲਾਨ ਕੀਤਾ ਹੈ।

ਅਲਬਰਟਾ ਐਡਵਾਂਟੇਜ ਇਮੀਗ੍ਰੇਸ਼ਨ ਪ੍ਰੋਗਰਾਮ ਇੱਕ ਆਰਥਿਕ ਇਮੀਗ੍ਰੇਸ਼ਨ ਪ੍ਰੋਗਰਾਮ ਹੈ ਜੋ ਅਲਬਰਟਾ ਨੂੰ ਸਥਾਈ ਨਿਵਾਸ ਲਈ ਇਨ-ਡਿਮਾਂਡ ਸੈਕਟਰਾਂ ਵਿੱਚ ਯੋਗ ਕਾਮਿਆਂ ਨੂੰ ਨਾਮਜ਼ਦ ਕਰਨ ਦੇ ਯੋਗ ਬਣਾਉਂਦਾ ਹੈ। ਹੁਣ ਇਸ ਪ੍ਰੋਗਰਾਮ ਵਿੱਚ ਸੁਧਾਰ ਹੋਣ ਕਰਕੇ, ਅਲਬਰਟਾ ਦੁਨੀਆ ਭਰ ਦੇ ਹੁਨਰਮੰਦ ਨਵੇਂ ਆਉਣ ਵਾਲਿਆਂ ਨੂੰ ਆਪਣੇ ਵੱਲ ਖਿਚੇਗਾ।


ਇਸ ਮੌਕੇ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਦਾ ਕਹਿਣਾ ਹੈ ਕਿ "ਅਲਬਰਟਾ ਇੱਕ ਉਹ ਧਰਤੀ ਹੈ,ਜਿੱਥੇ ਤੁਹਾਨੂੰ ਵਧਣ-ਫੁੱਲਣ ਦੇ ਮੌਕੇ ਮਿਲਦੇ ਹਨ। ਅਲਬਰਟਾ ਵਿੱਚ, ਤੁਸੀਂ ਆਪਣਾ ਕੈਰੀਅਰ ਲੱਭ ਸਕਦੇ ਹੋ, ਇੱਕ ਮਜ਼ਬੂਤ ਅਤੇ ਨਿਯਮਤ ਤਨਖਾਹ ਲੈ ਸਕਦੇ ਹੋ, ਅਤੇ ਫਿਰ ਵੀ ਪਰਿਵਾਰ ਅਤੇ ਦੋਸਤਾਂ ਨਾਲ ਸਮਾਂ ਬਿਤਾ ਸਕਦੇ ਹੋ। ਨਾ ਸਿਰਫ਼ ਦੁਨੀਆਂ ਭਰ ਦੇ ਲੋਕ ਇੱਥੇ ਆਉਣਾ ਚਾਹੁੰਦੇ ਹਨ, ਅਸੀਂ ਚਾਹੁੰਦੇ ਹਾਂ ਕਿ ਉਹ ਇੱਥੇ ਆ ਕੇ ਸਾਡੇ ਭਾਈਚਾਰਿਆਂ ਅਤੇ ਸਾਡੀ ਖੁਸ਼ਹਾਲੀ ਦਾ ਹਿੱਸਾ ਬਣਨ, ਅਤੇ ਅਲਬਰਟਾ ਨੂੰ ਅੱਗੇ ਵਧਣ ਅਤੇ ਸਫਲ ਹੋਣ ਵਿੱਚ ਮਦਦ ਕਰਨ।"

ਵਪਾਰ, ਇਮੀਗ੍ਰੇਸ਼ਨ ਅਤੇ ਬਹੁ-ਸੱਭਿਆਚਾਰ ਮੰਤਰੀ ਰਾਜਨ ਸਾਹਨੀ ਅਨੁਸਾਰ ਹੁਣ ਅਲਬਰਟਾ ਦੀ ਸਰਕਾਰ ਅਲਬਰਟਾ ਐਡਵਾਂਟੇਜ ਇਮੀਗ੍ਰੇਸ਼ਨ ਪ੍ਰੋਗਰਾਮ ਵਿੱਚ ਪੰਜ ਸੁਧਾਰ ਕਰ ਰਹੀ ਹੈ ਜੋ ਕਾਰੋਬਾਰਾਂ ਅਤੇ ਅੰਤਰਰਾਸ਼ਟਰੀ ਹੁਨਰਮੰਦ ਕਾਮਿਆਂ ਦੋਵਾਂ ਦੀ ਮੱਦਦ ਕਰਨ ਵਿੱਚ ਸਹਾਈ ਹੋਣਗੇ। ਪੇਂਡੂ ਉੱਦਮੀ ਅਤੇ ਪੇਂਡੂ ਨਵੀਨੀਕਰਨ ਧਾਰਾਵਾਂ ਵਿੱਚ ਤਬਦੀਲੀਆਂ ਅਲਬਰਟਾ ਦੇ ਪੇਂਡੂ ਭਾਈਚਾਰਿਆਂ ਨੂੰ ਜੀਵੰਤ ਰਹਿਣ ਅਤੇ ਵਿਕਾਸ ਕਰਨ ਵਿੱਚ ਮੱਦਦ ਕਰੇਗੀ। ਗ੍ਰਾਮੀਣ ਉੱਦਮੀ ਸਟ੍ਰੀਮ ਲਈ $100,000 ਦੀ ਇੱਕ ਘੱਟ ਨਿਵੇਸ਼ ਵਾਧੂ ਯੋਗਤਾ ਪ੍ਰਾਪਤ ਉੱਦਮੀਆਂ ਲਈ ਦਰਵਾਜ਼ਾ ਖੋਲ੍ਹ ਦੇਵੇਗੀ ਜੋ ਪੇਂਡੂ ਅਲਬਰਟਾ ਭਾਈਚਾਰਿਆਂ ਵਿੱਚ ਇੱਕ ਮੌਜੂਦਾ ਕਾਰੋਬਾਰ ਸਥਾਪਤ ਕਰਨਾ ਜਾਂ ਖਰੀਦਣਾ ਚਾਹੁੰਦੇ ਹਨ। ਦਿਹਾਤੀ ਨਵੀਨੀਕਰਨ ਸਟ੍ਰੀਮ ਦੇ ਅਧੀਨ ਇੱਕ ਬੰਦੋਬਸਤ ਏਜੰਸੀ ਤੋਂ ਇੱਕ ਪੱਤਰ ਦੀ ਲੋੜ ਨੂੰ ਹਟਾਉਣ ਨਾਲ ਪੇਂਡੂ ਭਾਈਚਾਰਿਆਂ ਨੂੰ ਸਥਾਨਕ ਲੋੜਾਂ ਦੇ ਆਧਾਰ 'ਤੇ ਨਵੇਂ ਆਏ ਲੋਕਾਂ ਨੂੰ ਆਕਰਸ਼ਿਤ ਕਰਨ, ਭਰਤੀ ਕਰਨ ਅਤੇ ਸਵਾਗਤ ਕਰਨ ਵਿੱਚ ਮੱਦਦ ਮਿਲੇਗੀ।

"ਪ੍ਰਾਂਤ ਵਿੱਚ ਲੋੜੀਂਦੇ ਹੋਰ ਕਾਮਿਆਂ ਨੂੰ ਲਿਆਉਣਾ ਅਲਬਰਟਾ ਦੀ ਆਰਥਿਕਤਾ ਨੂੰ ਅੱਗੇ ਵਧਾਉਣ ਅਤੇ ਸਾਡੀ ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਮਹੱਤਵਪੂਰਨ ਹੋਵੇਗਾ। ਇਹ ਤਬਦੀਲੀਆਂ ਅਲਬਰਟਾ ਦੀ ਆਰਥਿਕਤਾ ਦੀਆਂ ਜੜਾਂ ਨੂੰ ਡੂੰਘਿਆਂ ਕਰਨ , ਤੁਹਾਡੇ ਭਾਈਚਾਰੇ ਵਿੱਚ ਸਕਾਰਾਤਮਕ ਯੋਗਦਾਨ ਪਾਉਣ ਅਤੇ ਖੁਸ਼ਹਾਲ ਹੋਣ ਲਈ ਸੰਸਾਰ ਵਿੱਚ ਸਭ ਤੋਂ ਵਧੀਆ ਸਥਾਨਾਂ ਵਿੱਚੋਂ ਇੱਕ ਬਣਾਉਣ ਲਈ ਸਾਡੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ।"

# ਖਾਲਸਾ ਕਰੈਡਿਟ ਯੂਨੀਅਨ ਕੈਲਗਰੀ ਨੇ ਆਪਣੇ ਸਾਲਾਨਾ ਅਜਲਾਸ ਦੌਰਾਨ ਬੀਤੇ ਸਾਲਾਂ ਦਾ ਲੇਖਾ ਜੋਖਾ ਆਪਣੇ ਮੈਂਬਰਾਂ ਸਾਹਮਣੇ ਰੱਖਿਆ




**FINANCIAL POSITION**

| | Oct 2018 Audited | Oct 2019 Audited | Oct 2020 Audited | Oct 2021 Audited | Oct 2022 Audited |
|---|---|---|---|---|---|
| Assets | $16,048 | $19,281 | $17,238 | $24,261 | $28,201 |
| Loans | $12,746 | $13,502 | $11,399 | $11,090 | $17,918 |
| Deposits | $14,720 | $17,878 | $15,910 | $22,740 | $26,259 |
| Member Equity | $1,069 | $1,085 | $1,107 | $1,132 | $1,278 |
| Profit before Tax | $110 | $164 | $(75) | $144 | $275 |
| Profit after Tax | $96 | $146 | $(68) | $130 | $245 |
| Retained Earning | $55 | $122 | $54 | $184 | $429 |
| Net Worth | $1124 | $1207 | $1161 | $1316 | $1707 |



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 26 ਮਾਰਚ 2023 ਵਾਲੇ ਦਿਨ ਖਾਲਸਾ ਕਰੈਡਿਟ ਯੂਨੀਅਨ ਕੈਲਗਰੀ ਨੇ ਰੀਓ ਬੈਂਕਿਊਟ ਹਾਲ ਵਿਖੇ ਆਪਣਾ ਸਾਲਾਨਾ ਅਜਲਾਸ ਬੁਲਾਇਆ। ਅਜਲਾਸ ਦੌਰਾਨ ਬੀਤੇ ਸਾਲਾਂ ਦਾ ਲੇਖਾ ਜੋਖਾ ਮੈਂਬਰਾਂ ਨਾਲ ਸਾਂਝਾ ਕੀਤਾ ਅਤੇ ਆਉਣ ਵਾਲੇ ਸਮੇਂ ਲਈ ਸੁਰੂ ਕੀਤੇ ਪ੍ਰੋਜੈਕਟਾਂ ਲਈ ਹਾਜਰੀਨ ਮੈਂਬਰਾਂ ਦੀ ਮਨਜੂਰੀ ਲਈ। ਮੰਚ ਉਪਰੋਂ ਗੁਰੂਦਵਾਰਾ ਦਸਮੇਸ ਕਲਚਰਲ ਸੈਂਟਰ ਕੈਲਗਰੀ ਅਤੇ ਖਾਲਸਾ ਸਕੂਲ ਕੈਲਗਰੀ ਤੋਂ ਇਲਾਵਾ ਬੈਂਕ ਦੇ ਉਹਨਾਂ ਮੈਂਬਰਾਂ ਨੂੰ ਵਿਸੇਸ ਸਨਮਾਨ ਦਿੱਤਾ ਗਿਆ ਜਿਹਨਾਂ ਨੇ ਆਪਣੇ ਬਿਜਨਿਸ ਰਾਹੀਂ ਵੱਡਾ ਯੋਗਦਾਨ ਪਾਉਂਦਿਆਂ ਬੈਂਕ ਨੂੰ ਤਰੱਕੀ ਦੀਆਂ ਸਿਖਰਾਂ ਤੱਕ ਪਹੁੰਚਾਇਆ ਹੈ। ਇਸ ਮੌਕੇ ਸ: ਬੀਰ ਸਿੰਘ ਚੌਹਾਨ ਨੇ ਸਾਰੇ ਹਾਜਰੀਨ ਮੈਂਬਰਾਂ ਨੂੰ ਬੇਨਤੀ ਕੀਤੀ ਕਿ ਉਸਾਰੂ ਨੁਕਤਾਚੀਨੀ ਰਾਹੀਂ ਖਾਲਸਾ ਕ੍ਰੈਡਿਟ ਯੂਨੀਅਨ ਉੱਚੀਆਂ ਮੰਜ਼ਿਲਾਂ ਸਰ ਕਰਨ ਲਈ ਤੁਹਾਡੇ ਸਹਿਯੋਗ ਦੀ ਲੋੜ ਹੈ।

ਪੰਜਾਬੀ ਅਖ਼ਬਾਰ ਨਾਲ ਗੱਲਬਾਤ ਦੌਰਾਨ ਕੈਲਗਰੀ ਦੇ ਉੱਘੇ ਵਕੀਲ ਤਰਨਜੀਤ ਸਿੰਘ ਔਜਲਾ ਨੇ ਆਖਿਆ ਕਿ ਇਹ ਸਾਡਾ ਪੰਜਾਬੀ ਭਾਈਚਾਰੇ ਦਾ ਆਪਣਾ ਬੈਂਕ ਹੈ ਸਾਨੂੰ ਆਪਣੇ ਬਿਜਨਿਸ ਦੇ ਖਾਤੇ ਇਸ ਬੈਂਕ ਨਾਲ ਖੋਲਣੇ ਚਾਹੀਦੇ ਹਨ। ਖਾਲਸਾ ਸਕੂਲ ਕੈਲਗਰੀ ਦੇ ਚੇਅਰਮੈਨ ਸ: ਗੁਰਜੀਤ ਸਿੰਘ ਦਾ ਕਹਿਣਾ ਹੈ ਕਿ ਖਾਲਸਾ ਸਕੂਲ ਦੀਆਂ ਵਿਉਪਾਰਕ ਲੋੜਾਂ ਦੀ ਪੂਰਤੀ ਲਈ ਖਾਲਸਾ ਕ੍ਰੈਡਿਟ ਯੂਨੀਅਨ ਦਾ ਵੱਡਾ ਯੋਗਦਾਨ ਹੈ।

SUPERVISA Medical Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ



Harpinder Sidhu
REGIONAL MANAGER
403 404 3500
sidhu.harpinder@gmail.com

Punjab Insurance Inc

ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ

SERVICES
- Life Insurance
- Mortgage Insurance
- Critical Illness Insurance
- Disability Insurance



Gurinder Chahal
MANAGER
587 707 7000
cgyquotes@gmail.com

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!



ਕਾਲ: 403 953 1000
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
E Mail: Info@twcoverings.com
Web: www.twcoverings.com
Timelesswindowcoverings
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC TIMELESS WINDOW COVERINGS

ਚੈਸਟਰਮੇਅਰ ਰਹਿਣ ਵਾਲੇ ਮੀਟ ਖਾਣ ਦੇ ਸ਼ੌਕੀਨਾਂ ਨੂੰ ਹੁਣ ਹੋਰ ਕਿਧਰੇ ਜਾਣ ਦੀ ਲੋੜ ਨਹੀਂ ਕਿਉਂਕਿ ਹੁਣ ਚੈਸਟਰਮੀਅਰ ਵਿੱਚ ਹੀ ਲੇਕਸਾਈਡ ਮੀਟ ਮਸਾਲਾ ਵਾਲੇ ਆ ਗਏ ਹਨ।
ਕੁੱਕ ਕੀਤਾ ਹੋਇਆ ਮੀਟ, ਮੱਛੀ, ਮੁਰਗਾ,ਬੱਕਰਾ ਘਰ ਲੈਜਾ ਕੇ ਖਾਣ ਲਈ 20 ਕੁ ਮਿੰਟ ਪਹਿਲਾਂ ਫੋਨ ਕਰੋ




Wings Special
Every Tuesday and Wednesday
10% OFF When you buy less than 3 lbs
15% OFF When you buy 3 lbs or more
Special Discount for Birthdays & Parties



LAKESIDE MEAT MASALA
Now Serving Cooked Marinated Meat, Fish and Chicken
ਬੱਕਰੇ ਅਤੇ ਮੁਰਗੇ ਦਾ ਅਚਾਰ ਹਰ ਵੇਲੇ ਤਿਆਰ ਮਿਲਦਾ ਹੈ
202, 175 Chestermere Station Way Chestermere, AB T1X 1V2
587.470.4000

# ਮਾਨਸਾ ਦੇ ਡਾਕਟਰ ਰੁੱਖਾਂ ਰਾਹੀਂ ਮਨੁੱਖਤਾ ਦਾ ਭਲਾ ਕਰਨਾ ਲੋੜਦੇ ਹਨ



ਮਾਨਸਾ ਵਾਸੀ ਡਾਕਟਰ ਰਣਜੀਤ ਸਿੰਘ ਰਾਇ ਦਾ ਨਾਂ ਸਮਾਜ ਸੇਵਾ ਦੇ ਕੰਮਾਂ ਵਿੱਚ ਮੂਹਰਲੀ ਕਤਾਰ ਵਿੱਚ ਆਉਂਦਾ ਹੈ। ਇਹਨੀ ਦਿਨੀ ਉਹ ਮਾਨਸਾ ਸਿਵਲ ਹਸਪਤਾਲ ਵਿਖੇ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਨੱਕ ਕੰਨ ਅਤੇ ਗਲੇ ਦੇ ਮਾਹਿਰ ਹੋਣ ਤੋਂ ਇਲਾਵਾ ਉਹ ਐਲਰਜੀ ਸਪੈਸਿਲਿਸਟ ਵੀ ਹਨ। ਸਮਾਜ ਸੇਵਾ ਲਈ ਉਹਨਾ ਸਮੇਤ ਮਾਨਸਾ ਦੇ ਕੁੱਝ ਹੋਰ ਡਾਕਟਰ ਵੀ ਉਹਨਾਂ ਦੀ ਟੀਮ ਵਿੱਚ ਸ਼ਾਮਿਲ ਹਨ। ਇਹਨੀ ਦਿਨੀ ਉਹਨਾਂ ਵੱਧ ਤੋਂ ਵੱਧ ਰੁੱਖ ਲਗਾਉਣ ਦਾ ਬੀੜਾ ਚੁੱਕਿਆ ਹੋਇਆ ਹੈ। ਉਹਨਾਂ ਦਾ ਮੰਨਣਾ ਹੈ ਕਿ ਰੁੱਖਾਂ ਦੇ ਜ਼ਰੀਏ ਵਾਤਾਵਰਣ ਸਾਫ ਰਹਿ ਸਕਦਾ ਹੈ ਅਤੇ ਸਾਫ ਵਾਤਾਵਰਣ ਆਰੋਗ ਜੀਵਨ ਲਈ ਜਰੂਰੀ ਹੈ। ਮਾਨਸਾ ਦੇ ਸੈਂਟਰਲ ਪਾਰਕ ਵਿੱਚ ਉਹਨਾਂ ਦੁਬਾਰਾ ਸੁਰੂ ਕੀਤੀ ਰੁੱਖ ਲਗਾਉਣ ਦੀ ਮੁਹਿੰਮ ਨੂੰ ਅਮਲੀ ਰੂਪ ਵਿੱਚ ਪਾਰਕ ਦਾ ਗੇੜਾ ਲਗਾਉਣ ਉਪਰੰਤ ਦੇਖਿਆ ਅਤੇ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਸਾਲ ਪੰਜਾਬ ਫੇਰੀ ਦੌਰਾਨ ਮੈਨੂੰ ਵੀ ਇਸ ਮਨੁੱਖਤਾ ਦੇ ਭਲੇ ਵਾਲੇ ਕਾਰਜ ਦਾ ਹਿੱਸਾ ਬਣਨ ਦਾ ਸੁਭਾਗ ਪ੍ਰਾਪਤ ਹੋਇਆ। ਉਸ ਦਿਨ ਪੰਜ ਬੂਟੇ ਲਗਾਕੇ ਇਸ ਸਾਲ ਦੀ ਰੁੱਖ ਲਗਾਓ ਮੁਹਿੰਮ ਦਾ ਆਗਾਜ ਕੀਤਾ ਗਿਆ। ਇਸ ਮੌਕੇ ਡਾਕਟਰ ਰਣਜੀਤ ਸਿੰਘ ਰਾਇ ਤੋਂ ਇਲਾਵਾ ਡਾਕਟਰ ਪ੍ਰਸ਼ੋਤਮ ਜਿੰਦਲ,ਡਾਕਟਰ ਰੁਪਿੰਦਰ ਸਿੰਗਲਾ,ਮੌਜ ਸਿੰਘ ਗਿੱਲ,ਪਰਮਜੀਤ ਸਿੰਘ ਬੁਰਜ ਹਰੀ, ਜਸ਼ਨਦੀਪ ਸਮਰਾ ਵੀ ਹਾਜਿਰ ਸਨ।

ਹਰਬੰਸ ਬੁੱਟਰ

# ਜਿੰਦੇ ਨੀ ਤੇਰਾ ਮਾਲਕ, ਨੀਂ ਤੇਰਾ ਪਾਲਕ, ਸਦਾ ਵਸਦਾ ਏ ਤੇਰੇ ਕੋਲ਼ ਵਰਗੇ ਬੋਲ ਲਿਖਾਰੀਆਂ ਦੀ ਮਹਿਫਿਲ ਵਿੱਚ ਗੂੰਜਦੇ ਰਹੇ


ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਕ ਮੀਟਿੰਗ ਪਹਿਲੀ ਅਪ੍ਰੈਲ ਨੂੰ ਕੋਸੋ ਹਾਲ ਵਿੱਚ ਹੋਈ। ਫੋਰਮ ਦੇ ਪ੍ਰਧਾਨ ਜਸਵੀਰ ਸਿਹੋਤਾ ਨੇ ਹਾਜ਼ਰ ਮੈਂਬਰਾਂ ਨੂੰ ਜੀ ਆਇਆਂ ਕਹਿਣ ਉਪ੍ਰੰਤ ਅਪ੍ਰੈਲ ਮਹੀਨੇ ਦੇ ਵਿਸ਼ੇਸ਼ ਦਿਨਾਂ ਦਾ ਜ਼ਿਕਰ ਕੀਤਾ ਜਿਵੇਂ ਖਾਲਸਾ ਸਾਜਨਾ ਦਿਵਸ, ਜੱਲ੍ਹਿਆਂਵਾਲੇ ਬਾਗ ਦਾ ਖੂਨੀ ਸਾਕਾ ਤੇ ਧਰਤੀ ਦਿਵਸ। ਨਛੱਤਰ ਸਿੰਘ ਪੁਰਬਾ ਨੇ ਬ੍ਰਹਿਮੰਡ ਬਾਰੇ ਨਵੀਨਤਮ ਖੋਜਾਂ ਦਾ ਬਿਊਰਾ ਦਿੱਤਾ। ਉਹਨਾਂ ਦਾ ਵਿਚਾਰ ਸੀ ਕਿ ਗੁਰੂ ਨਾਨਕ ਦੇਵ ਜੀ ਨੇ ਸਮੇਂ ਦੀਆਂ ਕੁਰੀਤੀਆਂ ਖਿਲਾਫ ਸ਼ਬਦਾਂ ਦਾ ਯੁੱਧ ਲੜਿਆ। ਸੇਵਾ ਸਿੰਘ ਜੀ ਨੇ ਮਨਮੋਹਕ ਆਵਾਜ਼ ਵਿੱਚ ਸ਼ਬਦ ਗਾਇਨ ਕੀਤਾ। ਸਰਬਜੀਤ ਕੌਰ ਨੇ ਪੁਰਾਣਾ ਗੀਤ ਸੁਣਾ ਕੇ ਪੰਜਾਬੀ ਸੱਭਿਆਚਾਰ ਨੂੰ ਰੂਪਮਾਨ ਕੀਤਾ - ਗੱਡੇ ਉੱਤੇ ਆ ਗਿਆ ਸੰਦੂਕ ਮੁਟਿਆਰ ਦਾ। ਸਿੰਮੀ ਗੁਪਤਾ ਨੇ ਬੱਚਿਆਂ ਦੀ ਮਾਨਸਿਕਤਾ ਬਾਰੇ ਗੱਲ ਕੀਤੀ ਤੇ ਆਪਣੇ ਨਾਵਲਾਂ ਬਾਰੇ ਦੱਸਿਆ। ਜੋਗਾ ਸਿੰਘ ਸਹੋਤਾ ਨੇ ਸਾਜ਼ ਤੇ ਗੀਤ ਸੁਣਾ ਕੇ ਸਰੋਤਿਆ ਨੂੰ ਕੀਲ ਲਿਆ - ਮਾਲੀਆ ਨਵੀਆਂ ਕਲਮਾਂ ਲਾ, ਦੱਤ ਭਗਤ ਸਿੰਘ ਰਾਜਗੁਰੂ ਜਿਹੇ ਨਵੇਂ ਫੁੱਲ ਖਿੜਾ। , ਉਸ ਦਾ ਅਗਲਾ ਗੀਤ ਰੋਮਾਂਚਕਾਰੀ ਪਰ ਰੂਹਾਨੀ ਸੀ - ਜਿੰਦੇ ਨੀ ਤੇਰਾ ਮਾਲਕ, ਨੀਂ ਤੇਰਾ ਪਾਲਕ, ਸਦਾ ਵਸਦਾ ਏ ਤੇਰੇ ਕੋਲ਼। ਡਾ। ਮਨਮੋਹਨ ਬਾਠ ਨੇ ਰੋਮਾਂਚਿਕ ਗੀਤ ਦੀ ਪੇਸ਼ਕਾਰੀ ਰਾਹੀਂ ਸਭ ਨੂੰ ਮੰਤਰਮੁਗਧ ਕੀਤਾ- ਤੇਰੇ ਪਤਲੇ ਬੁੱਲ੍ਹਾਂ ਦੀਆਂ ਮੁਸਕੜੀਆਂ, ਕਲੀਆਂ ਵੀ ਤੱਕ ਸ਼ਰਮਾ ਗਈਆਂ। ਸ਼ਮਿੰਦਰ ਢਿੱਲੋਂ ਨੇ ਰਾਈਟਰਜ਼ ਫੋਰਮ ਦੇ ਪਿਛੋਕੜ ਬਾਰੇ ਜਾਣਕਾਰੀ ਦਿੱਤੀ। ਇਹ ਵੀ ਦੱਸਿਆ ਕਿ ਐਪ੍ਰਲ ਫੂਲ, ਮਦਰ ਡੇ, ਫਾਦਰ ਡੇ, ਵੈਲੈਨਟਾਈਨ ਡੇ ਵਗੈਰਾ ਪੱਛਮੀ ਸੱਭਿਅਤਾ ਦੀ ਦੇਣ ਹਨ ਪਰ ਮੌਜੂਦਾ ਖਪਤਕਾਰੀ ਨਿਜ਼ਾਮ ਇਨ੍ਹਾਂ ਦਿਨਾਂ ਨੂੰ ਖ਼ਰੀਦੋ-ਫ਼ਰੋਖ਼ਤ ਨਾਲ ਜੋੜ ਕੇ ਮੁਨਾਫ਼ੇ ਹਿਤ ਵਰਤ ਰਿਹਾ ਹੈ। ਗੁਰਦੀਸ਼ ਕੌਰ ਗਰੇਵਾਲ ਨੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਬਹੁਤ ਹੀ ਖ਼ੂਬਸੂਰਤ ਗੀਤ ਪੇਸ਼ ਕੀਤਾ- ਉਸ ਪੰਥ ਸਜਾਇਆ ਏ, ਤੇਗਾਂ ਦੀਆਂ ਧਾਰਾਂ ਤੇ। ਪਰਮਜੀਤ ਪੈਰੀ ਮਾਹਲ ਨੇ ਕ੍ਰੋਧ, ਮੋਹ, ਹੰਕਾਰ ਜਿਹੇ ਔਗੁਣਾਂ ਤੋਂ ਬਚਣ ਦੀ ਚੇਤਾਵਨੀ ਆਪਣੇ ਬੋਲਾਂ ਰਾਹੀ ਸਾਂਝੀ ਕੀਤੀ। ਉਸ ਨੇ ਅਮਰਜੀਤ ਸਿੰਘ ਸੰਧੂ ਦੀ ਲਿਖੀ ਕਵਿਤਾ ਪੜ੍ਹੀ - ਬਾਪੂ ਤੇਰੀ ਮਿਹਨਤ ਅੱਗੇ ਸਿਰ ਮੇਰਾ ਝੁਕ ਜਾਂਦਾ ਏ। ਜਗਦੇਵ ਸਿੱਧੂ ਨੇ ਪੇਸ਼ਕਾਰੀਆਂ ਦੀ ਸਿਫ਼ਤ ਕੀਤੀ, ਧਰਮ, ਵਿਗਿਆਨ ਅਤੇ ਬ੍ਰਹਿਮੰਡ ਦੀ ਅਜੀਬ ਸੁਮੇਲਤਾ ਬਾਰੇ ਤਰਕਸੰਗਤ ਵਿਆਖਿਆ ਕੀਤੀ। ਗਰਦੀਪ ਚੀਮਾ ਅਤੇ ਹੋਰ ਮੈਂਬਰਾਂ ਨੇ ਵਿਚਾਰ ਚਰਚਾ ਵਿੱਚ ਗੁਣਾਤਮਿਕ ਹਿਸਾ ਲਿਆ।



# ਮਿਲਵੁਡਜ ਕਲਚਰਲ ਸਸਾਇਟੀ ਆਫ ਰਿਟਾਇਰਡ ਐਂਡ ਸੈਮੀ ਰਿਟਾਇਰਡ ਐਡਮਿੰਟਨ ਵੱਲੋਂ ਆਪਣਾ ਸਥਾਪਨਾ ਦਿਵਸ ਮਨਾਇਆ




ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਮਿਲਵੁਡਜ ਕਲਚਰਲ ਸੁਸਾਇਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸੁਸਾਇਟੀ ਦਾ 40 ਵਾ ਫਾਊਂਡਿਗ ਦਿਵਸ 23 ਮਾਰਚ 2023 ਨੂੰ ਸੁਸਾਇਟੀ ਦੀ ਬਿਲਡਿੰਗ ਵਿੱਚ ਬੜੇ ਧੂਮ ਧਾਮ ਨਾਲ ਮਨਾਇਆ ਗਿਆ । ਸਾਰਿਆਂ ਤੋਂ ਪਹਿਲਾਂ ਓ ਕੈਨੇਡਾ ਨੈਸ਼ਨਲ ਐਂਥਮ ਨਾਲ ਪੋਗ੍ਰਾਮ ਦੀ ਸ਼ੁਰੂਆਤ ਕੀਤੀ ਗਈ। ਉਸ ਤੋ ਉਪਰੰਤ ਸੁਸਾਇਟੀ ਦੇ ਮੈਂਬਰ ਜਿਹੜੇ ਵਿਛੜ ਗਏ ਹਨ, ਉਨ੍ਹਾਂ ਦੀ ਯਾਦ ਵਿੱਚ ਦੋ ਮਿੰਟ ਲਈ ਸ਼ਰਧਾਂਜਲੀ ਭੇਟ ਕੀਤੀ ਗਈ। ਸੁਸਾਇਟੀ ਦੇ ਪ੍ਰਧਾਨ ਸੁਦਾਗਰ ਸਿੰਘ ਹੋਰਾਂ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ । ਮੁੱਖ ਮਹਿਮਾਨ ਸ੍ਰ ਬਲਦੇਵ ਸਿੰਘ ਪਰਮਾਰ ਹੋਰਾਂ ਦਾ ਤਾਲੀਆਂ ਮਾਰਕੇ ਸੁਆਗਤ ਕੀਤਾ ਗਿਆ ਜੋ ਕਿ ਇਸ ਵੇਲੇ 97 ਸਾਲ ਦੇ ਹੋ ਚੁੱਕੇ ਹਨ । ਓਨਾ ਦੀਆਂ ਸੁਸਾਇਟੀ ਪਤ੍ਰੀ ਅਤੇ ਵੱਖ ਵੱਖ ਲਾਈਫ ਮੈਂਬਰਾਂ ਦੀਆ ਸੇਵਾਵਾਂ ਲਈ ਜਿੰਨਾ ਵਿੱਚ ਸ੍ਰ ਮਲਕੀਅਤ ਸਿੰਘ ਪਨੇਸਰ, ਚਰਨਜੀਤ ਖੰਨਾ, ਮਲਕੀਅਤ ਸਿੰਘ ਮਾਨ,ਗੁਰਚਰਨ ਸਿੰਘ ਬਖਸ਼ੀ, ਅਤੇ ਹਰਜੰਟ ਸਿੰਘ ਮਾਨ ਹੋਰਾਂ ਨੂੰ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ। ਐਡਮੰਟਨ ਸ਼ਹਿਰ ਦੇ ਮੇਅਰ ਸ੍ਰ ਅਮਰਜੀਤ ਸੋਹੀ ਅਤੇ ਐਮ ਐਲ ਏ ਜਸਵੀਰ ਸਿੰਘ ਦਿਓਲ, ਦੋ ਕੌਂਸਲਰ ਵੀ ਵਿਸ਼ੇਸ਼ ਤੌਰ ਉੱਤੇ ਪਹੁੰਚੇ ਹੋਏ ਸਨ। ਵੱਖ ਵੱਖ ਬੁਲਾਰਿਆਂ ਵੱਲੋਂ ਭਾਸ਼ਨ ਦਿੱਤੇ ਗਏ ਜਿਨ੍ਹਾਂ ਵਿੱਚ ਸੀਤਲ ਸਿੰਘ ਨਨੂੰਆ,ਕੁਲਮੀਤ ਸਿੰਘ ਸੰਘਾ, ਸਾਬਕਾ ਪਧ੍ਰਾਨ ਜਗਜੀਤ ਸਿੰਘ ਸਿੱਧੂ, ਲਾਡੀ ਸੂਸ,ਹਰਮਿੰਦਰ ਸਿੰਘ ਬਰਾੜ, ਜਰਨੈਲ ਕੌਰ ਧਾਲੀਵਾਲ, ਜਰਨੈਲ ਸਿੰਘ ਬਸੋਤਾ, ਰੂਬੀ ਤੁਰ ਦੇ ਨਾਂ ਸਾਮਿਲ ਹਨ। ਗੀਤ ਸੰਗੀਤ ਦਾ ਪ੍ਰੋਗਰਾਮ ਵੀ ਹੋਇਆ। ਅੱਜ ਦੇ ਇਸ ਦਿਹਾੜੇ ਉੱਤੇ ਸ਼ਹੀਦ ਭਗਤ ਸਿੰਘ,ਸੁਖਦੇਵ ਅਤੇ ਰਾਜਗੁਰੂ ਹੋਰਾਂ ਦੀਆਂ ਕਰਬਾਨੀਆ ਨੂੰ ਵੀ ਯਾਦ ਕੀਤਾ ਗਿਆ ਅਤੇ ਸ਼ਰਧਾਂਜਲੀ ਭੇਟ ਕੀਤੀ ਗਈ। ਕੇਕ ਕੱਟਣ ਤੋਂ ਬਾਅਦ ਅੰਤ ਵਿੱਚ ਸ੍ਰ ਬਲਵੀਰ ਸਿੰਘ ਕੁਲਾਰ ਸਾਬਕਾ ਪ੍ਰਧਾਨ ਹੋਰਾਂ ਨੇ ਸੁਸਾਇਟੀ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ, ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।




















HMP CUSTOM CABINETS
SPECIALIST IN
CUSTOM KITCHEN,
BARS, WASHROOM VANITY,
CLOSET & ALL
COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

# ਕੈਲਗਰੀ ਨਾਰਥ ਈਸਟ ਤੋਂ ਇੰਦਰ ਗਰੇਵਾਲ ਨੌਮੀਨੇਸ਼ਨ ਚੋਣ ਜਿੱਤ ਗਏ ਹਨ

## ਕੈਲਗਰੀ ਭੁੱਲਰ ਮੈਕਾਲ ਤੋਂ ਅਮਨਪ੍ਰੀਤ ਸਿੰਘ ਗਿੱਲ ਅਤੇ ਇਰਫਾਨ ਸਾਬਿਰ ਵਿਚਾਲੇ ਮੁਕਾਬਲਾ ਰਹੇਗਾ










ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 1 ਅਪਰੈਲ 2023 ਨੂੰ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਦੀ ਹਲਕਾ ਕੈਲਗਰੀ ਨਾਰਥ ਈਸਟ ਦੀ ਨੌਮੀਨੇਸ਼ਨ ਚੋਣ ਦੌਰਾਨ ਇੰਦਰ ਗਰੇਵਾਲ ਬਾਜ਼ੀ ਮਾਰ ਗਿਆ। ਦੋ ਉਮੀਦਵਾਰਾਂ ਹਰਜੀਤ ਸਿੰਘ ਸਰੋਆ ਅਤੇ ਇੰਦਰ ਗਰੇਵਾਲ ਵਿਚਕਾਰ ਬਹੁਤ ਹੀ ਸਖਤ ਮੁਕਾਬਲਾ ਸੀ ਕਿਉਂਕਿ ਦੋਵਾਂ ਦਾ ਸਬੰਧ ਹੀ ਪੰਜਾਬੀ ਭਾਈਚਾਰੇ ਨਾਲ ਸੀ । ਇੰਦਰ ਗਰੇਵਾਲ ਕਿਸਾਨ ਅੰਦੋਲਨ ਦੌਰਾਨ ਅੰਦੋਲਨ ਦੇ ਹੱਕ ਵਿੱਚ 8 ਅਗਸਤ 2021 ਨੂੰ ਕੈਲਗਰੀ ਵਿੱਚ ਕੱਢੀ ਗਈ ਪਹਿਲੀ ਕਾਰ ਰੈਲੀ ਦੌਰਾਨ ਉੱਭਰ ਕੇ ਸਾਹਮਣੇ ਆਇਆ ਸੀ ਜਦੋਂ ਕਿ ਉਸਦੇ ਵਿਰੋਧੀ ਉਮੀਦਵਾਰ ਹਰਜੀਤ ਸਿੰਘ ਸਰੋਆ ਨੇ ਕੈਲਗਰੀ ਦੇ ਗੁਰੂਘਰ ਦੇ ਪਰਬੰਧਕੀ ਕਾਰਜਾਂ ਵਿੱਚ ਬੀਤੇ ਕਈ ਸਾਲਾਂ ਤੋਂ ਸੇਵਾ ਨਿਭਾਈ ਹੈ। ਪੰਜਾਬੀ ਅਖ਼ਬਾਰ ਨਾਲ ਗੱਲਬਾਤ ਦੌਰਾਨ ਜੇਤੂ ਰਹੇ ਇੰਦਰ ਗਰੇਵਾਲ ਨੇ ਹਲਕਾ ਕੈਲਗਰੀ ਦੇ ਸਮੂਹ ਵੋਟਰਾਂ ਦਾ ਧੰਨਵਾਦ ਕਰਦਿਆਂ ਭਵਿੱਖ ਵਿੱਚ ਆਉਣ ਵਾਲੀਆਂ ਸੂਬਾਈ ਚੋਣਾਂ ਲਈ ਵੋਟਰਾਂ ਕੋਲੋਂ ਸਹਿਯੋਗ ਦੀ ਮੰਗ ਕੀਤੀ ਹੈ। ਇਸ ਹਲਕੇ ਵਿੱਚ ਐਨ ਡੀ ਪੀ ਤੋਂ ਗੁਰਿੰਦਰ ਬਰਾੜ ਵੀ ਪੰਜਾਬੀ ਮੂਲ ਦਾ ਹੀ ਹੋਣ ਕਾਰਣ ਮਈ ਮਹੀਨੇ ਵੀ ਦੋਵੇਂ ਪੰਜਾਬੀ ਉਮੀਂਦਵਾਰ ਹੀ ਆਪਣੀ ਜ਼ੋਰ ਅਜਮਾਈ ਕਰਨਗੇ । ਕੈਲਗਰੀ ਭੁੱਲਰ -ਮੈਕਾਲ ਹਲਕੇ ਤੋਂ ਦਸਮੇਸ ਕਲਚਰਲ ਸੈਂਟਰ ਕੈਲਗਰੀ ਗੁਰੂਘਰ ਦੇ ਸਾਬਕਾ ਪ੍ਰਧਾਨ ਸ: ਅਮਨਪ੍ਰੀਤ ਸਿੰਘ ਗਿੱਲ ਵੀ ਨੌਮੀਨੇਸ਼ਨ ਜਿਤਕੇ ਹੁਣ ਚੋਣ ਮੈਦਾਨ ਵਿੱਚ ਆ ਗਏ ਹਨ। ਉਹਨਾਂ ਦਾ ਮੁਕਾਬਲਾ ਐਨ ਡੀ ਪੀ ਦੀ ਸਰਕਾਰ ਵਿੱਚ ਮੰਤਰੀ ਅਤੇ ਹੁਣ ਵੀ ਮੌਜੂਦਾ ਸਰਕਾਰ ਵਿੱਚ ਐਮ ਐਲ ਏ ਇਰਫਾਨ ਸਾਬਿਰ ਨਾਲ ਹੋਵੇਗਾ।

SSSS IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY
FOR STUDENTS
& POST GRADUATE
WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

# ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸੁੰਦਰ ਲਿਖਾਈ ਲੰਮੇ ਕੇਸ ਅਤੇ ਦਸਤਾਰ ਮੁਕਾਬਲੇ ਕਰਵਾਏ ਗਏ





ਰਾਇਕੋਟ (ਪੰਜਾਬੀ ਅਖ਼ਬਾਰ ਬਿਊਰੋ) ਪਿੰਡ ਭੈਣੀ ਬੜਿੰਗਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਪਬਲਿਕ ਲਾਇਬ੍ਰੇਰੀ ਵਿਖੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਉੱਘੇ ਸਮਾਜਸੇਵੀ ਪਿਰਤਪਾਲ ਸਿੰਘ(ਪਾਲ ਸੇਖੋਂ) ਕੈਲਗਰੀ ਕੈਨੇਡਾ, ਨਗਰ ਪੰਚਾਇਤ, ਨਗਰ ਨਿਵਾਸੀਆਂ ਅਤੇ ਨੌਜਵਾਨ ਵੀਰਾਂ ਦੇ ਸਹਿਯੋਗ ਨਾਲ ਬੱਚਿਆਂ ਦੇ ਪਿੰਡ ਪੱਧਰੀ ਮੁਕਾਬਲੇ ਕਰਵਾਏ ਗਏ । ਜਿਸ ਵਿੱਚ ਸੁੰਦਰ ਲਿਖਾਈ, ਲੰਮੇ ਕੇਸ ਅਤੇ ਦਸਤਾਰ ਮੁਕਾਬਲੇ ਹੋਏ,ਇਹਨਾਂ ਮੁਕਾਬਲਿਆਂ ਵਿੱਚ 116 ਬੱਚਿਆਂ ਨੇ ਹਿੱਸਾ ਲਿਆ। ਸੁੰਦਰ ਲਿਖਾਈ ਮੁਕਾਬਲੇ ਵਿੱਚ ਗਰੁੱਪ ਪਹਿਲੇ ਚ ਹੁਸਨਪ੍ਰੀਤ ਕੌਰ ਕਲਾਸ ਸੱਤਵੀਂ ਅਤੇ ਗਰੁੱਪ ਦੂਜੇ ਵਿੱਚ ਸਿਮਰਨਜੀਤ ਕੌਰ ਕਲਾਸ ਬਾਰਵੀਂ ਪਹਿਲੇ ਸਥਾਨ ਤੇ ਰਹੀਆਂ।ਇਸ ਤਰ੍ਹਾਂ ਹੀ ਦਸਤਾਰ ਮੁਕਾਬਲੇ ਵਿੱਚ ਗਰੁੱਪ ਪਹਿਲੇ ਚ ਗੁਰਕੀਰਤ ਸਿੰਘ ਕਲਾਸ ਅੱਠਵੀਂ ਅਤੇ ਗਰੁੱਪ ਦੂਜੇ ਮਨਜੋਤ ਸਿੰਘ ਕਲਾਸ ਨੌਵੀਂ ਪਹਿਲੇ ਸਥਾਨ ਤੇ ਰਹੇ ਇਸ ਤਰ੍ਹਾਂ ਹੀ ਲੜਕਿਆਂ ਦੇ ਲੰਮੇ ਕੇਸ ਮੁਕਾਬਲਿਆਂ ਵਿੱਚ ਗਰੁੱਪ ਪਹਿਲੇ ਚ ਪ੍ਰਭਵੀਰ ਸਿੰਘ ਕਲਾਸ ਅੱਠਵੀਂ ਅਤੇ ਗਰੁੱਪ ਦੂਜੇ ਚ ਕਰਨਵੀਰ ਸਿੰਘ +2 ਪਹਿਲੇ ਸਥਾਨ ਤੇ ਰਹੇ, ਇਸ ਤਰ੍ਹਾਂ ਹੀ ਲੜਕੀਆਂ ਦੇ ਲੰਮੇ ਕੇਸ ਮੁਕਾਬਲਿਆਂ ਵਿੱਚ ਗਰੁੱਪ ਪਹਿਲੇ ਚ ਇੰਦਰਪ੍ਰੀਤ ਕੌਰ ਕਲਾਸ ਛੇਵੀਂ ਅਤੇ ਗਰੁੱਪ ਦੂਜੇ ਚ ਜਸਮੀਨ ਕੌਰ +2 ਪਹਿਲੇ ਸਥਾਨ ਤੇ ਰਹੀਆਂ । ਇਹਨਾਂ ਮੁਕਾਬਲਿਆਂ ਵਿੱਚ ਸਾਰੇ ਬੱਚਿਆਂ ਨੂੰ ਮੈਡਲ ਅਤੇ ਪਹਿਲਾ ਦੂਸਰਾ ਅਤੇ ਤੀਸਰਾ ਸਥਾਨ ਹਾਸਿਲ ਕਰਨ ਵਾਲਿਆਂ ਨੂੰ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਇਹਨਾਂ ਮੁਕਾਬਲਿਆਂ ਨੂੰ ਨੇਪਰੇ ਚਾੜ੍ਹਨ ਲਈ ਪ੍ਰਬੰਧਕਾਂ ਨੇ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਟਾਨਿ ਕੋਟਿ ਸ਼ੁਕਰਾਨਾ ਕੀਤਾ ਓਥੇ ਹੀ ਉਹਨਾਂ ਸਾਰੇ ਬੱਚਿਆਂ ਦੇ ਮਾਪਿਆਂ , ਨਗਰ ਨਿਵਾਸੀ ਸੰਗਤਾਂ ਅਤੇ ਉਹਨਾ ਸਾਰੇ ਸੇਵਾਦਾਰ ਅਤੇ ਸਹਿਯੋਗੀ ਵੀਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਦਿਲ ਦੀਆਂ ਗਹਿਰਾਈਆਂ ਤੋਂ ਤਨੋ, ਮਨੋ,ਧਨੋ ਕਰਕੇ ਆਪਣੀਆਂ ਸੇਵਾਵਾਂ ਨਿਭਾਈਆਂ । ਇਸ ਮੌਕੇ ਪਿਰਤਪਾਲ ਸਿੰਘ (ਪਾਲ ਸੇਖੋਂ) ਕੈਲਗਰੀ ਕੈਨੇਡਾ, ਸਰਪੰਚ ਗੁਰਸੇਵਕ ਸਿੰਘ,ਡਾ:ਜਸਵੰਤ ਸਿੰਘ, ਚਮਕੌਰ ਸਿੰਘ ਭੋਲਾ, ਢਾਡੀ ਹਰਦੇਵ ਸਿੰਘ, ਕ੍ਰਿਸ਼ਨ ਪੰਡਤ ਜੀ, ਢਾਡੀ ਨਾਥ ਸਿੰਘ ਹਮੀਦੀ, ਕਵੀਸ਼ਰ ਮਨਜੀਤ ਸਿੰਘ ਬੁਟਾਹਰੀ, ਮਾਸਟਰ ਗੁਰਮੇਲ ਸਿੰਘ ਬਿੱਟੂ, ਦਸਤਾਰ ਕੋਚ ਸੁਖਚੈਨ ਸਿੰਘ, ਕਿਰਨਦੀਪ ਸਿੰਘ ਖਾਲਸਾ, ਕਰਮ ਸਿੰਘ,ਧਰਮ ਸਿੰਘ, ਇਕਬਾਲ ਸਿੰਘ, ਪਰਮਿੰਦਰ ਸਿੰਘ, ਜਸਵੰਤ ਸਿੰਘ, ਮਲਕੀਤ ਸਿੰਘ, ਭਾਈ ਗੁਰਦਿੱਤ ਸਿੰਘ, ਭਾਈ ਗੋਬਿੰਦ ਸਿੰਘ, ਬਾਬਾ ਸ਼ੇਰ ਸਿੰਘ ਜੀ, ਗਿਆਨੀ ਕੁਲਵਿੰਦਰ ਸਿੰਘ ਜੀ , ਮਲਕੀਤ ਸਿੰਘ, ਸਤਨਾਮ ਸਿੰਘ ਆਦਿ ਹਾਜ਼ਰ ਸਨ।

Punjab MONEY EXCHANGE
Pick Up & Delivery
NO EXTRA CHARGES
Contact for Sending & Receiving
MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166

Trips Booker TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA,
MIDDLE EAST, MAXICO,CUBA,
SOUTH AMERICA, CHINA,
PHILIPPINES, INDIA, PAKISTAN
We Deals in:
• Airline Tickets
• Tour Packages
• Cruises
• Travel Insurance
• Super Visa Medical Insurance (Monthly Payment Plans)
ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• ਏਅਰਲਾਈਨਜ਼ ਟਿਕਟ
• ਟੂਰ ਪੈਕੇਜ
• ਕਰੂਜ਼
• ਟਰੈਵਲ ਇੰਸ਼ੋਰੈਂਸ
• ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ (ਮੰਥਲੀ ਪੇਮੈਂਟ ਪਲੈਨਜ਼)
3650 Westwinds Drive NE,
Suite #105, Calgary AB T3J 0W9
E-mail:reservation@Tripsbooker.ca www.Tripsbooker.ca
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

ਤੁਹਾਡੀ ਤਸੱਲੀ ਦੀ ਸਾਡੀ ਗਾਰੰਟੀ ਐ
ਸਾਥੋਂ ਖਰੀਦੇ ਘਰ ਦਾ ਇੱਕ ਸਾਲ ਦੇ ਅੰਦਰ ਕੋਈ ਵੀ ਅਪਲਾਈਂਸ ਜਾਂ ਹੀਟ ਸਿਸਟਮ ਖਰਾਬ ਹੋ ਜਾਵੇ ਅਸੀਂ ਰਿਪੇਅਰ ਕਰਕੇ ਦੇਵਾਂਗੇ।*
ਜੇਕਰ ਤੁਹਾਡਾ ਘਰ 88 ਦਿਨ ਵਿੱਚ ਨਾ ਵਿਕਿਆ ਤਾਂ ਅਸੀਂ ਉਸ ਤੋਂ ਬਾਦ ਬਿਨਾ ਕਿਸੇ ਫੀਸ ਦੇ ਵੇਚਾਂਗੇ **
COLDWELL BANKER MOUNTAIN CENTRAL
ANDY BHALLA
Real Estate Agent
Residential, Commercial, Property Management and Rural
18 Months Satisfaction Guarantee with Every Purchase
Your Home Sold Guaranteed in 88 days or I will sell it for Free !!**
Satisfaction Guaranteed-
One year warranty
on any home purchase with us
andybhalla@coldwellbanker.ca
www.homelistingscalgary.com
6420 6A ST SE Calgary AB T2H2B7
403-899-7171

STANCE PHYSIO
CHIRO & MASSAGE
Psychological/Mental Health Counselling Available
ਫ਼ਿਜੀਓਥੈਰੇਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕੋਲੌਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
ਅਸੀਂ ਪੰਜਾਬੀ, ਹਿੰਦੀ,ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
• Massage Therapy, Acupuncture/Dry Needling
• Manual Therapy Exercise Prescription
• Pain management post injury, arthritis, sprain/strain etc.
• Post MVA (Motor Vehicle Accident) recovery I WCB 1 PVT Insurance.
• Postural Correction & management.
• Neuro Muscular dysfunction
• Post Stroke Rehabilitation
• Pelvic Floor dysfunction
• Temporomandibular Joint (TMJ)
www.stancephysio.com
Ph: +1(825)513-0151 Address: 470, 10980 38St NE AB Calgary

A-Class Auto Body Ltd. Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobady.ca

# ਫੈਡਰਲ ਸਰਕਾਰ ਦਾ ਗਰੋਸਰੀ ਰਿਬੇਟ ਪ੍ਰੋਗਰਾਮ ਕੈਨੇਡਾ ਵਾਸੀਆਂ ਨੂੰ ਮਹਿੰਗਾਈ ਦੀ ਮਾਰ ਤੋਂ ਰਾਹਤ ਦੇਵੇਗਾ - ਸ਼ੌਨ ਫਰੇਜ਼ਰ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿਚ ਲਗਾਤਾਰ ਵਧ ਰਹੀ ਮਹਿੰਗਾਈ ਤੋਂ ਪ੍ਰੇਸ਼ਾਨ ਪਰਿਵਾਰਾਂ ਨੂੰ ਕੁੱਝ ਰਾਹਤ ਦੇਣ ਲਈ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਵੱਲੋਂ ਪੇਸ਼ ਕੀਤੇ ਗਏ ਬਜਟ ਵਿੱਚ ਗ਼ਰੌਸਰੀ ਰਿਬੇਟ ਪ੍ਰੋਗਰਾਮ ਦਾ ਐਲਾਨ ਕੀਤਾ ਗਿਆ ਸੀ ਜਿਸ ਸਬੰਧੀ ਹੁਣ ਪ੍ਰਧਾਨ ਮੰਤਰੀ ਸਮੇਤ ਵੱਖ-ਵੱਖ ਮੰਤਰੀਆਂ ਵੱਲੋਂ ਵੀ ਦੇਸ਼ ਭਰ ਵਿੱਚ ਜਾ ਕੇ ਇਸ ਪ੍ਰੋਗਰਾਮ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।ਇਮੀਗ੍ਰੇਸ਼ਨ ਮੰਤਰੀ ਸ਼ੌਨ ਫਰੇਜ਼ਰ ਅਤੇ ਕੈਲਗਰੀ ਸਕਾਈਵਿਊ ਤੋਂ ਮੈਂਬਰ ਪਾਰਲੀਮੈਂਟ ਜੌਰਜ ਚਾਹਲ ਵੱਲੋਂ ਕੈਲਗਰੀ ਨੌਰਥ-ਈਸਟ ਦੇ ਸਕਾਈ ਵਿਊ ਇਲਾਕੇ 'ਚ ਸਥਿੱਤ ਫਰੂਟੀਕਾਨਾ ਗਰੋਸਰੀ ਸਟੋਰ ਉਪਰ ਇਸ ਪ੍ਰੋਗਰਾਮ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।ਇਸ ਪ੍ਰੋਗਰਾਮ ਤਹਿਤ 2 ਬੱਚਿਆਂ ਵਾਲੇ ਪਰਿਵਾਰ ਨੂੰ 467 ਡਾਲਰ ਤੱਕ,ਸਿੰਗਲ ਵਿਅਕਤੀ ਜਾਂ ਔਰਤ ਲਈ 234 ਡਾਲਰ ਅਤੇ ਬਜੁਰਗਾਂ ਲਈ 225 ਡਾਲਰ ਤੱਕ ਦੀ ਗਰੌਸਰੀ ਰਿਬੇਟ ਮਿਲ ਸਕੇਗੀ। ਫਰੂਟੀਕਾਨਾ ਸਟੋਰ ਦੇ ਮਾਲਕ ਸ: ਬਲਜਿੰਦਰ ਸਿੰਘ ਖਾਲਸਾ, ਸਰਦਾਰਨੀ ਜਗਦੀਪ ਕੌਰ ਖਾਲਸਾ ਅਤੇ ਸਮੂਹ ਸਟਾਫ ਨੇ ਇਮੀਗ੍ਰੇਸ਼ਨ ਮੰਤਰੀ ਸ਼ੌਨ ਫਰੇਜ਼ਰ ਅਤੇ ਕੈਲਗਰੀ ਸਕਾਈਵਿਊ ਤੋਂ ਮੈਂਬਰ ਪਾਰਲੀਮੈਂਟ ਜੌਰਜ ਚਾਹਲ ਨੂੰ ਸਟੋਰ ਵਿੱਚ ਮੌਜੂਦ ਗਰੌਸਰੀ ਬਾਰੇ ਜਾਣਕਾਰੀ ਮੁਹੱਈਆ ਕਰਵਾਈ।

# ਮਨਦੀਪ ਖੁਰਮੀ ਹਿੰਮਤਪੁਰਾ ਦਾ ਗੀਤ “ਮੈਂ ਪੰਜਾਬ” ਸੰਗੀਤ ਜਗਤ ਦੀ ਝੋਲੀ ਪਾਉਣ ਹਿਤ ਸਮਾਗਮ ਹੋਇਆ





ਗਲਾਸਗੋ (ਪੰਜਾਬੀ ਅਖ਼ਬਾਰ ਬਿਊਰੋ) ਗੁਰੂ ਨਾਨਕ ਸਿੱਖ ਗੁਰਦੁਆਰਾ ਗਲਾਸਗੋ ਦੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਹਾਲ ਵਿੱਚ ਵਿਸ਼ੇਸ਼ ਇਕੱਤਰਤਾ ਹੋਈ ਜਿਸ ਦੌਰਾਨ ਮਨਦੀਪ ਖੁਰਮੀ ਹਿੰਮਤਪੁਰਾ ਦੇ ਗੀਤ ‘ਮੈਂ ਪੰਜਾਬ’ ਨੂੰ ਸੰਗੀਤ ਜਗਤ ਦੀ ਝੋਲੀ ਪਾਇਆ ਗਿਆ। ਪੰਜਾਬ ਦੇ ਮੌਜੂਦਾ ਕਰੂਰ ਹਾਲਾਤਾਂ ਤੇ ਹਰ ਵਕਤ ਮੂੰਹ ਅੱਡੀ ਖੜ੍ਹੀਆਂ ਸਮੱਸਿਆਵਾਂ ਦਾ ਵਰਣਨ ਕਰਦਾ ਇਹ ਗੀਤ ਪੰਜਾਬ ਵੱਲੋਂ ਪਾਈ ਦੁਹਾਈ ਦਾ ਪ੍ਰਤੀਕ ਹੈ। ਇਸ ਸਮਾਗਮ ਦੌਰਾਨ ਐਸੋਸੀਏਸ਼ਨ ਆਫ ਇੰਡੀਅਨ ਆਰਗੇਨਾਈਜਸਨਜ (ਏ ਆਈ –) ਦੇ ਮੀਤ ਪ੍ਰਧਾਨ ਸੋਹਣ ਸਿੰਘ ਰੰਧਾਵਾ, ਗੁਰੂ ਨਾਨਕ ਸਿੱਖ ਗੁਰਦੁਆਰਾ ਗਲਾਸਗੋ ਦੇ ਮੀਤ ਪ੍ਰਧਾਨ ਜਸਵੀਰ ਸਿੰਘ ਬਮਰਾਹ, ਕਾਰੋਬਾਰੀ ਜਿੰਦਰ ਸਿੰਘ ਚਾਹਲ, ਉੱਘੇ ਖੇਡ ਪ੍ਰੋਮੋਟਰ ਤੇ ਸਮਾਜਸੇਵੀ ਦਲਜਿੰਦਰ ਸਿੰਘ ਸਮਰਾ, ਇਕਬਾਲ ਸਿੰਘ ਕਲੇਰ, ਮਨਜੀਤ ਸਿੰਘ ਗਿੱਲ, ਰਣਜੀਤ ਸਿੰਘ ਸੰਘਾ, –ਕਾਰ ਸਿੰਘ ਜੰਡੂ, ਕੁਲਵੰਤ ਸਿੰਘ ਲੋਟਾ, ਮਾਤਾ ਧਰਤਿ ਮੁਹਿੰਮ ਦੇ ਆਗੂ ਲਾਭ ਗਿੱਲ ਦੋਦਾ, ਪਰਮਿੰਦਰ ਬਮਰਾਹ ਧੱਲੇਕੇ, ਗਿਆਨੀ ਸ਼ਮਸ਼ੇਰ ਸਿੰਘ, ਸਤਨਾਮ ਸਿੰਘ ਸੌਂਦ, ਅਵਤਾਰ ਸਿੰਘ ਹੁੰਝਣ, ਗੁਰਬਖਸ਼ ਸਿੰਘ ਸੱਗੂ, ਰਿੱਕੀ, ਵਰਿੰਦਰ ਖੁਰਮੀ ਆਦਿ ਵੱਲੋਂ ਗੀਤ ਨੂੰ ਲੋਕ ਅਰਪਣ ਕਰਨ ਦੀ ਰਸਮ ਅਦਾ ਕੀਤੀ ਗਈ। ਇਸ ਸਮੇਂ ਸੋਹਣ ਸਿੰਘ ਰੰਧਾਵਾ, ਜਿੰਦਰ ਸਿੰਘ ਚਾਹਲ, ਪਰਮਿੰਦਰ ਬਮਰਾਹ ਧੱਲੇਕੇ, ਇਕਬਾਲ ਸਿੰਘ ਕਲੇਰ ਅਤੇ ਗਿਆਨੀ ਸ਼ਮਸ਼ੇਰ ਸਿੰਘ ਨੇ ਬੋਲਦਿਆਂ ਮਨਦੀਪ ਖੁਰਮੀ ਹਿੰਮਤਪੁਰਾ ਨੂੰ ਹਾਰਦਿਕ ਵਧਾਈ ਪੇਸ਼ ਕੀਤੀ। ਬੁਲਾਰਿਆਂ ਨੇ ਕਿਹਾ ਕਿ ਮਨਦੀਪ ਖੁਰਮੀ ਹਿੰਮਤਪੁਰਾ ਨੇ ਪੰਜਾਬ ਦੇ ਮੂੰਹੋਂ ਉਸਦੇ ਦੁੱਖ ਬਿਆਨ ਕਰਵਾਉਂਦਾ ਗੀਤ ‘ਮੈਂ ਪੰਜਾਬ’ ਗਾ ਕੇ ਬਹੁਤ ਵੱਡਾ ਉਪਰਾਲਾ ਕੀਤਾ ਹੈ। ਉਹਨਾਂ ਕਿਹਾ ਕਿ ਅਜਿਹੇ ਗੀਤ ਸਮੇਂ ਦੀ ਲੋੜ ਹਨ। ਉਹਨਾਂ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਅਜਿਹੇ ਉਸਾਰੂ ਅਤੇ ਸਮਾਜਿਕ ਸ਼ਬਦਾਵਲੀ ਵਾਲੇ ਗੀਤਾਂ ਨੂੰ ਪਰਿਵਾਰਾਂ ਵਿੱਚ ਬੈਠ ਕੇ ਸੁਣਨ।
























## ਸੰਪਾਦਕੀ



**ਅਧਿਕਾਰ ਮਿਲਣਾ ਚੰਗੀ ਗੱਲ ਹੈ ਪਰ ਇਹ ਜ਼ਰੂਰੀ ਹੈ ਕਿ ਅਧਿਕਾਰਾਂ ਦੀ ਦੁਰਵਰਤੋਂ ਨਾ ਕੀਤੀ ਜਾਵੇ।**

# ਖੇਤੀ ਤੇ ਜੋਖ਼ਮ

ਖੇਤੀਬਾੜੀ ਸਭ ਤੋਂ ਜੋਖ਼ਮ ਭਰਿਆ ਕਾਰੋਬਾਰ ਹੈ। ਇਹੀ ਕਾਰਨ ਹੈ ਕਿ ਫ਼ਸਲ ਬੀਜਣ ਤੋਂ ਲੈ ਕੇ ਕੱਟਣ ਤੱਕ ਕਿਸਾਨ ਨੂੰ ਅਣਗਿਣਤ ਚੁਨੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।ਇਸ ਦੀ ਤਾਜ਼ਾ ਉਦਾਹਰਨ ਪੰਜਾਬ ਵਿੱਚ ਕਿਸਾਨਾਂ ਦੀ ਤਰਸਯੋਗ ਹਾਲਤ ਹੈ। ਮੀਂਹ ਤੇ ਗੜੇਮਾਰ ਨੇ ਇਸ ਵਾਰ ਪੰਜਾਬ ਦੇ ਕਿਸਾਨਾਂ ਦੀ ਪੁੱਤਾਂ ਵਾਂਗ ਪਾਲ਼ੀ ਫ਼ਸਲ ਨੂੰ ਰੋਲ਼ ਕੇ ਰੱਖ ਦਿੱਤਾ ਹੈ। ਪੱਛਮੀ ਗੜਬੜੀ ਕਾਰਨ ਪਿਛਲੇ ਕੁੱਝ ਦਿਨਾਂ ਤੋਂ ਮੀਂਹ ਥੋੜ੍ਹਾ-ਬਹੁਤ ਲਗਾਤਾਰ ਪੈ ਰਿਹਾ ਹੈ। ਕਿਸਾਨਾਂ ਦੇ ਸਾਹ ਸੂਤੇ ਗਏ ਹਨ, ਭਾਵੇਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਸਰਕਾਰ ਨੇ ਵਿਸਾਖੀ ਤੋਂ ਪਹਿਲਾਂ-ਪਹਿਲਾਂ ਨੁਕਸਾਨੀਆਂ ਫ਼ਸਲਾਂ ਦੀ ਗਿਰਦਾਵਰੀ ਕਰਵਾ ਕੇ ਉਨ੍ਹਾਂ ਨੂੰ ਖ਼ਰਾਬੇ ਦਾ ਮੁਆਵਜ਼ਾ ਦੇਣ ਦਾ ਭਰੋਸਾ ਦਿਵਾਇਆ ਹੈ। ਮੁੱਖ ਮੰਤਰੀ ਨੇ ਵਿਧਾਇਕਾਂ ਤੇ ਅਧਿਕਾਰੀਆਂ ਨੂੰ ਗਿਰਦਾਵਰੀ ਦੀ ਪ੍ਰਕਿਰਿਆ 'ਚ ਤੇਜ਼ੀ ਲਿਆਉਣ ਲਈ ਕਿਹਾ ਹੈ। ਕਿਸਾਨਾਂ ਦਾ ਹੌਸਲਾ ਵਧਾਉਣ ਤੇ ਉਨ੍ਹਾਂ ਨੂੰ ਤਸੱਲੀ ਦੇਣ ਲਈ ਵਿਸ਼ੇਸ਼ ਗਿਰਦਾਵਰੀ ਛੇਤੀ ਤੋਂ ਛੇਤੀ ਪੂਰੀ ਕਰਨ ਲਈ ਵੀ ਕਿਹਾ ਗਿਆ ਹੈ। ਕੁੱਝ ਮੰਤਰੀਆਂ ਨੇ ਖ਼ੁਦ ਖੇਤਾਂ 'ਚ ਜਾ ਕੇ ਵਿਛੀਆਂ ਫ਼ਸਲਾਂ ਦਾ ਜਾਇਜ਼ਾ ਲਿਆ ਹੈ। ਅੰਨਦਾਤਾ ਕਿਸਾਨ ਦੀ ਸਾਰ ਲੈਣਾ ਹੀ ਅੱਜ ਦੀ ਤਰੀਕ 'ਚ ਬੜੀ ਵੱਡੀ ਗੱਲ ਹੈ। ਸਰਕਾਰੀ ਅੰਕੜਿਆਂ ਮੁਤਾਬਕ ਬੇਮੌਸਮੀ ਵਰਖਾ, ਗੜੇਮਾਰ ਤੇ ਤੇਜ਼ ਹਵਾਵਾਂ ਕਾਰਨ ਹੁਣ ਤੱਕ ਤਿੰਨ ਰਾਜਾਂ ਮੱਧ ਪ੍ਰਦੇਸ਼, ਰਾਜਸਥਾਨ ਤੇ ਉੱਤਰ ਪ੍ਰਦੇਸ਼ ਵਿੱਚ 5.23 ਲੱਖ ਹੈਕਟੇਅਰ ਰਕਬੇ ਵਿਚ ਖੜ੍ਹੀ ਕਣਕ ਦੀ ਫ਼ਸਲ ਬਰਬਾਦ ਹੋ ਚੁੱਕੀ ਹੈ। ਪੰਜਾਬ 'ਚ ਹਾਲੇ ਕੁਦਰਤੀ ਕਰੋਪੀ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ 'ਚ ਆਮ ਤੌਰ 'ਤੇ ਕਣਕ ਦਾ ਪ੍ਰਤੀ ਏਕੜ 20 ਕੁਇੰਟਲ ਝਾੜ ਮਿਲਦਾ ਹੈ ਪਰ ਐਤਕੀਂ ਖ਼ਰਾਬ ਮੌਸਮ ਸਦਕਾ ਇਹ ਝਾੜ ਘਟ ਕੇ 10 ਤੋਂ 11 ਕੁਇੰਟਲ ਪ੍ਰਤੀ ਏਕੜ ਰਹਿ ਜਾਣ ਦਾ ਅਨੁਮਾਨ ਹੈ। ਉਂਜ ਪੰਜਾਬ 'ਚ ਇਸ ਵਾਰ 3.40 ਕਰੋੜ ਹੈਕਟੇਅਰ ਰਕਬੇ 'ਚ ਕਣਕ ਦੀ ਬਿਜਾਈ ਕੀਤੀ ਗਈ ਸੀ। ਸਰਕਾਰ ਨੂੰ ਵਰਖਾ ਤੋਂ ਪਹਿਲਾਂ ਆਸ ਸੀ ਕਿ ਐਤਕੀਂ 11.2 ਮਿਲੀਅਨ ਟਨ ਕਣਕ ਦਾ ਉਤਪਾਦਨ ਹੋਵੇਗਾ ਪਰ ਹੁਣ ਜੇ ਨੁਕਸਾਨ ਦੇ ਅਨੁਮਾਨ ਸੱਚੇ ਸਿੱਧ ਹੋਏ ਤਾਂ ਇਹ ਉਤਪਾਦਨ ਅੱਧਾ ਰਹਿ ਸਕਦਾ ਹੈ। ਬਹੁਤੀਆਂ ਥਾਵਾਂ 'ਤੇ ਕਣਕ ਬਦਰੰਗ ਹੋ ਸਕਦੀ ਹੈ। ਕਣਕ ਤੋਂ ਇਲਾਵਾ ਸਰ੍ਹੋਂ, ਛੋਲੇ, ਜੌਂ ਤੇ ਸਬਜ਼ੀਆਂ ਦੀਆਂ ਫ਼ਸਲਾਂ ਨੂੰ ਵੀ ਡਾਢਾ ਨੁਕਸਾਨ ਹੋਇਆ ਹੈ। ਆਲੂਆਂ ਦੇ ਖੇਤਾਂ 'ਚ ਪਿਛਲੇ ਕਈ ਦਿਨਾਂ ਤੋਂ ਪਾਣੀ ਖੜ੍ਹਾ ਹੈ। ਉਹ ਫ਼ਸਲ ਵੀ ਬੁਰੀ ਤਰ੍ਹਾਂ ਖ਼ਰਾਬ ਹੋਣ ਦੇ ਆਸਾਰ ਬਣੇ ਹੋਏ ਹਨ। ਖੇਤੀ ਮਾਹਿਰਾਂ ਤੇ ਵਿਗਿਆਨੀਆਂ ਨੇ ਵੀ ਮੰਨਿਆ ਹੈ ਕਿ ਕਿਸਾਨਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਖੇਤੀਬਾੜੀ ਹੁਣ ਲਾਹੇਵੰਦਾ ਧੰਦਾ ਨਹੀਂ ਰਿਹਾ। ਇਸੇ ਲਈ ਹੁਣ ਬਹੁਤੇ ਕਿਸਾਨ ਪਿੰਡਾਂ ਤੋਂ ਸ਼ਹਿਰਾਂ 'ਚ ਆ ਕੇ ਵਸ ਰਹੇ ਹਨ ਅਤੇ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਇਸ ਪਿਤਾ-ਪੁਰਖੀ ਕਿੱਤੇ ਨੂੰ ਤਿਆਗਦੀਆਂ ਜਾ ਰਹੀਆਂ ਹਨ। ਬਹੁਤ ਸਾਰੇ ਕਿਸਾਨਾਂ ਦੇ ਪੁੱਤਰਾਂ ਤੇ ਪੁੱਤਰੀਆਂ ਨੂੰ ਹੁਣ ਸ਼ਹਿਰਾਂ 'ਚ ਨੌਕਰੀਆਂ ਕਰਦਿਆਂ ਸਹਿਜੇ ਹੀ ਤੱਕਿਆ ਜਾ ਸਕਦਾ ਹੈ। ਪੰਜਾਬ ਦੇ ਮੁੰਡੇ ਕੁੜੀਆਂ ਵੱਡੀ ਗਿਣਤੀ ਵਿੱਚ ਵਿਦੇਸਾਂ ਵੱਲ ਪੜਾਈ ਕਰਨ ਦੇ ਬਹਾਨੇ ਉੱਥੋਂ ਦੇ ਵਸਨੀਕ ਬਣ ਰਹੇ ਹਨ । ਭਵਿੱਖ ਵਿੱਚ ਪੰਜਾਬ ਅੰਦਰ ਖੇਤੀਬਾੜੀ ਕਰਨ ਵਾਲੇ ਪਰਿਵਾਰਾਂ ਦੀ ਗਿਣਤੀ ਘਟਣ ਦੇ ਅਸਾਰ ਬਣਦੇ ਨਜ਼ਰ ਆ ਰਹੇ ਹਨ। ਅਜਿਹੇ ਹਾਲਾਤਾਂ 'ਚ ਸਰਕਾਰਾਂ ਨੂੰ ਕਿਸਾਨ-ਪੱਖੀ ਯੋਜਨਾਵਾਂ ਉਲੀਕਣੀਆਂ ਚਾਹੀਦੀਆਂ ਹਨ। ਭਾਰਤ ਦੀ ਪਛਾਣ ਇੱਕ ਖੇਤੀ-ਪ੍ਰਧਾਨ ਦੇਸ਼ ਵੱਜੋਂ ਹੈ ਤੇ ਇਸ ਨੂੰ ਇਸ ਦਿਸ਼ਾ 'ਚ ਹੋਰ ਮਜ਼ਬੂਤ ਕਰਨਾ ਸੂਬਿਆਂ ਤੇ ਕੇਂਦਰ ਦੀਆਂ ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਪੰਜਾਬ ਸਮੇਤ ਹੋਰਨਾਂ ਰਾਜਾਂ ਦੇ ਕਿਸਾਨਾਂ ਦੀ ਸਖ਼ਤ ਮਿਹਨਤ ਸਦਕਾ ਹੀ ਦੇਸ਼ ਅਨਾਜ ਦਾ ਭੰਡਾਰ ਅਖਵਾਉਂਦਾ ਹੈ। ਬਹੁਤ ਸਾਰੇ ਲੋੜਵੰਦ ਦੇਸ਼ਾਂ ਨੂੰ ਪਹਿਲ ਦੇ ਆਧਾਰ 'ਤੇ ਅਨਾਜ ਦੀ ਸਪਲਾਈ ਕੀਤੀ ਜਾਂਦੀ ਹੈ। ਅਜਿਹੀ ਪਿਰਤ ਅੱਗੇ ਵੀ ਜਾਰੀ ਰਹਿਣੀ ਚਾਹੀਦੀ ਹੈ। ਰੂਸ ਤੇ ਯੂਕਰੇਨ ਦੀ ਜੰਗ ਕਾਰਨ ਅਫ਼ਰੀਕਾ ਮਹਾਦੀਪ ਦੇ ਕੁੱਝ ਗ਼ਰੀਬ ਮੁਲਕ ਹੁਣ ਅਨਾਜ ਨੂੰ ਤਰਸ ਰਹੇ ਹਨ ਜਦਕਿ ਭਾਰਤ ਜਿਹੇ ਦੇਸ਼ 'ਚ ਬਹੁਤ ਸਾਰਾ ਅਨਾਜ ਗੁਦਾਮਾਂ 'ਚ ਪਿਆ ਸੜ ਜਾਂਦਾ ਹੈ।

**ਸੁਖਜਿੰਦਰ ਸਮਰਾ**
ਮੋ. 1 780 300 2000

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਪਾਣੀ ਸੰਕਟ ਕਾਰਨ ਤਬਾਹੀ ਵੱਲ ਵਧ ਰਹੀ ਦੁਨੀਆ

**ਗੁਰਮੀਤ ਸਿੰਘ ਪਲਾਹੀ**
-9815802070





ਰਾਜਸਥਾਨ ਦੇ ਬੂੰਦੀ ਜ਼ਿਲੇ ਦੇ ਭੀਮਗੰਜ ਪਿੰਡ 'ਚ ਮੌਸਮ'ਚ ਗਰਮੀ ਵਧਦਿਆਂ ਹੀ ਖੂਹਾਂ ਦਾ ਪਾਣੀ ਸੁੱਕਣ ਲੱਗਾ ਹੈ। ਇਕ ਫੋਟੋ ਰਿਪੋਰਟ ਅਨੁਸਾਰ ਇਥੋਂ ਦੀਆਂ ਔਰਤਾਂ ਹਰ ਰੋਜ਼ ਇਕ ਰੱਸੀ ਨਾਲ 120 ਫੁੱਟ ਡੂੰਘੇ ਖੂਹ ਵਿਚ ਉਤਰਦੀਆ ਹਨ, ਤਦ ਜਾਕੇ ਇਕ ਵਲਟੋਹੀ (ਚਾਰੀ) ਪਾਣੀ ਨਿਕਲਦਾ ਹੈ ਅਤੇ ਇੰਨਾ ਕੁ ਪਾਣੀ, ਆਪਣੇ ਪਰਿਵਾਰ ਦੀ ਪਿਆਸ ਬੁਝਾਉਣ ਲਈ, ਵਰਤਿਆ ਜਾਂਦਾ ਹੈ।

ਨਿਊਯਾਰਕ 'ਚ ਸੰਯੁਕਤ ਰਾਸ਼ਟਰ ਵਲੋਂ ਆਯੋਜਿਤ ਜਲ ਕਾਨਫਰੰਸ 'ਚ ਬੋਲਦਿਆਂ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟਰੇਸ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਪਾਣੀ ਦੀ ਸੰਭਾਲ ਨਾ ਕੀਤੀ ਤਾਂ ਦੁਨੀਆ ਤਬਾਹ ਹੋ ਸਕਦੀ ਹੈ। ਦੁਨੀਆ ਦਾ ਹਰ ਚੌਥਾ ਮਨੁੱਖ ਪਾਣੀ ਪੀਣ ਤੋਂ ਵਾਂਝਾ ਹੋ ਰਿਹਾ ਹੈ। ਇਸ ਵੇਲੇ 1.7 ਅਰਬ ਲੋਕ ਇਸ ਬੁਨਿਆਦੀ ਲੋੜ ਤੋਂ ਵਿਰਵੇ ਹੋ ਰਹੇ ਹਨ।

ਪਾਣੀ ਦੀ ਦੁਰਵਰਤੋਂ ਕਰਕੇ ਮਨੁੱਖ ਅੱਜ ਆਪ, ਆਪਣੇ ਲਈ ਮੁਸੀਬਤ ਸਹੇੜ ਰਿਹਾ ਹੈ, ਇਹ ਜਾਣਦਿਆਂ ਹੋਇਆਂ ਵੀ ਕਿ ਪਾਣੀ ਜ਼ਿੰਦਗੀ 'ਚ ਮਨੁੱਖ ਲਈ ਖੂਨ ਵਾਂਗ ਹੈ, ਸਾਡਾ ਭੋਜਨ, ਵਾਤਾਵਰਨ ਅਤੇ ਬਨਸਪਤੀ ਸਭ ਕੁਝ ਪਾਣੀ ਨਾਲ ਜੁੜਿਆ ਹੋਇਆ ਹੈ ਅਤੇ ਇਹੀ ਦੁਨੀਆ ਨੂੰ ਖੁਸ਼ਹਾਲ ਰੱਖਣ ਦਾ ਸਾਧਨ ਹਨ।

ਕੀ ਪਾਣੀ ਤੋਂ ਬਿਨ੍ਹਾਂ ਖੇਤੀਬਾੜੀ ਸੰਭਵ ਹੈ? ਨਹੀਂ ਨਾ। ਨਿਰਮਾਣ ਊਰਜਾ, ਉਤਪਾਦਨ ਤੇ ਸਿਹਤ ਸਫ਼ਾਈ ਦਾ ਗੂੜ੍ਹਾ ਸੰਬੰਧ ਹੈ। ਪਰ ਪਾਣੀ ਦੀ ਬਰਬਾਦੀ ਕਰਕੇ ਅਸੀਂ ਆਪਣਾ ਖ਼ੂਨ ਆਪ ਪੀਣ ਲੱਗੇ ਹਾਂ। ਅਸੀਂ ਪਾਣੀ ਦੇ ਚੱਕਰ ਨੂੰ ਤੋੜ ਦਿੱਤਾ ਹੈ। ਸਾਡਾ ਈਕੋ ਸਿਸਟਮ ਤਬਾਹ ਹੋ ਰਿਹਾ ਹੈ, ਸਾਡਾ ਧਰਤੀ ਹੇਠਲਾ ਪਾਣੀ ਦੂਸ਼ਿਤ ਹੋ ਰਿਹਾ ਹੈ। ਪਾਣੀ ਦੀ ਅੰਨੀ ਵਰਤੋਂ ਨੇ ਕੁਦਰਤੀ ਆਫ਼ਤਾਂ ਨੂੰ ਸੱਦਾ ਦਿੱਤਾ ਹੋਇਆ ਹੈ।

ਭਾਰਤ ਦੇਸ਼ ਦੇ ਕਈ ਇਲਾਕੇ ਇਹੋ ਜਿਹੇ ਹਨ, ਜਿਥੋਂ ਦੇ ਪਾਣੀ ਵਿੱਚ ਜ਼ਹਿਰੀਲੇ ਰਸਾਇਣ ਤੱਤ ਘੁਲੇ ਹੋਏ ਹਨ। ਇਸਦੇ ਕਾਰਨ ਉਹਨਾਂ ਖੇਤਰਾਂ ਦਾ ਪਾਣੀ ਕਿਸੇ ਵੀ ਕੰਮ ਦਾ ਨਹੀਂ ਰਿਹਾ। ਜਿਹੜਾ ਪਾਣੀ ਪ੍ਰਦੂਸ਼ਿਤ ਹੋ ਗਿਆ ਹੈ, ਉਸਨੂੰ ਪੀਣ ਯੋਗ ਬਨਾਉਣ ਲਈ ਅਤੇ ਇਸਤੇਮਾਲ ਕਰਨ ਲਈ ਲੋਕਾਂ ਵਿੱਚ ਕੋਈ ਵੀ ਦਿਲਚਸਪੀ ਨਹੀਂ ਹੈ। ਇਸ ਲਈ ਨਦੀਆਂ, ਨਾਲਿਆਂ, ਝੀਲਾਂ ਦੇ ਸਾਫ਼ ਪਾਣੀ ਲਈ ਜਾਣਿਆ ਜਾਂਦਾ ਭਾਰਤ, ਜਲ ਸੰਕਟ ਵਿੱਚ ਦੂਜੇ ਦੇਸ਼ਾਂ ਦੇ ਮੁਕਾਬਲੇ ਸਭ ਤੋਂ ਅੱਗੇ ਹੈ। ਸੰਯੁਕਤ ਰਾਸ਼ਟਰ ਦੇ ਫੂਡ ਐਂਡ ਐਗਰੀਕਲਚਰਲ ਆਰਗੇਨਾਈਜੇਸ਼ਨ (ਭੋਜਨ ਅਤੇ ਖੇਤੀ ਸੰਸਥਾ) ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਪਾਣੀ ਸੰਕਟ ਦਾ ਕਾਰਨ ਧਰਤੀ ਹੇਠਲੇ ਪਾਣੀ ਦੀ ਬੇਤਹਾਸ਼ਾ ਵਰਤੋਂ ਹੈ। ਕੇਂਦਰੀ ਭੂਮੀ ਦੇ ਜਲ ਬੋਰਡ ਦੇ ਅਨੁਸਾਰ ਭਾਰਤ ਵਿੱਚ ਸਿੰਜਾਈ ਲਈ ਹਰ ਸਾਲ 230 ਅਰਬ ਘਣ ਮੀਟਰ ਧਰਤੀ ਹੇਠਲਾ ਪਾਣੀ ਕੱਢਿਆ ਜਾਂਦਾ ਹੈ, ਇਸ ਕਾਰਨ ਦੇਸ਼ ਦੇ ਕਈ ਇਲਾਕਿਆਂ 'ਚ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਹੇਠ ਚਲਾ ਗਿਆ ਹੈ। ਭਾਰਤ ਵਿੱਚ ਧਰਤੀ ਹੇਠੋਂ ਕੱਢਿਆ 88 ਫੀਸਦੀ ਪਾਣੀ ਸਿੰਜਾਈ ਲਈ ਵਰਤਿਆ ਜਾਂਦਾ ਹੈ।9 ਫੀਸਦੀ ਘਰੇਲੂ ਜ਼ਰੂਰਤਾਂ ਲਈ ਅਤੇ ਤਿੰਨ ਫੀਸਦੀ ਉਦਯੋਗਾਂ ਲਈ ਵਰਤੋਂ 'ਚ ਆਉਂਦਾ ਹੈ।

ਵੱਖੋ-ਵੱਖਰੇ ਸਰਵੇਖਣ ਦੱਸਦੇ ਹਨ ਕਿ ਭਾਰਤ ਵਿੱਚ ਪਾਣੀ ਦੀ ਬਰਬਾਦੀ ਦੂਜੇ ਦੇਸ਼ਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। ਖੇਤੀ ਖੇਤਰ 'ਚ ਇਸਦੀ ਜ਼ਿਆਦਾ ਵਰਤੋਂ ਹੈ। ਜਿਹਨਾਂ ਫਸਲਾਂ ਦਾ ਸਮਰੱਥਨ ਮੁੱਲ ਦੇਸ਼ ਵਿੱਚ ਸਭ ਤੋਂ ਜ਼ਿਆਦਾ ਹੈ। ਉਹਨਾਂ ਫਸਲਾਂ ਦਾ ਕਿਸਾਨ ਉਤਪਾਦਨ ਕਰਦੇ ਹਨ। ਉਦਾਹਰਨ ਦੇ ਤੌਰ 'ਤੇ ਪੰਜਾਬ, ਬਿਹਾਰ, ਝਾਰਖੰਡ, ਛੱਤੀਸਗੜ੍ਹ 'ਚ ਝੋਨਾ, ਪੱਛਮੀ ਉੱਤਰ ਪ੍ਰਦੇਸ਼ ਵਿੱਚ ਗੰਨਾ ਅਤੇ ਦੂਜੇ ਰਾਜਾਂ 'ਚ ਪੰਜਾਬ ਸਮੇਤ ਕਣਕ ਅਤੇ ਕਪਾਹ ਦੀ ਖੇਤੀ ਨੂੰ ਕਿਸਾਨ ਪਹਿਲ ਦਿੰਦੇ ਹਨ।ਇਸ ਕਾਰਨ ਕਈ ਸੂਬਿਆਂ 'ਚ ਧਰਤੀ ਹੇਠਲੇ ਪਾਣੀ ਦਾ ਪੱਧਰ ਇੰਨਾ ਜ਼ਿਆਦਾ ਨੀਵਾਂ ਚਲੇ ਜਾਂਦਾ ਹੈ ਕਿ ਨਲਕਿਆਂ ਵਿਚੋਂ ਪਾਣੀ ਨਿਕਲਣਾ ਵੀ ਮੁਸ਼ਕਲ ਹੁੰਦਾ ਹੈ। ਉਦਾਹਰਨ ਦੇ ਤੌਰ 'ਤੇ ਪੰਜਾਬ ਵਿਚਲੇ 138 ਬਲਾਕਾਂ ਵਿਚੋਂ 128 ਬਲਾਕਾਂ ਵਿੱਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਬਹੁਤ ਹੇਠ ਡਿੱਗ ਗਿਆ ਹੈ।ਭਾਰਤ ਦੀ ਨਿੱਤੀ ਅਯੋਗ ਦੀ ਇੱਕ ਰਿਪੋਰਟ ਕਹਿੰਦੀ ਹੈ ਕਿ ਭਾਰਤ ਦੇ 766 ਜ਼ਿਲਿਆਂ 'ਚੋਂ 256 ਜ਼ਿਲਿਆਂ ਵਿੱਚ ਪਾਣੀ ਸੰਕਟ ਨੇ ਦਸਤਕ ਦੇ ਦਿੱਤੀ ਹੈ।ਪੰਜਾਬ ਨੂੰ ਇਸ ਸਬੰਧੀ ਵੱਧ ਖਤਰਾ ਹੈ। ਤਦ ਵੀ ਕਿਸਾਨ ਇਹੋ ਜਿਹੀਆਂ ਫਸਲਾਂ ਉਗਾਉਣ ਲਈ ਮਜ਼ਬੂਰ ਹਨ। ਜਿਨ੍ਹਾਂ ਤੇ ਪਾਣੀ ਦੀ ਖਪਤ ਜ਼ਿਆਦਾ ਹੈ, ਕਿਉਂਕਿ ਦੇਸ਼ ਵਿੱਚ ਖੇਤੀ ਘਾਟੇ ਦੀ ਹੋ ਕੇ ਰਹਿ ਗਈ ਹੈ। ਅਤੇ ਕਿਸਾਨ ਖ਼ੁਦਕੁਸ਼ੀਆਂ 'ਚ ਨਿਰੰਤਰ ਵਾਧਾ ਹੋ ਰਿਹਾ ਹੈ। ਪਾਣੀ ਦੇ ਸੰਕਟ 'ਚ ਵਾਧੇ ਦਾ ਇਕ ਹੋਰ ਕਾਰਨ ਇਹ ਵੀ ਸਮਝਿਆ ਜਾ ਰਿਹਾ ਹੈ ਕਿ ਬੋਤਲਾਂ ਵਿੱਚ ਪਾਣੀ ਵੇਚਣ ਵਾਲੀਆਂ ਕੰਪਨੀਆਂ ਨੇ ਧਰਤੀ ਹੇਠਲੇ ਪਾਣੀ ਦੀ ਬਹੁਤ ਜ਼ਿਆਦਾ ਵਰਤੋਂ ਆਰੰਭੀ ਹੋਈ ਹੈ, ਜਿਸ ਨਾਲ ਪਾਣੀ ਦਾ ਸੰਕਟ ਹੋਰ ਗਹਿਰਾ ਹੋਣ ਦੀ ਖ਼ਬਰ ਹੈ।

ਪਾਣੀ ਦੀ ਘਾਟ ਭਾਰਤ ਸਮੇਤ ਦੁਨੀਆ ਦੇ ਹਰ ਖਿੱਤੇ 'ਚ ਵੱਧ ਰਹੀ ਹੈ। ਅਤੇ ਆਪਸੀ ਲੜਾਈ ਝਗੜੇ ਦੀ ਜੜ੍ਹ ਬਣ ਰਹੀ ਹੈ। ਕਈ ਲੋਕਾਂ ਦਾ ਖਿਆਲ ਤਾਂ ਇਹ ਹੈ ਕਿ ਅਗਲੇ ਵਿਸ਼ਵ ਯੁੱਧ ਦਾ ਕਾਰਨ 'ਪਾਣੀ' ਹੋਵੇਗਾ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਜੋ 2022 'ਚ ਛਾਪੀ ਗਈ , ਇਹ ਦੱਸਦੀ ਹੈ ਕਿ ਝੀਲਾਂ, ਪਾਣੀ ਦੇ ਕੁਦਰਤੀ ਸੋਮਿਆਂ ਦੇ ਪ੍ਰਦੂਸ਼ਣ ਕਾਰਨ ਧਰਤੀ ਉਤੇ ਸਮੱਸਿਆਵਾਂ ਲਗਾਤਾਰ ਵਧ ਰਹੀਆਂ ਹਨ।

> **ਸਮਾਜਿਕ ਪ੍ਰਭਾਵ ਇੰਨਾ ਵਧ ਰਿਹਾ ਹੈ ਕਿ ਇੱਕ ਛਪੀ ਖ਼ਬਰ ਅਨੁਸਾਰ ਮਹਾਰਾਸ਼ਟਰ ਦੇ ਪੇਂਡੂ ਇਲਾਕਿਆਂ 'ਚ ਲੋਕ ਦੂਜਾ ਵਿਆਹ ਇਸ ਕਰਕੇ ਕਰਾਉਣ ਲਗ ਪਾਏ ਹਨ ਕਿ ਇੱਕ ਔਰਤ ਘਰ ਦਾ ਕੰਮ ਕਾਰ ਵੇਖੇਗੀ ਅਤੇ ਦੂਜੀ ਔਰਤ ਘਰ ਦੀਆਂ ਪਾਣੀ ਲੋੜਾਂ ਪੂਰੀਆਂ ਕਰਨ ਲਈ ਕੰਮ ਕਰੇਗੀ। ਖੂਹਾਂ ਜਾਂ ਹੋਰ ਥਾਵਾਂ ਤੋਂ ਪਾਣੀ ਲਿਆਏਗੀ।**

ਭਾਰਤ ਦੀ ਸਰਕਾਰ ਨੇ ਭਾਵੇਂ ਸਮੇਂ-ਸਮੇਂ ਲੋੜ ਤੋਂ ਘੱਟ ਪਾਣੀ ਮਿਲਣ ਕਾਰਨ ਪੈਦਾ ਹੋਏ ਤਣਾਅ ਨੂੰ ਘਟਾਉਣ ਲਈ 2012 'ਚ ਜਲ ਨੀਤੀ ਬਣਾਈ, ਪ੍ਰਧਾਨ ਮੰਤਰੀ ਖੇਤੀ ਸਿੰਚਾਈ ਯੋਜਨਾ, ਜਲ ਸ਼ਕਤੀ ਅਭਿਆਨ, ਅਟਲ ਭੂ-ਜਲ ਯੋਜਨਾ ਅਤੇ 2020 'ਚ ਜਲ ਜੀਵਨ ਯੋਜਨਾ ਰਾਹੀਂ ਪਾਣੀ ਦੀਆਂ ਲੋੜਾਂ ਪੂਰੀਆਂ ਕਰਨ ਦਾ ਯਤਨ ਕੀਤਾ, ਪਰ ਇਹ ਯੋਜਨਾਵਾਂ ਵੀ ਕਾਰਗਰ ਸਾਬਤ ਨਹੀਂ ਹੋਈਆਂ ਕਿਉਂਕਿ ਧਰਤੀ ਦਾ ਤਾਪਮਾਨ (ਪਾਰਾ) ਵਧ ਰਿਹਾ ਹੈ ਅਤੇ ਪਾਣੀ ਦੀ ਕਿੱਲਤ ਅਤੇ ਪ੍ਰੇਸ਼ਾਨੀਆਂ ਲਗਾਤਾਰ ਵਧਦੀਆਂ ਹੀ ਜਾ ਰਹੀਆਂ ਹਨ।

ਭਾਵੇਂ ਵਿਸ਼ਵ ਭਰ 'ਚ ਜਲ ਸੰਕਟ ਦੇ ਕਾਰਨ ਕੁਝ ਵੀ ਹੋਣ, ਪਰ ਪਿਛਲੇ ਵੀਹ ਸਾਲਾਂ ਤੋਂ ਜਿਵੇਂ ਧਰਤੀ ਦਾ ਤਾਪਮਾਨ ਵਧ ਰਿਹਾ ਹੈ, ਗਰੀਨ ਹਾਊਸ ਗੈਸਾਂ ਦਾ ਅਸਰ ਹੋ ਰਿਹਾ ਹੈ। ਗਲੋਬਲ ਵਾਰਮਿੰਗ(ਧਰਤੀ ਦੇ ਤਾਪਮਾਨ 'ਚ ਵਾਧਾ), ਇਸ ਨਾਲ "ਅਲ-ਨੀਨੋ" ਦਾ ਪ੍ਰਭਾਵ ਦਿਸਦਾ ਹੈ। ਮੀਂਹ ਘਟ ਰਹੇ ਹਨ, ਗਰਮੀ ਬੇਤਹਾਸ਼ਾ ਵਧ ਰਹੀ ਹੈ।

ਪਾਣੀ ਦਾ ਸੰਕਟ ਸਾਡੇ ਤਾਣੇ-ਬਾਣੇ ਨੂੰ ਹੀ ਪ੍ਰਭਾਵਿਤ ਨਹੀਂ ਕਰ ਰਿਹਾ ਸਗੋਂ ਸਾਡੇ ਆਰਥਿਕ ਵਿਕਾਸ, ਸਿਹਤ ਅਤੇ ਬਨਸਪਤੀ , ਜੀਵ ਜੰਤੂਆਂ ਉਤੇ ਵੀ ਉਲਟ ਅਸਰ ਪਾ ਰਿਹਾ ਹੈ। ਬਿਮਾਰੀਆਂ ਦਾ ਪਸਾਰ ਹੋ ਰਿਹਾ ਹੈ। ਸਮੇਂ ਦੀ ਬਰਬਾਦੀ ਹੋ ਰਹੀ ਹੈ। ਬਿਜਲੀ ਦੀ ਖਪਤ ਅਤੇ ਇਸਦਾ ਉਤਪਾਦਨ ਸਾਡੀ ਜ਼ਿੰਦਗੀ ਉਤੇ ਵੱਡੀ ਪੱਧਰ 'ਤੇ ਅਸਰ ਪਾ ਰਿਹਾ ਹੈ।

ਸਮਾਜਿਕ ਪ੍ਰਭਾਵ ਇੰਨਾ ਵਧ ਰਿਹਾ ਹੈ ਕਿ ਇੱਕ ਛਪੀ ਖ਼ਬਰ ਅਨੁਸਾਰ ਮਹਾਰਾਸ਼ਟਰ ਦੇ ਪੇਂਡੂ ਇਲਾਕਿਆਂ 'ਚ ਲੋਕ ਦੂਜਾ ਵਿਆਹ ਇਸ ਕਰਕੇ ਕਰਾਉਣ ਲਗ ਪਾਏ ਹਨ ਕਿ ਇੱਕ ਔਰਤ ਘਰ ਦਾ ਕੰਮ ਕਾਰ ਵੇਖੇਗੀ ਅਤੇ ਦੂਜੀ ਔਰਤ ਘਰ ਦੀਆਂ ਪਾਣੀ ਲੋੜਾਂ ਪੂਰੀਆਂ ਕਰਨ ਲਈ ਕੰਮ ਕਰੇਗੀ। ਖੂਹਾਂ ਜਾਂ ਹੋਰ ਥਾਵਾਂ ਤੋਂ ਪਾਣੀ ਲਿਆਏਗੀ। ਜੇਕਰ ਹੋਰ ਰਾਜਾਂ 'ਚ ਵੀ ਇਹ ਵਰਤਾਰਾ ਵਧ ਗਿਆ ਤਾਂ ਭਵਿੱਖ 'ਚ ਕੀ ਭਾਰਤ ਦੇ ਸਮਾਜਿਕ , ਧਾਰਮਿਕ ਅਤੇ ਪਰਿਵਾਰਿਕ ਸਮੱਸਿਆਵਾਂ ਦਾ ਇਹ ਕਾਰਨ ਨਹੀਂ ਬਣੇਗਾ?

ਕਰੋੜਾਂ ਲਿਟਰ ਪਾਣੀ ਨਿੱਤ ਬਰਬਾਦ ਹੁੰਦਾ ਹੈ। ਕਰੋੜਾਂ ਲਿਟਰ ਪਾਣੀ ਪ੍ਰਦੂਸ਼ਿਤ ਹੁੰਦਾ ਹੈ। ਕਾਰਖਾਨਿਆਂ ਵਾਲੇ ਪਾਣੀ ਟਰੀਟ (ਸਾਫ) ਕਰਨ ਦੀ ਵਿਜਾਏ ਇਸ ਗੰਦੇ ਪਾਣੀ ਨੂੰ ਜ਼ਮੀਨ 'ਚ ਬੋਰ ਰਾਹੀਂ ਪਹੁੰਚਾ ਦਿੰਦੇ ਹਨ।

ਖਾਦਾਂ, ਕੀਟਨਾਸ਼ਕਾਂ ਕਾਰਨ ਪਾਣੀ ਜ਼ਹਿਰੀਲਾ ਹੁੰਦਾ ਹੈ। ਇੱਕ ਰਿਪੋਰਟ 'ਚ ਦਰਸਾਇਆ ਗਿਆ ਹੈ ਕਿ ਦੇਸ਼ ਦੇ ਤਿੰਨ ਲੱਖ ਤੋਂ ਜ਼ਿਆਦਾ ਬੁੱਚੜਖਾਨੇ ਕਰੋੜਾਂ ਲੀਟਰ ਪਾਣੀ ਬਰਬਾਦ ਕਰਦੇ ਹਨ। ਸਾਫ ਪਾਣੀ ਦੀ ਉਪਲੱਬਧਤਾ ਔਖੀ ਹੋ ਰਹੀ ਹੈ। ਪਾਣੀ ਦੁੱਧ ਅਤੇ ਪੈਟਰੋਲ ਨਾਲੋਂ ਵੀ ਮਹਿੰਗਾ ਮਿਲਦਾ ਹੈ। ਭਾਰਤ ਵਿੱਚ ਵੀ ਕਈ ਇਲਾਕੇ ਇਹੋ ਜਿਹੇ ਹਨ ਜਿਥੇ ਪਾਣੀ ਮਹਿੰਗਾ ਮਿਲਦਾ ਹੈ।

ਭਾਰਤ ਵਿੱਚ ਤਾਂ ਪਾਣੀ ਦੀ ਕਿੱਲਤ ਗਲਤ ਸਰਕਾਰੀ ਨੀਤੀਆਂ ਕਾਰਨ ਹੈ। ਦਿੱਲੀ ਅਤੇ ਇਸਦੇ ਆਲੇ-ਦੁਆਲੇ ਹਰਿਆਣਾ ਵਿੱਚ ਧਰਤੀ ਦੇ ਹੇਠਲਾ ਪਾਣੀ ਆਪਣੇ ਪਹਿਲੇ ਪੱਧਰ ਤੋਂ ਦਸ ਤੋਂ ਪੰਦਰਾਂ ਫੁੱਟ ਨੀਵਾਂ ਚਲਾ ਗਿਆ ਹੈ।

ਚਾਹੀਦਾ ਤਾਂ ਇਹ ਸੀ ਪ੍ਰਦੂਸ਼ਿਤ ਪਾਣੀ ਨੂੰ ਸਾਫ਼ ਕਰਨ ਲਈ ਪ੍ਰਬੰਧ ਹੁੰਦੇ। ਬਹੁ-ਰਾਸ਼ਟਰੀ ਕੰਪਨੀਆਂ ਜੋ ਬੋਤਲ ਬੰਦ ਪਾਣੀ ਮੁਹੱਈਆ ਕਰਦੀਆਂ ਹਨ, ਉਹਨਾ ਉਤੇ ਬੰਦਿਸ਼ਾਂ ਲਗਾਈਆਂ ਜਾਂਦੀਆਂ । ਸਿੰਚਾਈ ਲਈ ਨਹਿਰੀ ਪਾਣੀਆਂ ਦਾ ਪ੍ਰਬੰਧ ਹੁੰਦਾ। ਦਰਖਤਾਂ, ਜੰਗਲਾਂ ਦੀ ਅੰਨੇਵਾਹ ਕਟਾਈ ਨਾ ਹੁੰਦੀ ਤਾਂ ਕਿ ਮੀਂਹ ਠੀਕ ਢੰਗ ਨਾਲ ਪੈਂਦੇ। ਮੀਂਹ ਦੇ ਪਾਣੀ ਨੂੰ ਛੱਪੜਾਂ ਤੇ ਹੋਰ ਡੂੰਘੇ ਥਾਵਾਂ ਤੇ ਇਕੱਠੇ ਕੀਤਾ ਜਾਂਦਾ। ਇਸ ਸਭ ਕੁਝ ਲਈ ਸਖ਼ਤ ਕਾਨੂੰਨ ਬਣਦੇ ਅਤੇ ਉਹਨਾ ਨੂੰ ਲਾਗੂ ਕੀਤਾ ਜਾਂਦਾ। ਇਸਰਾਈਲ ਦੇਸ਼ ਸਾਰੀ ਦੁਨੀਆਂ ਸਾਹਮਣੇ ਜਲ ਪ੍ਰਬੰਧ ਦੀ ਵੱਡੀ ਉਦਾਹਰਨ ਹੈ। ਜਿਥੇ ਤੁਪਕਾ ਪ੍ਰਬੰਧ ਰਾਹੀਂ ਖੇਤੀ ਹੁੰਦੀ ਹੈ।ਉਥੇ ਪ੍ਰਦੂਸ਼ਿਤ ਪਾਣੀ ਨੂੰ ਰੀਸਾਈਕਲ ਕਰਕੇ ਮੁੜ ਵਰਤੋਂ ਯੋਗ ਕੀਤਾ ਜਾਂਦਾ ਹੈ।

# ਜਸਮੇਰ ਸਿੰਘ ਹੋਠੀ ਦੀ ਪੁਸਤਕ 5 ਕਕਾਰ ਗੁਰਸਿੱਖੀ ਦਾ ਆਧਾਰ



**ਉਜਾਗਰ ਸਿੰਘ**
**ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ**
ਮੋਬਾਈਲ-94178 13072

ਜਸਮੇਰ ਸਿੰਘ ਹੋਠੀ ਦੀ '5 ਕਕਾਰ' ਪੁਸਤਕ ਗੁਰਸਿੱਖਾਂ ਲਈ ਲਾਹੇਬੰਦ ਸਾਬਤ ਹੋਵੇਗੀ। ਇਸ ਪੁਸਤਕ ਵਿੱਚ ਖਾਲਸਾ ਪੰਥ ਦੀ ਸਾਜਨਾ ਤੋਂ ਸ਼ੁਰੂ ਕਰਕੇ ਸਿੱਖੀ ਸਿਧਾਂਤਾਂ ਦੀ ਮੁੱਢਲੀ ਜਾਣਕਾਰੀ ਦਿੱਤੀ ਗਈ ਹੈ। ਇਹ ਪੁਸਤਕ ਵਿਗਿਆਨਕ ਜਾਣਕਾਰੀ ਵੀ ਤੱਥਾਂ 'ਤੇ ਅਧਾਰਤ ਦਿੰਦੀ ਹੈ। ਅੰਮ੍ਰਿਤ ਛਕਾਉਣ ਦੀ ਪ੍ਰਣਾਲੀ ਅਤੇ ਪੰਜ ਪਿਆਰਿਆਂ ਦੀ ਮਹੱਤਤਾ ਬਾਰੇ ਦੱਸਿਆ ਗਿਆ ਹੈ। ਅੰਮ੍ਰਿਤ ਕੌਣ ਛਕਾ ਸਕਦੇ ਹਨ? 1666 ਦੀ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲਾਂ ਪੰਜ ਪਿਆਰਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਦਿੱਤੀ ਅਤੇ ਫਿਰ ਆਪ ਉਨ੍ਹਾਂ ਤੋਂ ਅੰਮ੍ਰਿਤ ਛਕਿਆ। 'ਆਪੇ ਗੁਰ ਆਪੇ ਚੇਲਾ' ਕਹਾਇਆ। ਗੁਰੂ ਦੇ ਸਿੱਖ ਦੀ ਪਛਾਣ ਲਈ ਰਹਿਤ ਮਰਿਆਦਾ ਬਣਾਈ ਗਈ। ਉਸ ਰਹਿਤ ਮਰਿਆਦਾ ਅਨੁਸਾਰ ਅੰਮ੍ਰਿਤਧਾਰੀ ਗੁਰਸਿੱਖ ਨੂੰ 5 ਕਕਾਰ ਪਹਿਨਣ ਦੀ ਤਾਕੀਦ ਕੀਤੀ ਗਈ। 5 ਕਕਾਰਾਂ ਦਾ ਧਾਰਨੀ ਪੰਥ-ਖਾਲਸਾ ਦਾ ਅੰਗ ਬਣ ਕੇ ਸੰਸਾਰ ਵਿੱਚ ਵਿਚਰੇ। ਇਹ 5 ਕਕਾਰ ਕੇਸ, ਕੰਘਾ, ਕੜਾ, ਕਿਰਪਾਨ ਅਤੇ ਕਛਹਿਰਾ ਹਨ। ਜਸਮੇਰ ਸਿੰਘ ਹੋਠੀ ਨੇ ਇਨ੍ਹਾਂ 5 ਕਕਾਰਾਂ ਦੀ ਬਣਤਰ, ਲਾਭ, ਮਹਾਨਤਾ ਅਤੇ ਇਨ੍ਹਾਂ ਤੋਂ ਮਿਲਣ ਵਾਲੀ ਸਿਖਿਆ ਬਾਰੇ ਵਿਸਤਾਰ ਨਾਲ ਇਸ ਪੁਸਤਕ ਵਿੱਚ ਲਿਖਕੇ ਗੁਰਸਿੱਖਾਂ ਲਈ ਮਾਰਗ ਦਰਸ਼ਨ ਕੀਤਾ ਹੈ। ਇਹ ਦੱਸਿਆ ਗਿਆ ਹੈ ਕਿ ਗੁਰੂ ਜੀ ਵੱਲੋਂ ਸੀਸ ਮੰਗਣ ਦਾ ਭਾਵ ਸਿੱਖਾਂ ਵਿੱਚੋਂ ਮੌਤ ਦਾ ਡਰ ਖ਼ਤਮ ਕਰਨਾ ਅਤੇ ਜ਼ਾਪਾਤ ਦੀ ਪ੍ਰਵਿਰਤੀ ਨੂੰ ਤਿਆਗਣਾ ਸੀ। ਖੰਡਾ ਸ਼ਕਤੀ ਦਾ ਪ੍ਰਤੀਕ ਹੈ। ਅੰਮ੍ਰਿਤ ਛਕਣ ਤੋਂ ਬਾਅਦ ਸਾਬਤ ਸੂਰਤ ਦੇ ਧਾਰਨੀ ਸਿੱਖ ਕੌਮ ਦਾ ਅੰਗ ਮੰਨੇ ਜਾਂਦੇ ਹਨ। ਅੰਮ੍ਰਿਤਧਾਰੀ ਲਈ ਮਰਿਆਦਾ ਅਨੁਸਾਰ 5 ਕਕਾਰਾਂ 'ਤੇ ਪਹਿਰਾ ਦੇਣਾ ਲਾਜ਼ਮੀ ਬਣਾਇਆ। ਇਹ 5 ਕਕਾਰ ਵਿਕਾਰਾਂ ਲੋਭ, ਮੋਹ, ਮਾਇਆ, ਹੰਕਾਰ ਆਦਿ ਤੋਂ ਛੁਟਕਾਰਾ ਪਵਾਉਂਦੇ ਹਨ। ਇਨਸਾਨ ਦੀ ਰਹਿਣੀ ਸਰੀਰਕ ਅਤੇ ਮਾਨਸਿਕ ਦੋ ਪ੍ਰਕਾਰ ਦੀ ਹੁੰਦੀ ਹੈ। ਸਰੀਰਕ 5 ਕਕਾਰ ਪਾਉਣ ਅਤੇ ਮਾਨਸਿਕ ਬਾਣੀ ਦਾ ਪਾਠ ਨਿਤਨੇਮ ਅਨੁਸਾਰ ਕਰਨਾ ਹੁੰਦਾ ਹੈ। ਜਸਮੇਰ ਸਿੰਘ ਹੋਠੀ ਇੰਗਲੈਂਡ ਵਿੱਚ ਰਹਿ ਰਿਹਾ ਸਿੱਖ ਪੰਥ ਦਾ ਵਿਦਵਾਨ ਲੇਖਕ ਹੈ। ਉਨ੍ਹਾਂ ਦੀ ਪੰਜਾਬੀ ਵਿੱਚ ਸਿੱਖ ਸਿਧਾਂਤਾਂ 'ਤੇ ਪਹਿਰਾ ਦੇਣ ਵਾਲੀਆਂ 5 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਚਰਚਾ ਅਧੀਨ '5 ਕਕਾਰ' ਉਨ੍ਹਾਂ ਦੀ 6ਵੀਂ ਪੁਸਤਕ ਹੈ। ਇਸ ਤੋਂ ਇਲਾਵਾ ਹਿੰਦੀ ਅਤੇ ਅੰਗਰੇਜ਼ੀ ਵਿੱਚ ਵੀ 4 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਇਸ ਪੁਸਤਕ ਦਾ ਪਹਿਲਾ ਐਡੀਸ਼ਨ ਪੰਜਾਬੀ ਸੱਥ ਵਾਲਸਲ ਇੰਗਲੈਂਡ ਦੇ ਸੰਚਾਲਕ ਮੋਤਾ ਸਿੰਘ ਸਰਾਏ ਅਤੇ ਉਨ੍ਹਾਂ ਦੇ ਸਹਿਯੋਗੀਆਂ ਵੱਲੋਂ ਪ੍ਰਕਾਸ਼ਤ ਕਰਵਾਇਆ ਗਿਆ ਸੀ। ਲੇਖਕ ਨੇ '5 ਕਕਾਰਾਂ' ਦੀ ਮਹੱਤਤਾ ਬਾਰੇ ਵਿਸਤਾਰ ਨਾਲ ਗੁਰਬਾਣੀ ਵਿੱਚੋਂ ਉਦਾਹਰਣਾ ਸਹਿਤ ਜਾਣਕਾਰੀ ਦਿੱਤੀ ਹੈ, ਜਿਹੜੀ ਸਿੱਖ ਸ਼ਰਧਾਲੂਆਂ ਲਈ ਲਾਭਦਾਇਕ ਸਾਬਤ ਹੋਵੇਗੀ। ਜਸਮੇਰ ਸਿੰਘ ਹੋਠੀ ਨੇ ਇਨ੍ਹਾਂ ਕਕਾਰਾਂ ਦੀ ਵਿਗਿਆਨਕ ਮਹੱਤਤਾ ਦਾ ਵੀ ਜ਼ਿਕਰ ਕੀਤਾ ਹੈ।

**ਕੇਸ:** ਕੇਸ ਰੱਖਣ ਦੀ ਵਿਸ਼ੇਸ਼ ਮਹੱਤਤਾ ਹੈ ਕਿਉਂਕਿ ਕੇਸ ਜਨਮ ਤੋਂ ਹੀ ਇਨਸਾਨ ਦੇ ਨਾਲ ਆਉਂਦੇ ਹਨ। ਇਸ ਕਰਕੇ ਇਨ੍ਹਾਂ ਨੂੰ ਸਰੀਰ ਦਾ ਖਾਸ ਅੰਗ ਮੰਨਿਆਂ ਜਾਂਦਾ ਹੈ। ਇਹ ਪ੍ਰਭੂ ਦੀ ਬਖ਼ਸ਼ਿਸ਼ ਦੇ ਰੂਪ ਵਿੱਚ ਮਿਲਦੇ ਹਨ। ਕੇਸ ਗੁਰੂ ਦੀ ਮੋਹਰ ਹਨ, ਕੇਸਾਂ ਤੋਂ ਬਿਨਾ ਸਿੱਖ ਨਹੀਂ ਅਖਵਾ ਸਕਦਾ। ਕੇਸ ਸਿੱਖ ਦੇ ਸੁਹਾਗ ਵਾਂਗੂੰ ਨਿਸ਼ਾਨੀ ਹਨ। ਕੇਸਾਂ ਤੋਂ ਬਿਨਾ ਪਤਿਤ ਸਿੱਖ ਹੁੰਦਾ ਹੈ। ਕੇਸਾਂ ਤੋਂ ਬਿਨਾ ਬਾਕੀ ਕਕਾਰ ਪ੍ਰਵਾਨ ਨਹੀਂ ਹਨ। ਕੇਸਾਂ ਨੂੰ ਸਰੀਰ ਦੇ ਬਾਕੀ ਅੰਗਾਂ ਵਾਂਗ ਵਾਹਿਗੁਰੂ ਦੀ ਦਾਤ ਮੰਨਿਆਂ ਜਾਂਦਾ ਹੈ, ਜਿਵੇਂ ਕਿਸੇ ਅੰਗ ਦੇ ਕੱਟੇ ਜਾਣ 'ਤੇ ਇਨਸਾਨ ਅੰਗਹੀਣ ਬਣ ਜਾਂਦਾ ਹੈ, ਉਸੇ ਤਰ੍ਹਾਂ ਕੇਸਾਂ ਤੋਂ ਬਿਨਾ ਸਿੱਖ ਨਹੀਂ ਹੋ ਸਕਦਾ। 5 ਕਕਾਰਾਂ ਵਿੱਚੋਂ ਕੇਸ ਸਰੀਰ ਦੇ ਨਾਲ ਹੀ ਅੰਗ ਦੀ ਤਰ੍ਹਾਂ ਹਨ ਪਰੰਤੂ ਬਾਕੀ 4 ਕਕਾਰ ਸਰੀਰ 'ਤੇ ਪਹਿਨਣੇ ਪੈਂਦੇ ਹਨ। ਕੇਸ ਇਨਸਾਨ ਦੇ ਸਰੀਰ ਦੇ ਏਰੀਅਲ ਅਕਾਸ਼ੀ ਬਿਜਲੀ ਗ੍ਰਾਹਕ ਦੀ ਤਰ੍ਹਾਂ ਕੰਮ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਦੋਂ ਵੀ ਅਕਾਲ ਪੁਰਖ ਦਾ ਚਿਤਰਨ ਕੀਤਾ ਹੈ, ਉਥੇ ਉਸ ਨੂੰ ਕੇਸਾਂ ਵਾਲਾ ਬਿਆਨਿਆਂ ਗਿਆ ਹੈ।

**ਕੰਘਾ-** ਕੰਘਾ ਸਤਿਗੁਰ ਜੀ ਵੱਲੋਂ ਬਖ਼ਸ਼ੀਆਂ ਦਾਤਾਂ ਵਿੱਚੋਂ ਇਕ ਹੈ। ਸਤਿਗੁਰ ਨੇ ਕੰਘਾ ਲਕੜ ਦਾ ਬਖ਼ਸ਼ਿਆ ਹੈ। ਸਤਿਗੁਰ ਦਾ ਸੰਕੇਤ ਕੰਘੇ ਨੂੰ ਕੇਸਾਂ ਵਿੱਚ ਬਿਰਾਜਮਾਨ ਕਰਨਾ ਹੈ। ਦਸਮਾ ਦੁਆਰ ਸਿਰ ਵਿੱਚ ਹੈ। ਕੰਘਾ ਦਸਵੇਂ ਦੁਆਰ ਦੀ ਪਹਿਚਾਣ ਕਰਵਾਉਂਦਾ ਹੈ। ਕੇਸਾਂ ਵਿੱਚ ਕੰਘਾ ਕਰਨਾ ਚਾਹੀਦਾ ਹੈ। ਕੇਸ ਸਾਫ਼ ਰਹਿੰਦੇ ਹਨ ਅਤੇ ਸਿੱਖ ਤਾਜ਼ਾ-ਦਮ, ਨਰੋਆ ਤੇ ਚੁਸਤ ਮਹਿਸੂਸ ਕਰਨ ਲੱਗਦਾ ਹੈ। ਕੰਘਾ ਕਰਦਿਆਂ ਨਾਲ ਹੀ ਮਨ ਵਿੱਚ ਕੰਘਾ ਫੇਰਨਾ ਚਾਹੀਦਾ ਹੈ ਤਾਂ ਜੋ ਜੇ ਮਨ ਵਿੱਚ ਕੋਈ ਗ਼ਲਤ ਵਿਚਾਰ ਹੋਣ ਤਾਂ ਉਹ ਦੂਰ ਹੋ ਜਾਣ। ਕੰਘਾ ਸਵੱਛਤਾ ਦਾ ਪ੍ਰਤੀਕ ਹੈ। ਲਕੜੀ ਦਾ ਕੰਘਾ ਸਿਰ ਵਿੱਚ ਰੱਖਣ ਨਾਲ ਸ਼ਾਂਤੀ ਰਹਿੰਦੀ ਹੈ। ਮਨੁੱਖ ਦੇ ਸਿਰ ਵਿੱਚ ਬਿਜਲੀ ਦੀ ਤਰ੍ਹਾਂ ਸ਼ਕਤੀ ਹੁੰਦੀ ਹੈ। ਕੰਘਾ ਅਰਸ਼ੀ ਤੇ ਅਕਾਸ਼ੀ ਸ਼ਕਤੀ ਨੂੰ ਆਪਣੇ ਸਰੀਰ ਵਿੱਚ ਲਿਆਉਣ ਦਾ ਮਾਧਿਅਮ ਹੈ। ਮਨੁੱਖੀ ਸਿਰ ਵਿਖੇ ਸੂਰਜੀ ਕੇਂਦਰ ਹੈ ਜੋ ਮਰਦਾਂ ਦੇ ਸਿਰ ਦੇ ਅਗਲੇ ਹਿੱਸੇ




ਅਤ ਬੀਬੀਆਂ ਦੇ ਸਿਰ ਵਿੱਚ ਥੋੜ੍ਹਾ ਪਿਛਲੇਰੇ ਹਿੱਸੇ ਵਿੱਚ ਹੁੰਦਾ ਹੈ। ਕੰਘਾ ਇਹ ਸੂਰਜੀ ਸ਼ਕਤੀ ਨੂੰ ਦਿਮਾਗ ਵਿੱਚ ਲਿਆਉਂਦਾ ਹੈ। ਇਨਸਾਨੀ ਖੋਪਰੀ ਦੇ ਹੇਠਾਂ ਚਰਬੀ ਹੁੰਦੀ ਹੈ ਜੋ ਕਿ ਤੇਲ ਦੀ ਤਰ੍ਹਾਂ ਖੋਪਰੀ ਵਿੱਚੋਂ ਪੈਦਾ ਕਰਦੀ ਹੈ, ਜਿਸ ਨੂੰ ਲਕੜੀ ਦਾ ਕੰਘਾ ਬਹੁਤ ਪ੍ਰਬੀਨਤਾ ਤੇ ਨਿਪੁੰਨਤਾ ਨਾਲ ਸਾਰੇ ਕੇਸਾਂ ਨੂੰ ਵੰਡਦਾ ਹੈ।

**ਕੜਾ-** ਸ੍ਰੀ ਗੁਰੂ ਸਾਹਿਬ ਨੇ ਕੜਾ ਸਿੱਖ ਨੂੰ ਸਦੀਵੀ ਸ਼ਹੀਦੀ ਗਾਨਾ ਬਖ਼ਸ਼ਿਆ ਹੈ, ਜੋ ਦਸਾਂ ਨੌਹਾਂ ਦੀ ਕਿਰਤ ਕਰਨ ਤੇ ਵੰਡ ਛੱਕਣ ਦੀ ਪ੍ਰੇਰਨਾ ਬਖ਼ਸ਼ਦਾ ਹੈ। ਕੜਾ ਸਰਬਲੋਹ ਧਾਤ ਦਾ ਹੁੰਦਾ ਹੈ। ਲੋਹੇ ਵਿੱਚ ਇਹ ਖਾਸ ਗੁਣ ਹੈ ਕਿ ਇਹ ਤੁਹਾਡੀ ਨਾਕਾਰਾਤਮਿਕਤਾ ਤੋਂ ਰੱਖਿਆ ਕਰਦਾ ਹੈ। ਇਨਸਾਨ ਦਾ ਸਵੈ-ਮਾਨ ਤੇ ਸਵੈ ਭਰੋਸਾ ਵਧਾਉਂਦਾ ਹੈ। ਸਰੀਰ ਨੂੰ ਸ਼ਕਤੀ ਦਿੰਦਾ ਹੈ। ਸਰਬ ਲੋਹ ਮੁਕੰਮਲ ਤੱਤ ਹੈ, ਇਹ ਇਲਾਕਟਰਾਨਿਕ ਬਿਜਲਾਣੂਆਂ ਨੂੰ ਨਾ ਲੈਂਦਾ ਅਤੇ ਨਾ ਵੰਡਦਾ ਹੈ। ਸਰਬ ਲੋਹ ਦਾ ਕੜਾ ਉਸ ਅਸੀਮ ਪ੍ਰਭੂ ਦੀ ਅਨੰਨਤਾ ਨਾਲ ਜੋੜਨ ਤੇ ਮਿਲਾਪ ਕਰਵਾਉਣ ਅਤੇ ਪ੍ਰਾਣਾ ਦਾ ਪ੍ਰਤੀਕ ਹੈ। ਲੋਹਾ ਹੋਮੋਗਲੋਬਿਨ ਲਹੂ ਦੇ ਇਕ ਅੰਸ਼ ਦਾ ਰੂਪ ਧਾਰਨ ਕਰਕੇ ਇਨਸਾਨ ਦੇ ਸੈਲਾਂ ਕੋਸ਼ਾਣੂਆਂ ਨੂੰ ਆਕਸੀਜਨ ਪਹੁੰਚਾਉਂਦਾ ਹੈ। ਕੜਾ ਪਰ ਧਨ ਦੇ ਤਿਆਗ ਦੀ ਯਾਦ ਦਿਵਾਉਂਦਾ ਹੈ। ਕੜਾ ਧਰਮ ਦਾ ਪ੍ਰਤੀਕ ਚੱਕਰ ਹੈ। ਇਕੋ ਸਮੇਂ ਮੀਰੀ ਤੇ ਪੀਰੀ ਦਾ ਪ੍ਰਤੀਕ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਸ਼ਹਾਲੀ ਦਾ ਚਿੰਨ੍ਹ ਕੜਾ ਸਿੱਖਾਂ ਨੂੰ ਪਹਿਨਾਇਆ ਹੈ।

**ਕ੍ਰਿਪਾਨ-** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸੇ ਨੂੰ ਬਖ਼ਸ਼ੀ ਇਹ ਪ੍ਰੇਮ ਨਿਸ਼ਾਨੀ ਹੈ। ਕ੍ਰਿਪਾਨ ਬਹੁਤ ਹੀ ਪਵਿਤਰ ਕਕਾਰ ਹੈ। ਅਕਾਲ ਪੁਰਖ ਦਾ ਸ਼ਸਤ੍ਰ ਹੈ। ਇਸ ਨੂੰ ਸਰੀਰ ਤੋਂ ਦੂਰ ਨਹੀਂ ਕਰਨਾ ਤਾਂ ਕਿ ਅਕਾਲ ਪੁਰਖ ਤੇ ਗੁਰੂ ਸਾਹਿਬ ਅਭੇਦ ਹਨ। ਸੰਤ ਸਿਪਾਹੀ ਮਜ਼ਲੂਮ ਦੀ ਰੱਖਿਆ ਕਰਦਾ ਹੈ। ਸਤਿਗੁਰ ਜੀ ਨੇ ਸੰਤ ਨੂੰ ਸਿਪਾਹੀ ਬਣਾਇਆ ਤੇ ਜਿਥੇ ਸੰਤ ਸਤਾ ਲਈ ਬਾਣੀਆਂ ਦਾ ਨਿਤਨੇਮ ਲਾਜ਼ਮੀ ਹੈ, ਉਥੇ ਹੀ ਸਿਪਾਹੀ ਦਾ ਪ੍ਰਤੀਕ ਸ਼ਸਤ੍ਰ ਕ੍ਰਿਪਾਨ ਬਖ਼ਸ਼ੀ ਹੈ। ਕ੍ਰਿਪਾਨ ਅਕਾਲ ਪੁਰਖ ਦੀ ਆਦਿ ਸ਼ਕਤੀ ਹੈ। ਇਸ ਦਾ ਪੂਰਾ ਅਦਬ ਰੱਖਣਾ ਚਾਹੀਦਾ ਹੈ। ਕ੍ਰਿਪਾਨ ਗਾਤਰੇ ਵਿੱਚ ਰੱਖਣੀ ਚਾਹੀਦੀ ਹੈ। ਜਿਸ ਨੇ ਮਨ ਨੂੰ ਸਾਧ ਲਿਆ ਉਸ ਦੇ ਕ੍ਰਿਪਾਨ ਜ਼ੁਲਮ ਨਹੀਂ ਕਰੇਗੀ ਸਗੋਂ ਜ਼ੁਲਮ ਨੂੰ ਰੋਕੇਗੀ। ਕ੍ਰਿਪਾਨ ਕ੍ਰਿਪਾ ਤੇ ਆਨ ਸ਼ਬਦਾਂ ਦਾ ਜੋੜ ਹੈ।

**ਕਛਹਿਰਾ-** ਪੰਜਵਾਂ ਕਕਾਰ ਕਛਹਿਰਾ ਹੈ। ਕਛਹਿਰਾ ਨਿਪੁੰਨਤਾ ਤੇ ਕੁਸ਼ਲਤਾ ਨਾਲ ਆਪਣਾ ਉਦੇਸ਼ ਪੂਰਾ ਕਰਦਾ ਹੈ। ਕਛਹਿਰਾ ਪਹਿਨਣ ਵਾਲੇ ਨੂੰ ਗੌਰਵ, ਵਡਿਆਈ, ਨਿਮਰਤਾ, ਲੱਜਾ, ਨੇਕਚਲਣੀ, ਪਵਿਤ੍ਰਤਾ, ਸਤ, ਸਨਮਾਨ, ਇੱਜ਼ਤ ਤੇ ਉਚਤਾ ਦਾ ਅਹਿਸਾਸ ਕਰਾਉਂਦਾ ਹੈ। ਗੁਰੂ ਸਾਹਿਬ ਨੇ ਹੋਰ ਪੁਸ਼ਾਕ ਦੀ ਕੋਈ ਬੰਦਸ਼ ਨਹੀਂ ਲਗਾਈ, ਪ੍ਰੰਤੂ ਕਛਹਿਰੇ ਤੇ ਦਸਤਾਰ ਪਹਿਨਣ ਦਾ ਫ਼ੁਰਮਾਨ ਜਾਰੀ ਕੀਤਾ ਹੈ। ਕਛਹਿਰਾ ਪਹਿਨਣਾ ਸਿਰਫ ਜਨਣ ਇੰਦਰੀ ਨੂੰ ਢਕਣਾ ਹੀ ਨਹੀਂ ਸਗੋਂ ਪਹਿਨਣ ਵਾਲੇ ਉਪਰ ਸਵੈ-ਨਿਯੰਤਰਣ ਲਾਗੂ ਕਰਨ ਦਾ ਆਦੇਸ਼ ਵੀ ਹੈ। ਸਮਾਜਿਕ ਮਰਿਆਦਾ ਵਿੱਚ ਰਹਿਣਾ ਜ਼ਰੂਰੀ ਹੈ। ਕਛਹਿਰਾ ਉਤਾਰ ਕੇ ਨੰਗਾ ਨਹੀਂ ਸਉਣਾ। ਅੰਮ੍ਰਿਤਧਾਰੀਆਂ ਨੇ ਇਸ਼ਨਾਨ ਕਰਨ ਉਪਰੰਤ ਗਿਲੇ ਕਛਹਿਰੇ ਦਾ ਇਕ ਪਹੁੰਚਾ ਲਾਹ ਕੇ ਸੁੱਕਾ ਨਵਾਂ ਪਾ ਕੇ ਫਿਰ ਦੂਜਾ ਪਹੁੰਚਾ ਉਤਾਰਨਾ ਹੈ। ਇਕੱਠੇ ਨਹੀਂ ਲਾਹੁਣੇ। ਸਤਿਗੁਰ ਜੀ ਨੇ ਸੰਜਮੀ, ਸ਼ੁਸ਼ੀਲ ਪੁਸ਼ਾਕ ਲਿਬਾਸ ਦੇ ਰੂਪ ਵਿੱਚ ਨਿਰਮਾਣ ਕਛਹਿਰਾ ਬਖ਼ਸ਼ਿਆ ਹੈ। ਕਛਹਿਰਾ ਜੰਗੀ ਪੁਸ਼ਾਕ ਹੈ। ਯੁੱਧ ਵਿੱਚ ਸੂਰਬੀਰਾਂ ਲਈ ਕੱਸਵਾਂ ਲਿਬਾਸ ਹੀ ਦਰੁੱਸਤ ਹੈ। ਕਛਹਿਰਾ ਪਵਿਤ੍ਰਤਾ ਦਾ ਪ੍ਰਤੀਕ ਹੈ। ਜਸਮੇਰ ਸਿੰਘ ਸੇਠੀ ਨੇ ਸਿੱਖ ਪੰਥ ਲਈ '5 ਕਕਾਰਾਂ' ਬਾਰੇ ਜਾਣਕਾਰੀ ਦੇ ਸਿੱਖ ਸ਼ਰਧਾਲੂਆਂ ਦਾ ਮਾਰਗ ਦਰਸ਼ਨ ਕੀਤਾ ਹੈ ਪ੍ਰੰਤੂ ਕੁਝ ਥਾਵਾਂ 'ਤੇ ਚਮਤਕਾਰਾਂ ਦੀਆਂ ਉਦਾਹਰਣਾ ਦਿੱਤੀਆਂ ਹਨ ਜਿਨ੍ਹਾਂ ਦੀ ਸਿੱਖ ਧਰਮ ਵਿੱਚ ਮਾਨਤਾ ਨਹੀਂ ਹੈ। ਇਹ ਪੁਸਤਕ ਡਾ.ਨਿਰਮਲ ਸਿੰਘ,ਪ੍ਰਿੰ.ਕੁਲਵਿੰਦਰ ਸਿੰਘ ਅਤੇ ਮੋਤਾ ਸਿੰਘ ਸਰਾਏ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। 144 ਪੰਨਿਆਂ ਦੀ ਇਹ ਪੁਸਤਕ ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤੀ ਹੈ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**


Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com


Edmonton
Parminder Singh Balluana
780-258-5800
780 599 2000
Email: balluana.parminder@gmail.com


Regina
Gurbinder Singh Gagowal
306 520 4313, 639 999 1000
Email: gur.gago@gmail.com


Saskatoon
Rishi Joshi
639 742 1200
639 999 1000
Rishijoshi1990 @hotmail.com


Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca




# ਪੁਰਾਤਨ ਫ਼ਿਲਮੀ ਗੀਤਾਂ ਵਿੱਚ ਛਲਕਦਾ ਸੀ ਦੇਸ਼ ਪਿਆਰ


-ਸੁਰਜੀਤ ਜੱਸਲ (ਫ਼ਿਲਮ ਜਰਨਲਿਸਟ)

ਦੇਸ਼ ਭਗਤੀ ਦੇ ਗੀਤ ਮੁੱਢ ਤੋਂ ਹੀ ਹਿੰਦੀ ਫ਼ਿਲਮਾਂ ਦਾ ਅਹਿਮ ਹਿੱਸਾ ਰਹੇ ਹਨ। ਦੇਸ਼ ਭਗਤੀ ਦੀਆਂ ਫ਼ਿਲਮਾਂ ਦਾ ਦੌਰ ਆਜ਼ਾਦੀ ਤੋਂ ਪਹਿਲਾਂ ਵੀ ਅਤੇ ਬਾਅਦ ਵੀ ਬਰਕਰਾਰ ਰਿਹਾ। ਇਨ੍ਹਾਂ ਫ਼ਿਲਮਾਂ ਦਾ ਜਾਦੂ ਦਰਸ਼ਕਾਂ ਦੇ ਸਿਰ ਚੜ੍ਹ ਕੇ ਬੋਲਿਆ। ਇੱਥੋਂ ਤੱਕ ਵਿਕਰਮ ਚੰਦ ਚੱਟੋਪਾਧਿਆਏ ਦੀ ਲਿਖਤ 'ਆਨੰਦਮੱਠ 'ਤੇ ਬਣੀ ਫ਼ਿਲਮ ਦੇ ਗੀਤ 'ਬੰਦੇ ਮਾਤਰਮ' ਨੇ ਏਨੀ ਲੋਕਪ੍ਰਿਅਤਾ ਹਾਸਲ ਕਰ ਲਈ ਕਿ ਬਾਅਦ 'ਚ ਇਸ ਗੀਤ ਨੂੰ ਭਾਰਤ ਦਾ ਰਾਸ਼ਟਰੀ ਗੀਤ ਬਣਾਇਆ ਗਿਆ।ਇਸ ਗੀਤ ਨੇ ਜੰਗੇ-ਆਜ਼ਾਦੀ ਦੇ ਸੈਨਿਕਾਂ 'ਚ ਜੋਸ਼ ਭਰ ਦਿੱਤਾ ਸੀ। 1940 'ਚ ਰਿਲੀਜ਼ ਹੋਈ ਬੰਬੈ ਟਾਕੀਜ਼ ਦੀ 'ਬੰਧਨ' ਦਾ ਗੀਤ ਸੀ ' ਚੱਲ ਚੱਲ ਰੇ ਨੌਜਵਾਨ..ਜੀਨਾ ਤੇਰਾ ਕਾਮ ਨਹੀਂ ਮਰਨਾ ਤੇਰੀ ਸ਼ਾਨ,' ਅਸ਼ੋਕ ਕੁਮਾਰ ਤੇ ਲੀਲਾ ਚਿਟਨਿੱਸ ਦੇ ਗਾਏ ਇਸ ਗੀਤ ਨੇ ਗਾਂਧੀ ਜੀ ਦੀ ਅਗਵਾਈ ਹੋਰ ਵੀ ਤੇਜ਼ ਕਰ ਦਿੱਤੀ ਸੀ। ਇਹ ਉਹ ਦੌਰ ਸੀ ਜਦ ਰਾਸ਼ਟਰ ਪਿਤਾ ਦੀ ਆਵਾਜ਼ ਨਾਲ ਲੱਖਾਂ ਲੋਕਾਂ ਦੀ ਆਵਾਜ਼ ਇੱਕ ਨਾਅਰਾ ਬਣ ਕੇ ਗੂੰਜੀ ਸੀ।ਗਾਂਧੀ ਨੇ 1942 ਵਿਚ 'ਅੰਗਰੇਜ਼ੋ ਭਾਰਤ ਛੱਡੋ' ਦਾ ਨਾਅਰਾ ਦਿੱਤਾ ਸੀ ਤੇ 1943 ਵਿਚ ਫ਼ਿਲਮ 'ਕਿਸਮਤ' ਰਿਲੀਜ਼ ਹੋਈ । ਪੰਡਿਤ ਪ੍ਰਦੀਪ ਦੇ ਲਿਖੇ ਗੀਤਾਂ ਅਤੇ ਅਨਿਲ ਵਿਸ਼ਵਾਸ ਦੇ ਸੰਗੀਤ ਵਿਚ ਸਜੀ ਇਸ ਫ਼ਿਲਮ ਦੇ ਗੀਤ' ਦੂਰ ਹਟੋ ਐ ਦੂਨੀਆ ਵਾਲੋ ..ਹਿੰਦੋਸਤਾਨ ਹਮਾਰਾ ਹੈ..' ਨੇ ਧੂੰਮਾਂ ਪਾ ਦਿੱਤੀਆਂ। ਇਸ ਗੀਤ ਨੇ ਅੰਗਰੇਜ਼ ਸ਼ਾਸਕਾਂ ਦੀ ਨੀਂਦ ਹਰਾਮ ਕਰ ਦਿੱਤੀ ਸੀ। ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਫ਼ਿਲਮਸਤਾਨ ਸਟੂਡੀਓ ਵੱਲੋਂ ਇੱਕ ਫ਼ਿਲਮ 'ਸ਼ਹੀਦ' ਬਣਾਈ ਗਈ ਜਿਸ ਵਿਚ ਦਲੀਪ ਕੁਮਾਰ ਅਤੇ ਕਾਮਨੀ ਕੌਸ਼ਲ ਨੇ ਅਹਿਮ ਕਿਰਦਾਰ ਨਿਭਾਏ। ਇਸ ਦਾ ਗੀਤ 'ਵਤਨ ਕੀ ਰਾਹ ਪੇ ਵਤਨ ਕੇ ਨੌਜਵਾਨ ਸ਼ਹੀਦ ਹੋ..' ਬੇਹੱਦ ਮਕਬੂਲ ਹੋਇਆ।ਇੱਕ ਫ਼ਿਲਮ 'ਜਾਗ੍ਰਤੀ ' ਵੀ ਅਮਰ ਗੀਤਾਂ ਸਦਕਾ ਸੁਪਰਹਿੱਟ ਸਾਬਤ ਹੋਈ ।ਪੰਡਤ ਪ੍ਰਦੀਪ ਦੇ ਲਿਖੇ ਇਨ੍ਹਾਂ ਗੀਤਾਂ ਵਿੱਚੋਂ ਤਿੰਨ ਗੀਤ ਤਾਂ ਬੇਹੱਦ ਮਕਬੂਲ ਰਹੇ, 'ਦੇ ਦੀ ਹਮੇ ਆਜ਼ਾਦੀ ਬਿਨਾਂ ਖੜਗ ਬਿਨਾ ਢਾਲ..ਸਾਬਰਮਤੀ ਕੇ ਸੰਤ ਤੂਨੇ ਕਰ ਦੀਆਂ ਕਮਾਲ.', ਹਮ ਲਾਏ ਹੈ ਤੂਫ਼ਾਨ ਸੇ ਕਿਸਤੀ ਨਿਕਾਲ ਕੇ ' ਅਤੇ 'ਆਓ ਬੱਚੋ ਤੁਮਹੇ ਦਿਖਾਏ ਝਾਕੀ ਹਿੰਦੁਸਤਾਨ ਕੀ..''ਕੰਬਲੀਵਾਲਾ (1957) ਫ਼ਿਲਮ ਦੇ ਗੀਤ ਵੀ ਕਦੇ ਭੁਲਾਏ ਨਹੀਂ ਜਾ ਸਕਦੇ। ਮੰਨਾ ਦੇ ਦਾ ਗਾਇਆ ਇਹ ਗੀਤ 'ਐ ਮੇਰੇ ਪਿਆਰੇ ਵਤਨ...'। ਸੰਗੀਤਕਾਰ ਨੌਸ਼ਾਦ ਅਲੀ ਅਤੇ ਗੀਤਕਾਰ ਸ਼ੁਕੀਲ ਬਿਦਾਯੂਨੀ ਦੀ ਜੋੜੀ ਨੇ ਸਭ ਤੋਂ ਜ਼ਿਆਦਾ ਹਿੱਟ ਗੀਤ ਦਿੱਤੇ। ਫ਼ਿਲਮ ' ਗੰਗਾ ਯਮੁਨਾ' (1961) ਵਿੱਚ ਗੀਤ 'ਨੰਨ੍ਹਾ ਮੁੰਨ੍ਹਾ ਰਾਹੀ ਹੂੰ ਦੇਸ਼ ਕਾ ਸਿਪਾਹੀ ਹੂੰ..'। ਫ਼ਿਲਮ 'ਲੀਡਰ'ਵਿੱਚ 'ਆਪਣੀ ਆਜ਼ਾਦੀ ਕੋ ਹਮ ਹਰਗਿਜ਼ ਭੂਲਾਅ ਸਕਤੇ ਨਹੀਂ..'।ਫ਼ਿਲਮ 'ਨਯਾ ਦੌਰ' ਦੇ ਗੀਤ 'ਯੇ ਦੇਸ਼ ਹੈ ਵੀਰ ਜਵਾਨੋਂ ਕਾ...' ਵੀ ਕਾਫ਼ੀ ਮਕਬੂਲ ਹੋਇਆ। 1964 ਵਿੱਚ ਯਾਦਗਰ ਫ਼ਿਲਮ 'ਹਕੀਕਤ' ਰਿਲੀਜ਼ ਹੋਈ। ਇਹ ਫ਼ਿਲਮ 1962 ਭਾਰਤ ਚੀਨ ਜੰਗ ਦੇ ਸਬੰਧ ਵਿੱਚ ਸਰਕਾਰੀ ਮਦਦ ਨਾਲ ਬਣੀ ਸੀ । ਇਸ ਦੇ ਸਾਰੇ ਗੀਤ ਚਰਚਿਤ ਰਹੇ। ਪਰ ਕੈਫ਼ੀ ਆਜ਼ਮੀ ਦਾ ਲਿਖਿਆ ਤੇ ਮਦਨ ਮੋਹਨ ਦਾ ਸੰਗੀਤਬੱਧ ਕੀਤਾ ਗੀਤ 'ਕਰ ਚਲੇ ਹਮ ਫ਼ਿਦਾ ਜਾਨੇ ਤਨ ਸਾਥੀਓ...'ਹਰੇਕ ਸਰੋਤਾ/ ਦਰਸ਼ਕ ਦੀ ਜ਼ੁਬਾਨ 'ਤੇ ਚੜ੍ਹ ਗਿਆ। ਜਿੱਥੇ ਦਾਰਾ ਸਿੰਘ ਦੀ ਫ਼ਿਲਮ 'ਸਿਕੰਦਰ-ਏ ਆਜ਼ਮ' ਦਾ ਗੀਤ 'ਜਹਾਂ ਡਾਲ ਡਾਲ ਪਰ ਸੋਨੇ ਕੀ. ਚਿੜੀਆ ਕਰਤੀ ਹੈ ਬਸੇਰਾ,ਵੋਹ ਭਾਰਤ ਦੇਸ਼ ਹੈ ਮੇਰਾ.,ਉਥੇ ਫ਼ਿਲਮ 'ਉਪਕਾਰ'(1967) ਦੇ ਗੀਤਾਂ ਨੇ ਪੂਰੇ ਭਾਰਤ ਵਿੱਚ ਧੁੰਮਾਂ ਪਾਈਆਂ।' ਮੇਰੇ ਦੇਸ਼ ਕੀ ਧਰਤੀ ਸੋਨਾ ਉਗਲੇ..."ਕਾਫ਼ੀ ਮਕਬੂਲ ਹੋਇਆ। ਬਹੁਤ ਸਾਰੀਆਂ ਫ਼ਿਲਮਾਂ ਅਜਿਹੀਆਂ ਸਨ ਜਿਨ੍ਹਾਂ ਦਾ ਵਿਸ਼ਾ ਵਸਤੂ ਦੇਸ਼ ਪ੍ਰੇਮ 'ਤੇ ਕੇਂਦਰਿਤ ਨਹੀਂ ਸੀ, ਫਿਰ ਵੀ ਉਨ੍ਹਾਂ ਵਿੱਚ ਘੱਟੋ ਘੱਟ ਇੱਕ ਗੀਤ ਅਜਿਹਾ ਸੀ ਜਿਹੜਾ ਕਿ ਦੇਸ਼ ਭਗਤੀ ਦੀਆਂ ਤਰੰਗਾਂ ਛੇੜਦਾ ਸੀ । ਜਿਸ ਗੀਤ ਨੂੰ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰਨ ਅਤੇ ਦੇਸ਼ ਲਈ ਆਪਾ ਵਾਰਨ ਦੀ ਪ੍ਰੇਰਨਾ ਦੇਣ ਦੀ ਉੱਤਮ ਮਿਸਾਲ ਮੰਨਿਆ ਜਾਂਦਾ ਹੈ, ਉਹ 1962 ਵਿੱਚ ਭਾਰਤ ਉੱਪਰ ਚੀਨੀ ਹਮਲੇ ਅਤੇ ਇਸ ਵਿੱਚ ਭਾਰਤੀ ਫ਼ੌਜੀਆਂ ਵੱਲੋਂ ਦਿੱਤੀਆਂ ਸ਼ਹਾਦਤਾਂ ਦੇ ਪ੍ਰਤੀਕਰਮ ਵਜੋਂ ਸਿਰਜਿਆਂ ਗਿਆ ਸੀ। ਇਹ ਗੀਤ ਸੀ 'ਐ ਮੇਰੇ ਵਤਨ ਕੇ ਲੋਗੋ ਜ਼ਰਾ ਆਂਖ ਮੇਂ ਭਰਲੋ ਪਾਨੀ, ਜੋ ਸ਼ਹੀਦ ਹੂਏ ਹੈ ਉਨਕੀ ਜ਼ਰਾ ਯਾਦ ਕਰੋ ਕੁਰਬਾਨੀ..' ਇਸ ਗੀਤ ਨੂੰ ਪੰਡਿਤ ਪ੍ਰਦੀਪ ਨੇ ਲ਼ਿਖਿਆ ਸੀ। ਇਹ ਕਿਸੇ ਫ਼ਿਲਮ ਦਾ ਗੀਤ ਨਹੀਂ ਸੀ । ਇਸ ਦੀ ਧੁੰਨ ਸੰਗੀਤਕਾਰ ਸੀ ਰਾਮ ਚੰਦਰ ਨੇ ਤਿਆਰ ਕੀਤੀ ਸੀ। ਪਹਿਲਾਂ ਇਹ ਗੀਤ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਹਾਜ਼ਰੀ ਵਿੱਚ ਮੰਗੇਸ਼ਕਰ ਭੈਣਾਂ ( ਲਤਾ ਤੇ ਆਸ਼ਾ) ਨੇ ਗਵਾਉਣਾ ਸੀ, ਪਰ ਅੰਤਿਮ ਮੌਕੇ ਇਸ ਗੀਤ ਨੂੰ ਲਤਾ ਮੰਗੇਸ਼ਕਰ ਪਾਸੋਂ ਹੀ ਗਵਾਇਆ ਗਿਆ। ਕਿਹਾ ਜਾ ਦਾ ਹੈ ਕਿ ਇਹ ਗੀਤ ਸੁਣ ਕੇ ਪੰਡਿਤ ਨਹਿਰੂ ਦੀਆਂ ਅੱਖਾਂ ਵਿੱਚ ਹੰਝੂ ਭਰ ਆਏ ਸੀ।

ਕੁਝ ਸਾਲ ਪਹਿਲਾਂ ਦੇਸ਼ ਭਗਤੀ ਦੀਆਂ ਫ਼ਿਲਮਾਂ ਦਾ ਸਿਲਸਿਲਾ ਮੁੜ ਸ਼ੁਰੂ ਹੋਇਆ ਤਾਂ 'ਬਾਰਡਰ' ਸ਼ਹੀਦੇ-ਆਜ਼ਮ, ਦਾ ਲਿਜੈਂਡ ਆਫ਼ ਭਗਤ ਸਿੰਘ,' 23 ਮਾਰਚ 1931, 'ਸ਼ਹੀਦ,' ਆਦਿ ਫ਼ਿਲਮਾਂ ਰਾਹੀਂ ਦੇਸ਼ ਭਗਤੀ ਦਾ ਜਜ਼ਬਾ ਜਗਾਉਣ ਦੀ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਫ਼ਿਲਮਾਂ ਨੇ ਕਹਾਣੀ ਅਤੇ ਅਦਾਕਾਰੀ ਪੱਖੋਂ ਤਾਂ ਪ੍ਰਸਿੱਧੀ ਹਾਸਲ ਕੀਤੀ ਪਰ ਸੰਗੀਤਕ ਨਜ਼ਰੀਏ ਤੋਂ ਇਨ੍ਹਾਂ ਫ਼ਿਲਮਾਂ ਦੇ ਗੀਤ ਬਹੁਤ ਮਕਬੂਲੀਅਤ ਨਾ ਲੈ ਸਕੇ। ਜਿਊਂ ਜਿਊਂ ਦੇਸ਼ ਦੀ ਆਜ਼ਾਦੀ ਦੀਆਂ ਤਸਵੀਰਾਂ ਧੁੰਦਲੀਆਂ ਪੈ ਰਹੀਆਂ ਹਨ ਫ਼ਿਲਮੀ ਪਰਦੇ ਤੋਂ ਦੇਸ਼ ਭਗਤੀ ਦੀਆਂ ਫ਼ਿਲਮਾਂ ਦਾ ਕੱਦ ਬੌਣਾ ਹੁੰਦਾ ਜਾ ਰਿਹਾ ਹੈ। ਅੱਜ ਅਜਿਹੇ ਕੋਈ ਵੀ ਬਾਲੀਵੁੱਡ ਫ਼ਿਲਮ ਨਹੀਂ ਹੈ ਜਿਸ ਨੂੰ ਦੇਸ਼ ਭਗਤੀ ਵਾਲੇ ਵਿਸ਼ੇ ਦਾ ਖ਼ਿਤਾਬ ਦਿੱਤਾ ਜਾ ਸਕੇ। ਬਿਨਾ ਸ਼ੱਕ ਉਹ ਪੁਰਾਣੀਆਂ ਹਿੰਦੀ ਫ਼ਿਲਮਾਂ ਹੀ ਸੀ ਜਿਨ੍ਹਾਂ ਦੇ ਗੀਤਾਂ ਵਿੱਚੋਂ ਦੇਸ਼ ਪਿਆਰ ਦਾ ਜਜ਼ਬਾ ਡੁੱਲ੍ਹ -ਡੁੱਲ੍ਹ ਪੈਂਦਾ ਸੀ। 26 ਜਨਵਰੀ ਅਤੇ 15 ਅਗਸਤ ਦੇ ਵਿਸ਼ੇਸ਼ ਦਿਨਾਂ 'ਤੇ ਅੱਜ ਵੀ ਅਜਿਹੇ ਗੀਤਾਂ ਦੀ ਸਰਦਾਰੀ ਕਾਇਮ ਹੈ।

9814607737






# ਰੂਹ ਦਾ ਹਾਣੀ

ਕਰਮਜੀਤ ਕੌਰ ਮੁਕਤਸਰ

ਗੱਲ 2020 ਦੀ ਹੈ। ਗਰਮੀਆਂ ਦੇ ਦਿਨ ਸਨ। ਸੁਬਹ-ਸਵੇਰੇ ਮੈਂ ਘਰ ਦੇ ਨਿੱਕੇ ਮੋਟੇ ਕੰਮ ਨਿਬੇੜਨ ਵਿੱਚ ਰੁੱਝੀ ਹੋਈ ਸੀ। ਇੰਨੇ ਨੂੰ ਸਾਡੀ ਸਫ਼ਾਈ ਸੇਵਕ ਨਾਜ਼ੋ ਨੇ ਆਉਂਦਿਆਂ ਹੀ ਕਿਹਾ, "ਸਤਿ ਸ੍ਰੀ ਅਕਾਲ ਭੈਣ ਜੀ।" ਮੈਂ ਤ੍ਰਭਕ ਕੇ, ਤੇਜ਼ੀ ਨਾਲ ਉਸ ਵੱਲ ਦੇਖਿਆ ਤੇ ਉਸ ਦੀ ਸਤਿ ਸ੍ਰੀ ਅਕਾਲ ਦਾ ਜਵਾਬ ਦੇ ਕੇ ਪੈਂਦੀ ਸੱਟੇ ਕਿਹਾ, "ਲੱਗਦਾ ਸਾਰੇ ਰਿਸ਼ਤੇਦਾਰ ਹੁਣ ਚਲੇ ਗਏ ਹੋਣੇ ਆਂ।" ਕਿਉਂਕਿ ਨਾਜ਼ੋ ਆਪਣੇ ਭਤੀਜੇ ਦੇ ਵਿਆਹ ਤੋਂ ਦਸ ਦਿਨ ਬਾਅਦ ਕੰਮ 'ਤੇ ਆਈ ਸੀ। "ਨਹੀਂ ਭੈਣ ਜੀ, ਵਿਆਹ 'ਤੇ ਤਾਂ ਮੇਰੇ ਸਿਵਾਏ ਕਿਸੇ ਹੋਰ ਨੂੰ ਨਹੀਂ ਬੁਲਾਇਆ ਸੀ।" "ਹੈਂ! ਪਰ ਕਿਉਂ?" ਮੈਂ ਹੈਰਾਨੀ ਨਾਲ ਪੁੱਛਿਆ।

ਨਾਜ਼ੋ ਨੇ ਠੰਢਾ ਹਾਉਕਾ ਲੈਂਦਿਆਂ ਰਸੋਈ ਨਾਲ ਖੜ੍ਹੀ ਕੀਤੀ ਪੀੜ੍ਹੀ ਨੂੰ ਡਾਹੁੰਦਿਆਂ ਕਿਹਾ, "ਲਵ ਮੈਰਿਜ ਸੀ ਨਾ ਭੈਣ ਜੀ, ਤਾਂ ਕਰਕੇ।" "ਲਵ ਹੋਵੇ ਜਾਂ ਅਰੇਂਜ, ਮੈਰਿਜ ਤਾਂ ਮੈਰਿਜ ਈ ਹੁੰਦੀ ਆ ਨਾਜ਼ੋ।" ਮੈਂ ਕੁਰਸੀ ਉਸ ਦੀ ਪੀੜ੍ਹੀ ਦੇ ਨੇੜੇ ਕਰਦਿਆਂ ਕਿਹਾ। ਉਹ ਢਿੱਲਾ ਜਿਹਾ ਮੂੰਹ ਕਰ ਕੇ ਬੋਲੀ, "ਕੀ ਦੱਸਾਂ ਭੈਣ ਜੀ, ਕੁੜੀ ਦੇ ਪੇਕਿਆਂ ਦਾ ਜੱਦੀ ਸ਼ਹਿਰ ਤਾਂ ਕਿਤੇ ਹੋਰ ਦਾ ਹੈ ਪਰ ਹੁਣ ਮੇਰੇ ਪੇਕਿਆਂ ਦੇ ਘਰ ਤੋਂ ਦੋ-ਚਾਰ ਘਰ ਛੱਡ ਕੇ ਆਪਣੀ ਮਾਂ ਨਾਲ ਕਿਰਾਏ ਦੇ ਘਰ 'ਚ ਰਹਿੰਦੀ ਹੈ। ਲੜਕੀ ਦਾ ਪਿਤਾ ਕਿਸੇ ਬਿਮਾਰੀ ਕਰਕੇ ਰੱਬ ਨੂੰ ਪਿਆਰਾ ਹੋ ਗਿਆ। ਪਿਤਾ ਦੀ ਬਿਮਾਰੀ ਕਰਕੇ ਹੀ ਉਨ੍ਹਾਂ ਦਾ ਘਰ-ਬਾਰ ਸਭ ਕੁਝ ਵਿਕ ਗਿਆ ਸੀ, ਕੋਈ ਪੈਸਾ ਧੇਲਾ ਨਾ ਰਿਹਾ। ਫਿਰ ਮਾਵਾਂ-ਧੀਆਂ ਕਿਰਾਏ ਦੇ ਮਕਾਨ 'ਚ ਰਹਿਣ ਲੱਗ ਪਈਆਂ। ਲੜਕੀ ਦੀ ਮਾਂ ਨੇ ਲੋਕਾਂ ਦੇ ਘਰਾਂ 'ਚ ਖਾਣਾ ਬਣਾਉਣ ਤੇ ਸਾਫ਼-ਸਫ਼ਾਈ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਤਾਂ ਜੋ ਘਰ ਦੇ ਗੁਜ਼ਾਰੇ ਦੇ ਨਾਲ-ਨਾਲ ਕੁੜੀ ਪੜ੍ਹ-ਲਿਖ ਕੇ ਪੈਰਾਂ 'ਤੇ ਖੜ੍ਹੀ ਹੋ ਸਕੇ। ਪੜ੍ਹਾਈ-ਲਿਖਾਈ 'ਚ ਲੜਕੀ ਕਾਫ਼ੀ ਹੁਸ਼ਿਆਰ ਸੀ। ਮੇਰੇ ਭਤੀਜੇ ਰਮੇਸ਼ ਦੇ ਨਾਲ ਹੀ ਕਾਲਜ 'ਚ ਪੜ੍ਹਦੀ ਸੀ। ਦੋਵੇਂ ਚੰਗੇ ਦੋਸਤ ਸੀ। ਰਮੇਸ਼ ਵੀ ਹਰ ਦੁੱਖ-ਸੁੱਖ 'ਚ ਉਸ ਦੀ ਮੱਦਦ ਕਰਦਾ ਸੀ। ਦੋਵੇਂ ਇੱਕ ਦੂਜੇ ਨੂੰ ਪਸੰਦ ਕਰਨ ਲੱਗੇ ਤੇ ਫਿਰ ਦੋਹਾਂ ਨੇ ਜ਼ਿੰਦਗੀ ਭਰ ਇੱਕਠੇ ਰਹਿਣ ਦਾ ਵਾਅਦਾ ਕਰ ਲਿਆ। ਪਰ ਘਰ ਦੀਆਂ ਜ਼ਿੰਮੇਵਾਰੀਆਂ ਸਿਰ ਪੈਣ ਕਰਕੇ ਰਮੇਸ਼ ਦੀ ਪੜ੍ਹਾਈ ਅੱਧ-ਵਿਚਕਾਰ ਛੁੱਟਗੀ। ਉਹ ਪ੍ਰਾਈਵੇਟ ਸੱਤ-ਅੱਠ ਹਜ਼ਾਰ ਰੁਪਏ 'ਤੇ ਨੌਕਰੀ ਕਰਨ ਲੱਗ ਗਿਆ। ਦੂਜੇ ਪਾਸੇ ਉਸ ਲੜਕੀ ਨੂੰ ਕਿਸੇ ਚੰਗੇ ਅਹੁਦੇ 'ਤੇ ਸਰਕਾਰੀ ਨੌਕਰੀ ਮਿਲ ਗਈ। ਰਮੇਸ਼ ਦੇ ਦੋਸਤਾਂ ਨੇ ਰਮੇਸ਼ ਨੂੰ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਕਿ ਉਹ ਲੜਕੀ ਹੁਣ ਤੇਰੇ ਨਾਲ ਕਦੇ ਵੀ ਵਿਆਹ ਨਹੀਂ ਕਰਾਊਗੀ। ਆਪਣੇ ਦੋਸਤਾਂ ਦੇ ਤਾਅਨੇ-ਮਿਹਣਿਆਂ ਤੋਂ ਤੰਗ ਆ ਕੇ ਰਮੇਸ਼ ਨੇ ਘਰੋਂ ਨਿਕਲਣਾ ਬੰਦ ਕਰ ਦਿੱਤਾ। ਦਿਮਾਗ਼ੀ ਤੌਰ 'ਤੇ ਪਰੇਸ਼ਾਨ ਰਹਿਣ ਕਰਕੇ ਉਹ ਗਹਿਰੇ ਸਦਮੇ ਦਾ ਸ਼ਿਕਾਰ ਹੋ ਗਿਆ। ਤੇ ਪਾਗਲਪਣ ਕਰਨ ਲੱਗ ਪਿਆ। ਕਈ ਵਾਰ ਤਾਂ ਉਸ ਨੇ ਆਤਮ-ਹੱਤਿਆ ਕਰਨ ਦੀ ਵੀ ਕੋਸ਼ਿਸ਼ ਕੀਤੀ। ਬਥੇਰੇ ਡਾਕਟਰਾਂ ਨੂੰ ਦਿਖਾਇਆ ਪਰ ਉਹ ਸਦਮੇ 'ਚੋਂ ਬਾਹਰ ਨਾ ਆਇਆ। ਰਮੇਸ਼ ਦੀ ਬੁਰੀ ਹਾਲਤ ਦੇਖ ਕੇ ਉਸ ਲੜਕੀ ਨੂੰ ਵਿਆਹ ਕਰਨ ਲਈ ਕਿਹਾ ਤਾਂ ਉਸ ਨੇ ਸਾਫ਼ ਜਵਾਬ ਦੇ ਦਿੱਤਾ ਪਰ ਇੱਕ ਸ਼ਰਤ 'ਤੇ ਉਸ ਨੇ ਵਿਆਹ ਲਈ ਹਾਂ ਕਰ ਦਿੱਤੀ ਕਿ ਇਸ ਵਿਆਹ ਬਾਰੇ ਕਿਸੇ ਨੂੰ ਇੱਕ ਤੋਂ ਦੂਜੇ ਕੰਨ ਖ਼ਬਰ ਨਹੀਂ ਹੋਣੀ ਚਾਹੀਦੀ। ਆਪਣੇ ਮੁੰਡੇ ਦੀ ਹਾਲਤ ਦੇਖ ਕੇ ਅਸੀਂ ਵੀ ਹਾਂ ਕਰ ਦਿੱਤੀ। ਕੁੜੀ ਆਪਣੇ ਸੂਹੇ ਜੋੜੇ 'ਚ ਤਿਆਰ ਹੋਈ। ਦੂਜੇ ਕਮਰੇ ਵਿੱਚ ਭਤੀਜੇ ਦੇ ਸਿਰ 'ਤੇ ਸਿਹਰਾ ਬੰਨ੍ਹਿਆ। ਘਰ ਦੇ ਇੱਕ ਮੈਂਬਰ ਨੇ ਗੇਟ 'ਚ ਖੜ੍ਹ ਕੇ ਪਹਿਰਾ ਦਿੱਤਾ ਕਿ ਕਿਸੇ ਨੂੰ ਵਿਆਹ ਬਾਰੇ ਭਿਣਕ ਨਾ ਪੈ ਜਾਵੇ। ਪੰਡਿਤ ਨੇ ਲਾਵਾਂ-ਫੇਰੇ ਕਰਵਾਏ ਤੇ ਵਿਆਹ ਹੋ ਗਿਆ। ਬੱਸ ਅੱਧੇ ਘੰਟੇ ਬਾਅਦ ਕੁੜੀ ਨੇ ਵਿਆਹ ਵਾਲਾ ਸੂਹਾ ਜੋੜਾ ਲਾਹ ਕੇ ਆਪਣੇ ਪੁਰਾਣੇ ਕੱਪੜੇ ਪਾ ਲਏ ਤੇ ਆਪਣੇ ਘਰ ਜਾਣ ਨੂੰ ਤਿਆਰ ਹੋ ਗਈ। ਜਾਣ ਲੱਗੀ ਸਾਰਿਆਂ ਨੂੰ ਕਹਿੰਦੀ ਕਿ ਹਾਲਾਤ ਦੇ ਠੀਕ ਹੁੰਦਿਆਂ ਹੀ ਮੈਂ ਜਲਦੀ ਵਾਪਸ ਆ ਜਾਊਂਗੀ। ਪਰ ਓਨੀ ਦੇਰ ਆਪਣੀ ਮਾਂ ਦੇ ਘਰ ਹੀ ਰਹੇਗੀ। ਅਗਲੇ ਦਿਨ ਰਸੋਈ ਦੀਆਂ ਰਸਮਾਂ ਲਈ ਕੁੜੀ ਨੂੰ ਫਿਰ ਫੋਨ ਕੀਤਾ ਕਿ ਬਈ ਆਪਣੀਆਂ ਰਸਮਾਂ ਪੂਰੀਆਂ ਕਰੇ। ਆਪਣੀ ਡਿਊਟੀ 'ਤੇ ਜਾਣ ਤੋਂ ਪਹਿਲਾਂ ਆਪਣੀ ਮਾਂ ਤੋਂ ਅੱਖ ਬਚਾ ਕੇ ਉਹ ਘਰ ਆਈ ਤੇ ਸਾਰਿਆਂ ਲਈ ਜਲਦੀ-ਜਲਦੀ ਹਲਵਾ ਬਣਾ ਕੇ ਰੱਖਗੀ ਅਤੇ ਡਿਊਟੀ ਚਲੀ ਗਈ। ਬਸ ਭੈਣ ਜੀ, ਇਹੀ ਵਿਆਹ ਸੀ। ਵਿਆਹ ਸੀ ਜਾਂ ਨਾਟਕ ਅਜੇ ਇਸ ਬਾਰੇ ਕੁਝ ਨਹੀਂ ਕਹਿ ਸਕਦੇ।" ਨਾਜ਼ੋ ਦੇ ਮੂੰਹੋਂ ਵਿਆਹ ਦੀ ਸਾਰੀ ਵਿਥਿਆ ਸੁਣ ਕੇ ਮੈਂ ਵੀ ਡੂੰਘੀ ਸੋਚ 'ਚ ਡੁੱਬ ਗਈ। ਮੇਰੇ ਆਲੇ-ਦੁਆਲੇ ਵਾਪਰੀਆਂ ਕੁਝ ਇਸ ਤਰ੍ਹਾਂ ਦੀਆਂ ਘਟਨਾਵਾਂ ਹੁਣ ਤਾਜ਼ਾ ਹੋ ਗਈਆਂ ਜਿਨ੍ਹਾਂ ਵਿੱਚ ਕੋਮਲ ਰਿਸ਼ਤਿਆਂ 'ਚ ਆਪਸੀ ਵਿਸਾਹਘਾਤ, ਜਜ਼ਬਾਤ ਦਾ ਖ਼ੂਨ ਅਤੇ ਖ਼ੁਦਕੁਸ਼ੀਆਂ ਦੇ ਮਾਮਲਿਆਂ ਦੀਆਂ ਅਜਿਹੀਆਂ ਦੁਖਾਂਤਕ ਘਟਨਾਵਾਂ ਵਿੱਚ ਲੁੱਟੇ-ਪੁੱਟੇ ਪਰਿਵਾਰਾਂ ਨੂੰ ਰੋਂਦੇ-ਕੁਰਲਾਉਂਦੇ ਹੋਏ ਆਪਣੇ ਅੱਖੀਂ ਤੱਕਿਆ ਸੀ ਮੈਂ। ਕੁਝ ਸਮਾਂ ਚੁੱਪ ਤੋਂ ਬਾਅਦ ਮੇਰੇ ਧੁਰ ਅੰਦਰੋਂ ਆਵਾਜ਼ ਆਈ, 'ਇਨ੍ਹਾਂ ਨਾਜ਼ੁਕ ਰਿਸ਼ਤਿਆਂ ਦੀਆਂ ਬਾਰੀਕ ਤੰਦਾਂ ਨੂੰ ਤਾਂ ਇੱਕ, ਰੂਹ ਦਾ ਹਾਣੀ ਜ਼ਰੂਰੀ ਸਾਂਭ ਕੇ ਰੱਖਦਾ।' ਮੇਰੇ ਧੜਕਦੇ ਹੋਏ ਦਿਲ ਨੇ ਇਸ ਆਵਾਜ਼ ਦੀ ਹਾਮੀ ਭਰੀ। ਹੋਠਾਂ 'ਤੇ ਮੁਸਕਾਨ ਆਪਮੁਹਾਰੇ ਛਾ ਗਈ।

ਮੈਂ ਕੁਰਸੀ ਤੋਂ ਉੱਠੀ ਤੇ ਨਾਜ਼ੋ ਨੂੰ ਹੌਸਲਾ ਦਿੰਦਿਆਂ ਕਿਹਾ, "ਚਿੰਤਾ ਨਾ ਕਰ, ਸਭ ਠੀਕ ਹੋ ਜਾਊਗਾ।" ਉਸ ਨੂੰ ਮੈਂ ਪੀਣ ਲਈ ਪਾਣੀ ਦਾ ਗਿਲਾਸ ਫੜਾਇਆ। ਨਾਜ਼ੋ ਚੁੱਪਚਾਪ ਪੀੜ੍ਹੀ ਤੋਂ ਉੱਠ ਕੇ ਕੰਮ ਵਿੱਚ ਜੁਟ ਗਈ। ਉਸ ਦਿਨ ਤੋਂ ਬਾਅਦ ਉਹ ਜਦੋਂ ਵੀ ਕੰਮ 'ਤੇ ਆਉਂਦੀ ਤਾਂ ਅਕਸਰ ਆਪਣੇ ਪੇਕਿਆਂ ਦੀ ਗੱਲ ਮੇਰੇ ਨਾਲ ਸਾਂਝੀ ਕਰਦੀ। ਦੋ ਮਹੀਨੇ ਬਾਅਦ ਹੀ ਉਸ ਨੇ ਦੱਸਿਆ ਕਿ ਉਸ ਦਾ ਭਤੀਜਾ ਹੁਣ ਬਿਲਕੁਲ ਠੀਕ-ਠਾਕ ਹੈ। ਆਪਣੇ ਕੰਮ 'ਤੇ ਜਾਣ ਲੱਗ ਪਿਆ ਹੈ। 2020 ਤੋਂ 2022 ਆ ਗਿਆ ਪਰ ਨਾਜ਼ੋ ਨੂੰ ਆਪਣੇ ਪੇਕਿਆਂ ਦੇ ਘਰੋਂ ਉਹ ਖ਼ਬਰ ਨਾ ਆਈ ਜਿਸ ਦਾ ਉਸ ਨੂੰ ਬੇਸਬਰੀ ਨਾਲ ਇੰਤਜ਼ਾਰ ਰਹਿੰਦਾ ਸੀ। ਪਰ ਅਚਾਨਕ ਮਾਰਚ 2022 ਦੇ ਅਖੀਰਲੇ ਦਿਨਾਂ ਵਿੱਚ ਇੱਕ ਦਿਨ ਉਹ ਭੱਜੀ-ਭੱਜੀ ਆਈ ਤੇ ਕਹਿਣ ਲੱਗੀ, "ਭੈਣ ਜੀ, ਭੈਣ ਜੀ, ਵਿਆਹ ਸੱਚਮੁੱਚ ਪੱਕਾ ਹੋ ਗਿਆ।" "ਕਿਸ ਦਾ ਵਿਆਹ ਨਾਜ਼ੋ?" ਮੈਂ ਗੰਭੀਰਤਾ ਨਾਲ ਪੁੱਛਿਆ। ਮੇਰੇ ਭਤੀਜੇ ਦਾ ਉਸੇ ਕੁੜੀ ਨਾਲ ਹੀ ਹੁਣ ਧੂਮਧਾਮ ਨਾਲ ਵਿਆਹ ਹੋਵੇਗਾ। "ਅੱਛਾ! ਪਹਿਲਾਂ ਤਾਂ ਤੈਨੂੰ ਬਹੁਤ-ਬਹੁਤ ਵਧਾਈਆਂ ਪਰ ਇਹ ਦੱਸ ਕਿ ਹੁਣ ਅਜਿਹਾ ਕੀ ਹੋ ਗਿਆ ਕਿ ਵਿਆਹ ਧੂਮਧਾਮ ਨਾਲ ਹੋ ਰਿਹਾ ਹੈ?"

ਨਾਜ਼ੋ ਖਿੜਖਿੜਾ ਕੇ ਹੱਸੀ ਤੇ ਕਹਿਣ ਲੱਗੀ, "ਉਸ ਲੜਕੀ ਨੇ ਆਪਣੀ ਤਨਖ਼ਾਹ ਜੋੜ-ਜੋੜ ਕੇ ਆਪਣੀ ਮਾਂ ਨੂੰ ਇੱਕ ਘਰ ਖਰੀਦ ਕੇ ਦਿੱਤਾ। ਫਿਰ ਭਤੀਜੇ ਰਮੇਸ਼ ਦੇ ਕਾਰੋਬਾਰ ਵਿੱਚ ਚੰਗੀ ਮੱਦਦ ਕੀਤੀ। ਉਸ ਤੋਂ ਬਾਅਦ ਆਪਣੀ ਮਾਂ ਨਾਲ ਰਮੇਸ਼ ਅਤੇ ਆਪਣੇ ਰਿਸ਼ਤੇ ਦੀ ਗੱਲ ਤੋਰੀ। ਹੁਣ ਉਸ ਦੀ ਮਾਂ ਨੇ ਵਿਆਹ ਲਈ ਹਾਂ ਕਰ ਦਿੱਤੀ ਹੈ। ਅੱਜ ਤੋਂ ਇਕ ਹਫ਼ਤੇ ਬਾਅਦ ਵਿਆਹ ਐ।" ਨਾਜ਼ੋ ਖ਼ੁਸ਼ੀ ਵਿਚ ਬੋਲਦੀ ਹੀ ਜਾ ਰਹੀ ਸੀ। ਉਸ ਨੂੰ ਖ਼ੁਸ਼ ਹੁੰਦਿਆਂ ਦੇਖ ਮੈਨੂੰ ਵੀ ਸਕੂਨ ਮਿਲਿਆ। ਮੈਂ ਹੱਸ ਕੇ ਕਿਹਾ, "ਹੁਣ ਤਾਂ ਤੂੰ ਮਹੀਨਾ ਨਹੀਂ ਮੁੜਦੀ।" ਅਸੀਂ ਦੋਵੇਂ ਖਿੜਖਿੜਾ ਕੇ ਹੱਸ ਪਈਆਂ।

ਸੰਪਰਕ: 89685-94379

# ਅਗਿਆਨਤਾ ਦਾ ਨਤੀਜਾ ਨੇ ਅੰਧ-ਵਿਸ਼ਵਾਸ

- ਗੁਰਦੀਪ ਸਿੰਘ ਭੁੱਲਰ



ਅੱਜ ਦਾ ਮਨੁੱਖ ਸਮਾਜਿਕ ਵਾਤਾਵਰਨ ਵਿੱਚ ਰਹਿ ਰਿਹਾ ਹੈ ਤੇ ਉਹ ਸਮਾਜ ਦੇ ਇਸ ਪੂਰੇ ਤਾਣੇ-ਬਾਣੇ ਵਿੱਚ ਪਰੋਇਆ ਹੋਇਆ ਹੈ। ਮਨੁੱਖ ਦੀ ਹੋਂਦ ਨਾਲ ਹੀ ਸਮਾਜ ਦੀ ਉਤਪਤੀ ਹੋਈ ਤੇ ਫਿਰ ਅਸੀਂ ਸਾਰੇ ਇਸ ਸਮਾਜ ਦਾ ਹਿੱਸਾ ਬਣੇ। ਸਾਡੀ ਸ਼ੁਰੂ ਤੋਂ ਹੀ ਇਹ ਪਰੰਪਰਾ ਰਹੀ ਹੈ ਕਿ ਸਮਾਜ ਦੇ ਇਸ ਪੂਰੇ ਢਾਂਚੇ ਵਿੱਚ ਸਮੇਂ ਦੇ ਨਾਲ-ਨਾਲ ਹੋਣ ਵਾਲੇ ਬਦਲਾਵ ਨੇ ਸਾਨੂੰ ਪ੍ਰਭਾਵਿਤ ਕੀਤਾ ਤੇ ਇਸ ਵਿੱਚ ਰਹਿਣ ਵਾਲੇ ਹਰ ਵਿਅਕਤੀ ਨੇ ਆਪਣੇ ਆਪ ਨੂੰ ਇਸ ਦੇ ਅਨੁਸਾਰ ਢਾਲ਼ ਲਿਆ। ਪ੍ਰਕਿਰਤੀ ਵਿੱਚ ਹੋਣ ਵਾਲੀਆਂ ਕੁਝ ਕੁਦਰਤੀ ਘਟਨਾਵਾਂ ਦਾ ਮਨੁੱਖ ਦੇ ਦਿਮਾਗ਼ 'ਤੇ ਬਹੁਤ ਡੂੰਘਾ ਅਸਰ ਹੋਇਆ ਤੇ ਇਸ ਨੂੰ ਅੰਦਰੋ ਅੰਦਰੀ ਹੋਣ ਵਾਲੀਆਂ ਇਨ੍ਹਾਂ ਘਟਨਾਵਾਂ ਦਾ ਡਰ ਅਤੇ ਸਹਿਮ ਸਤਾਉਣ ਲੱਗਾ।

ਕੁਦਰਤ ਦੇ ਨਿਯਮਾਂ ਤੋਂ ਅਣਜਾਣ ਇਹ ਵਿਅਕਤੀ ਹੋਣ ਵਾਲੇ ਇਸ ਸਭ ਵਰਤਾਰੇ ਨੂੰ ਕਿਸੇ ਚੰਦਰੀ ਆਤਮਾ ਜਾਂ ਗੈਬੀ ਸ਼ਕਤੀ ਦਾ ਪ੍ਰਕੋਪ ਮੰਨਣ ਲੱਗਾ। ਫਿਰ ਆਪਣੀ ਮਾਨਸਿਕ ਕਮਜ਼ੋਰੀ ਨੂੰ ਸਹਾਰਾ ਦੇਣ ਲਈ ਇਸ ਨੇ ਪੂਜਾ ਪਾਠ ਤੇ ਝੂਠੇ ਕਰਮ ਕਾਂਡਾਂ ਦੀਆਂ ਅਨੇਕਾਂ ਵਿਧੀਆਂ ਨੂੰ ਅਪਣਾਇਆ ਜਿਸ ਵਿੱਚੋਂ ਕਈ ਤਰ੍ਹਾਂ ਦੇ ਅੰਧ-ਵਿਸ਼ਵਾਸ ਤੇ ਵਹਿਮਾਂ ਭਰਮਾਂ ਨੇ ਜਨਮ ਲਿਆ।

## ਅਗਿਆਨਤਾ ਹੈ ਵੱਡਾ ਕਾਰਨ

ਜੇਕਰ ਮੌਜੂਦਾ ਸਮੇਂ ਦੀ ਗੱਲ ਕਰੀਏ ਤਾਂ ਬੇਸ਼ੱਕ ਇਸ ਇਕੱਵੀਂ ਸਦੀ ਦੇ ਯੁੱਗ ਵਿੱਚ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਅੱਜ ਵੀ ਬਹੁ ਗਿਣਤੀ ਵਿੱਚ ਇਨਸਾਨ ਇਨ੍ਹਾਂ ਅੰਧ-ਵਿਸ਼ਵਾਸ ਤੇ ਵਹਿਮਾਂ ਭਰਮਾਂ ਦੇ ਪ੍ਰਭਾਵ ਹੇਠ ਆਪਣਾ ਜੀਵਨ ਬਤੀਤ ਕਰ ਰਿਹਾ ਹੈ। ਅੱਜ ਸਾਡੀ ਨਿੱਜੀ ਜ਼ਿੰਦਗੀ ਵਿੱਚ ਇਨ੍ਹਾਂ ਵਹਿਮਾਂ ਭਰਮਾਂ ਦੇ ਅਜਿਹੇ ਕਈ ਪੱਖ ਹਨ ਜਿਨ੍ਹਾਂ ਨੂੰ ਅਸੀਂ ਸ਼ਗਨ ਅਤੇ ਅਪਸ਼ਗਨ ਦੇ ਤੌਰ 'ਤੇ ਆਪਣੇ ਨਾਲ ਜੋੜਦੇ ਹਾਂ ਤੇ ਹਰ ਕੰਮ ਕਰਨ ਤੋਂ ਪਹਿਲਾਂ ਇਨ੍ਹਾਂ ਨੂੰ ਬੜੀ ਗੰਭੀਰਤਾ ਨਾਲ ਵਿਚਾਰਦੇ ਹਾਂ ਤਾਂ ਜੋ ਸਾਡਾ ਹੋਣ ਵਾਲਾ ਕੰਮ ਪੂਰਨ ਤੌਰ 'ਤੇ ਸਿੱਧ ਹੋ ਸਕੇ।



ਉਦਾਹਰਣ ਦੇ ਤੌਰ 'ਤੇ ਅਕਸਰ ਵਹਿਮੀ ਲੋਕ ਬੁੱਧ ਤੇ ਸ਼ਨੀਵਾਰ ਨੂੰ ਨਵਾਂ ਕੱਪੜਾ ਪਹਿਨਣਾ, ਐਤਵਾਰ ਨੂੰ ਨਵੇਂ ਗਹਿਣੇ ਪਹਿਨਣਾ, ਸੂਰਜ ਨੂੰ ਪਾਣੀ ਦੇਣਾ, ਤੁਲਸੀ ਦੀ ਪੂਜਾ ਕਰਨੀ, ਆਕਾਸ਼ ਵਿੱਚ ਤਾਰਾ ਟੁੱਟਦਾ ਦੇਖਣਾ ਇਨ੍ਹਾਂ ਸਭ ਵਿਧੀਆਂ ਨੂੰ ਸ਼ੁਭ ਅਤੇ ਘਰੋਂ ਬਾਹਰ ਜਾਣ ਵੇਲੇ ਖ਼ਾਲੀ ਭਾਂਡਾ ਮੱਥੇ ਲੱਗਣਾ, ਬਿੱਲੀ ਦੁਆਰਾ ਰਸਤਾ ਕੱਟਣਾ, ਮੰਗਲ ਜਾਂ ਸ਼ਨੀਵਾਰ ਨੂੰ ਸਿਰ ਨਹਾਉਣਾ, ਵਿਆਹਾਂ ਵਿੱਚ ਕਾਲੇ ਕੱਪੜੇ ਦੀ ਵਰਤੋਂ ਕਰਨਾ ਆਦਿ ਸਭ ਨੂੰ ਅਸ਼ੁਭ ਮੰਨਦੇ ਹਨ। ਇੱਥੇ ਹੀ ਬਸ ਨਹੀਂ ਇਸ ਤਰ੍ਹਾਂ ਦੇ ਅਨੇਕਾਂ ਹੀ ਅੰਧ-ਵਿਸ਼ਵਾਸ ਹਨ ਜੋ ਜਨਮ ਤੋਂ ਲੈ ਕੇ ਮਰਨ ਤਕ ਸਾਡੇ ਨਾਲ ਚੱਲਦੇ ਹਨ।

ਇਨ੍ਹਾਂ ਵਹਿਮਾਂ ਭਰਮਾਂ ਦੇ ਪ੍ਰਫੁੱਲਤ ਹੋਣ ਦਾ ਅੱਜ ਇੱਕੋ ਇੱਕ ਮੂਲ ਕਾਰਨ ਇਹ ਹੈ ਕਿ ਸਾਡੇ ਵਿੱਚ ਅੱਜ ਵੀ ਬਹੁ ਗਿਣਤੀ ਉਨ੍ਹਾਂ ਲੋਕਾਂ ਦੀ ਹੈ ਜੋ ਅਗਿਆਨਤਾ ਦੇ ਹਨੇਰੇ ਵਿੱਚ ਆਪਣੀ ਜ਼ਿੰਦਗੀ ਬਤੀਤ ਕਰ ਰਹੇ ਹਨ। ਬੌਧਿਕ ਪੱਧਰ ਤੋਂ ਕਮਜ਼ੋਰ ਹੋਣ ਕਾਰਨ ਇਹ ਲੋਕ ਭਰਮ ਭੁਲੇਖਿਆਂ ਤੇ ਆਪਣਾ ਵਿਸ਼ਵਾਸ ਅਡੋਲ ਰੱਖਦੇ ਹਨ ਤੇ ਅੰਧ ਵਿਸ਼ਵਾਸ ਨੂੰ ਉੱਚ ਪੱਧਰ ਤਕ ਫੈਲਾਉਣ ਵਿੱਚ ਸਹਾਈ ਹੁੰਦੇ ਹਨ।

## ਪ੍ਰਸਾਰਣ ਸਾਧਨਾਂ ਦੀ ਭੂਮਿਕਾ

ਦੂਜੇ ਪੱਖ ਤੋਂ ਜੇ ਗੱਲ ਕਰੀਏ ਤਾਂ ਸਾਡਾ ਪ੍ਰਸਾਰਣ ਮਾਧਿਅਮ ਵੀ ਕਾਫੀ ਹੱਦ ਤਕ ਇਨ੍ਹਾਂ ਅੰਧ-ਵਿਸ਼ਵਾਸ ਦੀਆਂ ਗਾਥਾਵਾਂ ਨੂੰ ਦਿਨ ਰਾਤ ਪ੍ਰਚਾਰਨ 'ਤੇ ਲੱਗਾ ਹੋਇਆ ਹੈ। ਜਿੱਥੇ ਡਿਸਕਵਰੀ ਸਾਇੰਸ ਜਿਹੇ ਚੈਨਲ ਇਨ੍ਹਾਂ ਵਹਿਮਾਂ ਭਰਮਾਂ ਦਾ ਮੁੱਢ ਤੋਂ ਖੰਡਨ ਕਰ ਕੇ ਅਤੇ ਵਿਗਿਆਨ ਦਾ ਪੂਰਾ ਤਰਕ ਦੱਸਦੇ ਹੋਏ ਇਸ ਦੀ ਸਿੱਖਿਆ ਪ੍ਰਤੀ ਜਾਗਰੂਕ ਕਰ ਰਹੇ ਹਨ ਉੱਥੇ ਹੀ ਜ਼ਿਆਦਾਤਰ ਚੈਨਲ ਸਾਰਾ ਦਿਨ ਰਾਸ਼ੀਫਲ, ਗ੍ਰਹਿ, ਤਾਰਾ ਮੰਡਲ ਤੇ ਸ਼ਨੀ ਰਾਹੂ ਕੇਤੂ ਦੀਆਂ ਕਰੋਪੀਆਂ ਤੋਂ ਬਚਣ ਦੇ ਉਪਾਅ ਦੱਸ ਕੇ ਸਾਨੂੰ ਇਨ੍ਹਾਂ ਵਹਿਮਾਂ-ਭਰਮਾਂ ਦੀ ਦਲਦਲ ਵਿੱਚ ਧਕੇਲ ਰਹੇ ਹਨ। ਜਿਸ ਦੇ ਸਿੱਟੇ ਵਜੋਂ ਅੱਜ ਕਈ ਪੜ੍ਹੇ ਲਿਖੇ ਵਿਅਕਤੀਆਂ ਦੇ ਜੀਵਨ ਵਿਚ ਵੀ ਇਨ੍ਹਾਂ ਬੇਅਰਥੇ ਵਹਿਮਾਂ-ਭਰਮਾਂ ਦੀ ਛਾਪ ਅਕਸਰ ਵੇਖਣ ਨੂੰ ਮਿਲਦੀ ਹੈ।

ਮਾਨਸਿਕ ਤੌਰ 'ਤੇ ਕਮਜ਼ੋਰ ਵਿਅਕਤੀ ਆਪਣੇ ਆਪ ਨੂੰ ਕਸ਼ਟਾਂ ਤੇ ਪਰਕੋਪੀਆਂ ਦਾ ਸ਼ਿਕਾਰ ਹੋਇਆ ਮੰਨਦਾ ਹੈ ਤੇ ਇਸ ਵਿੱਚੋਂ ਬਾਹਰ ਨਿਕਲਣ ਲਈ ਕਈ ਤਰ੍ਹਾਂ ਦੇ ਜੋਤਸ਼ੀ, ਤਾਂਤਰਿਕ ਤੇ ਢੌਂਗੀ ਬਾਬਿਆਂ ਦਾ ਸਹਾਰਾ ਲੈਂਦਾ ਹੈ। ਇਨ੍ਹਾਂ ਅਖੌਤੀ ਜੋਤਸ਼ੀਆਂ ਵੱਲੋਂ ਉਪਾਅ ਦੇ ਰੂਪ ਵਿੱਚ ਜਿਵੇਂ ਕਿਸੇ ਕਾਗ਼ਜ਼ 'ਤੇ ਲਿਖੇ ਮੰਤਰ ਨੂੰ ਘੋਲ ਕੇ ਪੀਣਾ, ਵੰਨ ਸੁਵੰਨੇ ਤਵੀਤਾਂ ਨੂੰ ਸਰੀਰ ਦੇ ਅੰਗਾਂ ਨਾਲ ਬੰਨ੍ਹਣਾ, ਰੰਗ ਬਿਰੰਗੇ ਧਾਗਿਆਂ ਨੂੰ ਗੰਢਾਂ ਦੇ ਕੇ ਗੁੱਟਾਂ 'ਤੇ ਬੰਨ੍ਹਣਾ, ਸੰਧੂਰ ਪਤਾਸੇ ਮਿਰਚਾਂ ਦੀ ਸਮੱਗਰੀ ਨੂੰ ਚੁਰਸਤੇ ਵਿੱਚ ਰੱਖਣਾ, ਜੰਡ ਦੇ ਮੁੱਢ ਨਾਲ ਤੇਲ ਦੇਣਾ ਤੇ ਨਾਰੀਅਲ ਨੂੰ ਵਗਦੇ ਪਾਣੀ ਵਿੱਚ ਰੋੜਨਾ ਕਈ ਤਰ੍ਹਾਂ ਦੇ ਢਕਵੰਜ ਰਚ ਕੇ ਦੱਸੇ ਜਾਂਦੇ ਹਨ ਜਿਨ੍ਹਾਂ ਵਿੱਚ ਫਸ ਕੇ ਵਿਅਕਤੀ ਮਾਨਸਿਕ ਰੋਗੀ ਹੋਣ ਦੇ ਨਾਲ-ਨਾਲ ਆਪਣੀ ਆਰਥਿਕ ਲੁੱਟ ਵੀ ਕਰਵਾ ਬੈਠਦਾ ਹੈ। ਕਪਟ ਨਾਲ ਭਰੇ ਹੋਏ ਇਹ ਝੂਠੇ ਤਾਂਤਰਿਕ ਬਾਬੇ ਇਸ ਤਰ੍ਹਾਂ ਦੀ ਸਥਿਤੀ ਵਿੱਚ ਫਸੇ ਗਿਆਨ ਤੋਂ ਹੀਣੇ ਅਤੇ ਭੋਲੇ ਭਾਲੇ ਲੋਕਾਂ ਨੂੰ ਮਾਨਸਿਕ ਪਰੇਸ਼ਾਨੀਆਂ 'ਚੋਂ ਕੱਢ ਕੇ ਤੇ ਸੁੱਖ ਸ਼ਾਂਤੀ ਦੀਆਂ ਦਾਤਾਂ ਦੇਣ ਦੇ ਇਵਜ ਵਿੱਚ ਉਨ੍ਹਾਂ ਦੇ ਧੰਨ ਦੀ ਖ਼ੂਬ ਲੁੱਟ ਕਰਦੇ ਹਨ।

## ਬਦਲੋ ਸੋਚ ਦਾ ਢੰਗ

ਆਪਣੇ ਜੀਵਨ ਵਿੱਚ ਆਉਣ ਵਾਲੇ ਛੋਟੇ-ਮੋਟੇ ਦੁੱਖਾਂ ਨੂੰ ਆਪਣੀ ਜ਼ਿੰਦਗੀ ਦਾ ਇੱਕ ਹਿੱਸਾ ਮੰਨ ਕੇ ਉਨ੍ਹਾਂ ਦਾ ਹੱਸ ਕੇ ਸਾਹਮਣਾ ਕਰੀਏ ਅਤੇ ਵਿਗਿਆਨਕ ਤਰੀਕੇ ਨਾਲ ਹੀ ਹਰ ਸਮੱਸਿਆ ਦਾ ਰਲ ਮਿਲ ਕੇ ਠੋਸ ਹੱਲ ਲੱਭੀਏ।

ਆਪਣੇ ਫ਼ਰਜ਼ਾਂ ਨੂੰ ਪਛਾਣਦੇ ਹੋਏ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਜ਼ਿਲ੍ਹਾ ਪੱਧਰ ਜਾਂ ਬਲਾਕ ਪੱਧਰ 'ਤੇ ਅਜਿਹੇ ਸੈਮੀਨਾਰ ਕਰਵਾਏ ਜਿਸ ਵਿੱਚ ਵਿਗਿਆਨ ਦੀ ਸਾਡੇ ਜੀਵਨ ਵਿੱਚ ਕੀ ਮਹੱਤਤਾ ਹੈ ਇਸ ਬਾਰੇ ਉਚੇਚੇ ਤੌਰ 'ਤੇ ਵਿਸ਼ੇਸ਼ ਜਾਣਕਾਰੀ ਦਿੱਤੀ ਜਾਵੇ। ਇਸ ਤਰ੍ਹਾਂ ਨਾਲ ਸਾਡੀ ਸੋਚ ਦਾ ਢੰਗ ਬਦਲ ਜਾਵੇਗਾ ਤੇ ਮਨ ਅੰਦਰ ਇੱਕ ਨਵੀਂ ਚੇਤਨਾ ਪੈਦਾ ਹੋਵੇਗੀ। ਆਓ ਆਪਾਂ ਸਾਰੇ ਇਨ੍ਹਾਂ ਫਾਲਤੂ ਦੇ ਵਹਿਮ-ਭਰਮਾਂ 'ਚੋਂ ਬਾਹਰ ਨਿਕਲ ਰਲ ਮਿਲ ਕੇ ਲੋਕ ਭਲਾਈ ਦੇ ਕੰਮਾਂ ਨੂੰ ਪਹਿਲ ਦੇਈਏ ਤਾਂ ਜੋ ਸਾਡਾ

ਦੇਸ਼ ਵਿਕਾਸਸ਼ੀਲ ਦੇਸ਼ਾਂ ਦੀ ਸੂਚੀ ਵਿੱਚ ਆ ਸਕੇ। ਜਦੋਂ ਅਸੀਂ ਪੂਰਨ ਤੌਰ 'ਤੇ ਇਨ੍ਹਾਂ ਸਮਾਜਿਕ ਬੁਰਾਈਆਂ ਤੋਂ ਸੁਚੇਤ ਹੋ ਗਏ ਤਦ ਹੀ ਸਾਡਾ ਸਮਾਜ ਇੱਕਵੀਂ ਸਦੀ ਦਾ ਯੁੱਗ ਕਹਾਉਣ ਦਾ ਅਸਲ ਹੱਕਦਾਰ ਹੋਏਗਾ।

## ਤਾਂਤਰਿਕਾਂ ਦਾ ਕਾਰੋਬਾਰ

ਅੱਜ ਸੜਕਾਂ ਦੇ ਕਿਨਾਰੇ ਬੈਠ ਕੇ ਜਨਤਾ ਦਾ ਭਵਿੱਖ ਦੱਸਣ ਵਾਲਾ ਇਹ ਜੋਤਸ਼ੀ ਲਾਣਾ ਅਗਿਆਨਤਾ ਦੇ ਹਨੇਰੇ ਵਿੱਚ ਭਟਕ ਰਹੇ ਲੋਕਾਂ ਦੀ ਪੂੰਜੀ ਨੂੰ ਦਿਨੋਂ ਦਿਨ ਖ਼ੂਬ ਲੁੱਟ ਰਿਹਾ ਹੈ। ਜਨਤਾ ਦੀ ਖ਼ੂਨ ਪਸੀਨੇ ਦੀ ਕਮਾਈ ਲੁੱਟ ਕੇ ਇਨ੍ਹਾਂ ਢੌਂਗੀ ਤਾਂਤਰਿਕਾਂ ਨੇ ਆਪਣੇ ਕਾਰੋਬਾਰ ਨੂੰ ਏਨਾ ਵਧਾਇਆ ਹੋਇਆ ਹੈ ਕਿ ਦੁੱਖ ਤਕਲੀਫਾਂ ਤੋਂ ਨਿਜਾਤ ਪਾਉਣ ਦੇ ਤਰੀਕੇ ਦੱਸਣ ਲਈ ਅੱਜ ਇਹ ਆਪੋ ਆਪਣੇ ਸ਼ੋਅ ਰੂਮ ਦਫ਼ਤਰ ਖੋਲ੍ਹ ਕੇ ਬੈਠੇ ਹੋਏ ਹਨ ਪਰ ਬੜੇ ਦੁੱਖ ਦੀ ਗੱਲ ਹੈ ਕਿ ਲੋਕ ਅੱਜ ਵੀ ਆਪਣੀਆਂ ਛੋਟੀਆਂ-ਮੋਟੀਆਂ ਤਕਲੀਫਾਂ ਤੋਂ ਮੁਕਤ ਹੋਣ ਲਈ ਇਨ੍ਹਾਂ ਦਫ਼ਤਰਾਂ ਅੱਗੇ ਲੰਮੀਆਂ ਕਤਾਰਾਂ ਬਣਾ ਕੇ ਆਪਣਾ ਕੀਮਤੀ ਧਨ ਲੁਟਾ ਰਹੇ ਹਨ।

## ਬੇਬੁਨਿਆਦ ਨੇ ਵਹਿਮ-ਭਰਮ

ਜੇ ਵਹਿਮਾਂ-ਭਰਮਾਂ ਦੇ ਮੂਲ ਰੂਪ ਦੀ ਗੱਲ ਕਰੀਏ ਤਾਂ ਇਨ੍ਹਾਂ ਦੀ ਆਪਣੀ ਕੋਈ ਰੂਪ-ਰੇਖਾ ਨਹੀਂ ਤੇ ਇਹ ਮੁੱਢ ਤੋਂ ਅੰਤ ਤਕ ਸਭ ਬੇਬੁਨਿਆਦ ਹਨ। ਸਾਡੇ ਧਾਰਮਿਕ ਗ੍ਰੰਥ ਇਨ੍ਹਾਂ ਅੰਧ-ਵਿਸ਼ਵਾਸਾਂ ਦਾ ਮੁੱਢ ਤੋਂ ਹੀ ਖੰਡਨ ਕਰਦੇ ਹਨ ਤੇ ਸਾਨੂੰ ਇਨ੍ਹਾਂ ਵਿੱਚੋਂ ਬਾਹਰ ਨਿਕਲ ਕੇ ਆਪਣਾ ਉੱਚਾ-ਸੁੱਚਾ ਜੀਵਨ ਬਤੀਤ ਕਰਨ ਲਈ ਪ੍ਰੇਰਦੇ ਹਨ। ਅੱਜ ਸਾਡੀ ਇਹ ਵੱਡੀ ਬਦਕਿਸਮਤੀ ਹੈ ਕਿ ਅਸੀਂ ਆਪਣੇ ਧਾਰਮਿਕ ਗ੍ਰੰਥਾਂ ਨੂੰ ਤਾਂ ਬੜੀ ਸ਼ਰਧਾ ਨਾਲ ਮੰਨਦੇ ਹਾਂ ਪਰ ਇਨ੍ਹਾਂ ਦੀ ਵਿਚਾਰਧਾਰਾ ਨੂੰ ਦਿਲੋਂ ਨਹੀਂ ਸਵੀਕਾਰਦੇ।

ਜਦ ਤਕ ਅਸੀਂ ਇਸ ਅੰਧ-ਵਿਸ਼ਵਾਸ ਦੀ ਦਲਦਲ ਵਿੱਚੋਂ ਬਾਹਰ ਨਹੀਂ ਆ ਜਾਂਦੇ ਓਨੀ ਦੇਰ ਅਸੀਂ ਤਰੱਕੀ ਦੇ ਰਾਹ 'ਤੇ ਨਹੀਂ ਚੱਲ ਸਕਦੇ ਕਿਉਂਕਿ ਇਸ ਤਰ੍ਹਾਂ ਦਾ ਪਖੰਡਵਾਦ ਕਰਨ ਨਾਲ ਸਾਡਾ ਧਨ ਤੇ ਸਮਾਂ ਦੋਵੇਂ ਹੀ ਖ਼ਰਾਬ ਹੁੰਦੇ ਹਨ ਜੋ ਸਾਡੇ ਦੇਸ਼ ਦੀ ਤਰੱਕੀ ਦੇ ਹਿੱਤ ਵਿੱਚ ਨਹੀਂ ਹੈ। ਸਾਨੂੰ ਸਭ ਨੂੰ ਚਾਹੀਦਾ ਹੈ ਕਿ ਅਸੀਂ ਆਪਣੀ ਸੋਚ ਨੂੰ ਉਸਾਰੂ ਕਰੀਏ ਤੇ ਵਹਿਮਾਂ- ਭਰਮਾਂ ਦੇ ਮਾਨਸਿਕ ਤੌਰ 'ਤੇ ਗ਼ੁਲਾਮ ਨਾ ਹੋ ਕੇ ਇਨ੍ਹਾਂ ਪ੍ਰਤੀ ਜਾਗਰੂਕ ਹੋਈਏ।


**VAISAKHI NAGAR KIRTAN COMMITTEE**

GURDWARA MILLWOODS (780-450-3844/0322) – SIRI GURU NANAK SIKH GURDWARA OF ALBERTA 780-451-4519
GURDWARA SIRI GURU SINGH SABHA (780-462-7454)
2606 Mill Woods Road East NW, Edmonton, AB, T6L 5Y3 nagarkirtanedmonton@gmail.com

ਅਲਬਰਟਾ ਨਿਵਾਸੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਿਹ॥

ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਖ਼ਾਲਸੇ ਦਾ ਸਿਰਜਨਾ ਦਿਵਸ ਮਨਾਉਣ ਲਈ ਐਡਮਿੰਟਨ ਸ਼ਹਿਰ ਵਿਖੇ ਵੈਸਾਖੀ ਨਗਰ ਕੀਰਤਨ ਦਾ ਪ੍ਰਬੰਧ ਐਤਵਾਰ, 21 ਮਈ 2023 ਨੂੰ ਉਤਸ਼ਾਹ, ਸ਼ਰਧਾ, ਅਤੇ ਸਤਿਕਾਰ ਸਹਿਤ ਕੀਤਾ ਜਾ ਰਿਹਾ ਹੈ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਸ ਮਹਾਨ ਦਿਹਾੜੇ ਤੇ ਪਰਿਵਾਰਾਂ ਸਮੇਤ ਨਗਰ ਕੀਰਤਨ ਵਿੱਚ ਸ਼ਾਮਿਲ ਹੋ ਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨੀਆਂ ਜੀ।

ਇਸ ਸਾਲ ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਤੋਂ ਦੁਪਹਿਰ 12:00 ਬਜੇ ਅਰੰਭ ਹੋਵੇਗਾ ਅਤੇ ਮਿਲਵੱਡਜ਼ ਰੋਡ ਸਾਉਥ ਰਾਹੀਂ ਨਗਰ ਕੀਰਤਨ ਟੀ. ਡੀ. ਬੇਕਰ ਸਕੂਲ ਦੇ ਕੋਲ ਦੇ ਖੇਡ ਮੈਦਾਨਾਂ ਵਿਚ ਪਹੁੰਚੇਗਾ ਜਿਥੇ ਵੱਡੀ ਧਾਰਮਿਕ ਸਟੇਜ ਸਜਾਈ ਜਾਵੇਗੀ। ਧਾਰਮਿਕ ਬੁਲਾਰਿਆਂ ਤੋਂ ਸਿਵਾ, ਇਥੇ ਬਾਹਰੋਂ ਆਏ ਮਹਿਮਾਨ ਆਪਣੀਆਂ ਸ਼ੁਭ ਇਛਾਵਾ ਲੈਕੇ ਪਹੁੰਚਣਗੇ। ਸਿੱਖ ਸ਼ਰਧਾਲੂਆਂ ਅਤੇ ਵਿਓਪਾਰੀ ਵੀਰਾਂ ਭੈਣਾਂ ਵਲੋਂ ਗੁਰਦੁਅਰਿਆਂ ਤੋਂ ਸਿਵਾ ਇਥੇ ਖਾਣੇ ਵਗੈਰਾ ਦੇ ਸਟਾਲ ਵੀ ਲਾਏ ਜਾਣਗੇ। ਇਥੋਂ ਚਲਕੇ ਮਿਲਵੱਡਜ਼ ਰੋਡ ਈਸਟ ਰਾਹੀਂ ਨਗਰ ਕੀਰਤਨ ਗੁਰਦੁਆਰਾ ਮਿੱਲਵੁਡਜ਼ ਪੁਜੇਗਾ ਅਤੇ ਇਥੇ ਸ਼ਾਮ 5:00 ਬਜੇ ਅਰਦਾਸ ਕਰਕੇ ਨਗਰ ਕੀਰਤਨ ਦੀ ਸਮਾਪਤੀ ਹੋਵੇਗੀ।

ਇਸ ਸਾਰੇ ਮਹਾਨ ਕਾਰਜ ਲਈ ਸਾਨੂੰ ਵਾਲੰਟੀਅਰ ਸੇਵਾਦਾਰਾਂ ਦੀ ਲੋੜ ਹੈ।ਜੋ ਵੀ ਵੀਰ ਭੈਣ ਸੇਵਾ ਵਿੱਚ ਹਿੱਸਾ ਪਾਉਣ ਲਈ ਸਮਾਂ ਕੱਢ ਸਕਦੇ ਹਨ ਉਹ ਵਿਸਾਖੀ ਨਗਰ ਕੀਰਤਨ ਕਮੇਟੀ ਜਾਂ ਗੁਰਦੁਆਰਾ ਮਿਲਵੁਡਜ਼ (780-450-3844), ਸ੍ਰੀ ਗੁਰੂ ਨਾਨਕ ਸਿੱਖ ਗੁਰਦਵਾਰਾ 780-451-4519 ਜਾਂ ਗੁਰਦੁਆਰਾ ਸ੍ਰੀ ਗੁਰੁ ਸਿੰਘ ਸਭਾ (780-462-7454-) ਦੇ ਪ੍ਰਬੰਧਕਾਂ ਨਾਲ ਜਾਂ ਹੇਠ ਲਿਖੇ ਫੋਨ ਨੰਬਰਾਂ ਤੇ ਸੰਪਰਕ ਕਰਨ ਜੀ।

2023 ਨਗਰ ਕੀਰਤਨ ਦੌਰਾਨ ਖਾਣੇ ਵਗੈਰਾ ਦੇ ਬਹੁਤੇ ਸਟਾਲ ਟੀ. ਡੀ. ਬੇਕਰ ਸਕੂਲ ਦੇ ਕੋਲ ਦੇ ਖੇਡ ਮੈਦਾਨਾਂ ਵਿਚ ਲਗਣਗੇ। ਜੋ ਵੀ ਸਿੱਖ ਸ਼ਰਧਾਲੂ ਜਾਂ ਵਿਓਪਾਰੀ ਵੀਰ ਭੈਣ ਇਥੇ ਸਟਾਲ ਲਾਉਣਾ ਚਾਹੁੰਦੇ ਹਨ ਉਹ ਸ. ਕਰਨੈਲ ਸਿੰਘ ਭੰਮਰਾ ਨੂੰ 780-990-6166 ਤੇ ਫੋਨ ਕਰ ਸਕਦੇ ਹਨ। ਸਟਾਲ ਲਾਉਣ ਵਾਲੇ ਵੀਰਾਂ ਅਤੇ ਭੈਣਾਂ ਨੂੰ ਯਕੀਨੀ ਬਣਾਉਣਾ ਪਵੇਗਾ ਕਿ ਉਨਾਂ ਨੂੰ Alberta Health Services (AHS) ਅਤੇ ਹੋਰ ਸਬੰਧਤ ਮਹਿਕਮਿਆਂ ਦੇ ਨਿਯਮਾਂ ਤੇ ਸ਼ਰਤਾਂ ਬਾਰੇ ਪੂਰੀ ਜਾਣਕਾਰੀ ਹੈ ਜਿੰਨਾਂ ਮੁਤਾਬਕ ਸਟਾਲ ਲਾਏ ਜਾ ਸਕਦੇ ਹਨ। ਸਟਾਲ ਲਾਉਣ ਪਰਮਿਟ ਲੈਣ ਦੀ AHS ਨੂੰ ਅਰਜ਼ੀ ਦੇਣ ਦੀ ਆਖਰੀ ਤਾਰੀਖ ਐਤਵਾਰ, 23 ਅਪਰੈਲ, 2023 ਮਿਥੀ ਗਈ ਹੈ। ਹੋਰ ਜਾਣਕਾਰੀ ਲਈ ਸ. ਕਰਨੈਲ ਸਿੰਘ ਭੰਮਰਾ ਨੂੰ 780-990-6166 ਤੇ ਫੋਨ ਕਰੋ ਜੀ।

ਖ਼ਾਲਸੇ ਦੇ ਸਾਜਨਾ ਦਿਵਸ ਦੇ ਸਬੰਧ ਵਿੱਚ ਹੀ ਸੰਗਤਾਂ ਦੇ ਉਤਸ਼ਾਰ ਨੂੰ ਦੇਖਦੇ ਹੋਏ ਸਨਿੱਚਰਵਾਰ 8 ਅਪ੍ਰੈਲ, 2023 ਨੂੰ ਸਵੇਰ 6:00 ਬਜੇ ਗੁਰਦੁਆਰਾ ਮਿੱਲਵੁਡਜ਼ ਵਿਖੇ ਅੰਮ੍ਰਿਤ ਸੰਚਾਰ ਦਾ ਪ੍ਰਬੰਧ ਕੀਤਾ ਗਿਆ ਹੈ। ਸਿੱਖ ਨੂੰ ਜੀਵਨ ਵਿੱਚ ਅਨੁਸ਼ਾਸਨ ਲਿਆਉਣ ਲਈ, ਸ਼ਬਦ-ਨਾਮ ਦੀ ਦੀਖਿਆ ਲੈ ਕੇ ਜੀਵਨ ਯਾਤਰਾ ਸਫ਼ਲ ਕਰਨ ਲਈ, ਖ਼ਾਲਸਾ ਪੰਥ ਵਿੱਚ ਸ਼ਾਮਿਲ ਹੋਣ ਲਈ, ਅਤੇ ਸੰਤ-ਸਿਪਾਹੀ ਦੇ ਆਦ੍ਰਸ਼ਿਕ ਜੀਵਨ ਵੱਲ ਤੁਰਨ ਲਈ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਜ਼ਰੂਰੀ ਹੈ। ਅੰਮ੍ਰਿਤ ਅਭਿਲਾਖ਼ੀਆਂ ਪਾਸ ਬੇਨਤੀ ਹੈ ਕਿ ਆਪਣੇ ਨਾਮ ਛੇਤੀ ਤੋਂ ਛੇਤੀ ਗੁਰਦੁਆਰਾ ਮਿਲਵੁਡਜ਼ (780-450-3844), ਸ੍ਰੀ ਗੁਰੂ ਨਾਨਕ ਸਿੱਖ ਗੁਰਦਵਾਰਾ 780-451-4519 ਜਾਂ ਗੁਰਦੁਆਰਾ ਸ੍ਰੀ ਗੁਰੁ ਸਿੰਘ ਸਭਾ (780-462-7454) ਪਾਸ ਦੇਣ ਦੀ ਕ੍ਰਿਪਾਲਤਾ ਕਰਨੀ ਜੀ। ਲੋੜੀਂਦੇ ਕਕਾਰ ਗੁਰਦੁਆਰਾ ਸਾਹਿਬ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।

ਸੰਗਤਾਂ ਦੇ ਦਾਸ

ਕਰਨੈਲ ਸਿੰਘ ਭੰਮਰਾ
ਚੇਅਰਮੈਨ, (780) 990-6166

ਗੁਰਚਰਨ ਸਿੰਘ ਸੰਘਾ
ਸਕੱਤਰ, (780) 660-9961

31 ਮਾਰਚ, 2023

# ਮੇਰਾ ਮਿੱਤਰ ਸ਼ਹੀਦ ਊਧਮ ਸਿੰਘ

ਲੁਧਿਆਣੇ ਦੇ ਪਿੰਡ ਬਿੰਜਲ ਦੇ ਜੰਮਪਲ ਬਖਤਾਵਰ ਸਿੰਘ ਬਿੰਜਲ ਦੀ ਆਪਣੀ ਗਵਾਹੀ ਅਨੁਸਾਰ ਉਹ ਸ਼ਹੀਦ ਊਧਮ ਸਿੰਘ ਦਾ ਜਿਗਰੀ ਦੋਸਤ ਸੀ। ਉਸ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਮਿਲਦੀ। ਉੱਘੇ ਪੰਜਾਬੀ ਦਾਨਿਸ਼ਵਰ, ਸਾਹਿਤਕਾਰ ਅਤੇ ਇਤਿਹਾਸਕਾਰ ਸੁਰਜੀਤ ਹਾਂਸ ਨੇ ਬਖਤਾਵਰ ਸਿੰਘ ਬਿੰਜਲ ਨਾਲ ਮੁਲਾਕਾਤ ਕੀਤੀ ਅਤੇ ਉਸ ਦੀ ਇੰਟਰਵਿਊ ਪੰਜਾਬੀ ਰਸਾਲੇ 'ਲਕੀਰ' ਦੇ ਫਰਵਰੀ 1978 ਅੰਕ ਵਿਚ ਇੰਨ-ਬਿੰਨ ਛਪਵਾਈ। ਇਸ ਲੇਖ ਵਿਚ ਇਕ ਜਿਗਰੀ ਦੋਸਤ ਦੀਆਂ ਆਪਣੇ ਵਿਛੜੇ ਦੋਸਤ ਲਈ ਭਾਵਨਾਵਾਂ ਦਾ ਪ੍ਰਗਟਾਵਾ ਹੈ। ਕੋਈ ਮੁਲੰਮਾ, ਪਰਦਾ ਜਾਂ ਲੁਕਾਅ ਨਹੀਂ; ਬਸ ਇਕ ਦੋਸਤ ਦੀਆਂ ਸੱਚੀਆਂ-ਸੁੱਚੀਆਂ ਭਾਵਨਾਵਾਂ ਤੇ ਯਾਦਾਂ ਨੇ। ਕਈ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਬਖਤਾਵਰ ਸਿੰਘ ਬਿੰਜਲ ਦੇ ਊਧਮ ਸਿੰਘ ਦੇ ਨਜ਼ਦੀਕੀ ਦੋਸਤ ਹੋਣ ਦੀ ਦਸਤਾਵੇਜ਼ੀ ਗਵਾਹੀ ਨਹੀਂ ਮਿਲਦੀ। ਦੁਖਾਂਤ ਇਹ ਹੈ ਕਿ ਇਤਿਹਾਸਕਾਰਾਂ ਨੇ ਇਸ ਬਾਰੇ ਬਹੁਤ ਘੱਟ ਯਤਨ ਕੀਤੇ ਹਨ। ਜ਼ਬਾਨੀ ਦਰਜ ਕੀਤੀਆਂ ਗਈਆਂ ਗਵਾਹੀਆਂ ਦਾ ਆਪਣਾ ਮਹੱਤਵ ਹੁੰਦਾ ਹੈ। ਇਸ ਲੇਖ ਦੇ ਕੁਝ ਅੰਸ਼ ਭਾਸ਼ਾ ਵਿਚ ਮਾਮੂਲੀ ਬਦਲਾਉ ਨਾਲ ਪੇਸ਼ ਕੀਤੇ ਜਾ ਰਹੇ ਹਨ।




ਊਧਮ ਸਿੰਘ ਆਪਣੇ ਇਕ ਹੋਰ ਮਿੱਤਰ ਪੂਰਨ ਸਿੰਘ ਬਨਿੰਗ ਨਾਲ। ਪੂਰਨ ਸਿੰਘ ਹੋਰਾਂ ਦੇ ਭਣੇਵੇਂ ਅਜਾਇਬ ਸਿੰਘ ਗਰਚਾ ਅਨੁਸਾਰ ਦੋਵੇਂ ਮਿੱਤਰ ਕਈ ਸਾਲ ਇਕੱਠੇ ਰਹੇ।

ਮੈਂ 79 ਸਿੰਨਕਲੇਅਰ ਰੋਡ ਦੇ ਗੁਰਦੁਆਰੇ ਗਿਆ। ਉੱਥੇ ਜੋੜ ਮੇਲਾ ਸੀ। ਮੋਹਨ ਸਿੰਘ ਸੈਕਟਰੀ ਸੀ। ਅਸੀਂ ਬਾਹਰ ਖੜ੍ਹੇ ਸੀ। ਉੱਥੇ ਮੈਨੂੰ ਊਧਮ ਸਿੰਘ ਟੱਕਰ ਗਿਆ। ਉਹ ਮੈਨੂੰ ਕਹਿੰਦਾ ਕੱਲ੍ਹ ਨੂੰ ਗੱਲਾਂ-ਬਾਤਾਂ ਕਰਾਂਗੇ ਪਰ ਹਫ਼ਤਾ ਲੰਘ ਗਿਆ। ਉਹ ਬਹੁਤੀਆਂ ਗੱਲਾਂ ਸਟਾਲਨ ਦੀਆਂ ਕਰਦਾ ਸੀ ਕਿ ਉਹਨੇ ਕਿਵੇਂ ਆਪਣੇ ਮੁਲਕ ਦੀ ਖਾਤਰ ਕੈਦਾਂ ਕੱਟੀਆਂ। ਮੈਨੂੰ ਕੋਈ ਪਤਾ ਨਹੀਂ ਸੀ। ਉਹਨੇ ਅਖ਼ਬਾਰਾਂ ਲੈਣੀਆਂ ਅਤੇ ਸਾਨੂੰ ਪੜ੍ਹ ਕੇ ਸੁਣਾਇਆ ਕਰਨੀਆਂ।

ਅਸੀਂ ਲੰਡਨ ਤੋਂ ਹੇਜ਼ (Hayes) ਆ ਗਏ। ਅਸੀਂ ਵਿੰਪੀ (Wimpy) 'ਚ ਕੰਮ ਕਰਦੇ ਸੀ। ਫੋਕ ਸਟੋਨ (Folk Stone) ਕੰਮ ਕਰਨ ਜਾਂਦੇ ਸੀ। ਮੈਨੂੰ ਘੰਟੇ ਦੀਆਂ 10 ਪੈਨੀਆਂ ਮਿਲਦੀਆਂ ਸਨ, ਊਧਮ ਸਿੰਘ ਨੂੰ 1 ਸ਼ਲਿੰਗ 6 ਪੈਨੀਆਂ। ਮੈਂ ਤਾਂ ਤਰਖਾਣਾ ਕੰਮ ਜਾਣਦਾ ਨਹੀਂ ਸੀ। ਐਵੇਂ ਖਿੱਚਾ-ਧੂਹੀ ਕਰਦਾ ਸੀ। ਮੈਂ ਤਾਂ ਹਥੌੜਾ ਮਾਰ ਕੇ ਉਂਗਲਾਂ ਹੀ ਭੰਨ ਲਈਆਂ। ਊਧਮ ਸਿੰਘ ਹਫ਼ਤੇ ਬਾਅਦ ਫਰਾਂਸ ਜਾ ਆਉਂਦਾ ਸੀ। ਓ'ਡਵਾਇਰ ਦੀ ਮੀਟਿੰਗ 'ਚ ਅਜੇ 20 ਦਿਨ ਰਹਿੰਦੇ ਹੋਣੇ ਹਨ। ਅਸੀਂ ਹੇਜ਼ ਦੇ ਵਾਈਟ ਹਾਰਟ ਪੱਬ 'ਤੋਂ ਉੱਠੇ ਅਤੇ ਹਾਈਡ ਪਾਰਕ ਦੇ ਸਾਹਮਣੇ ਬੜੇ ਆਦਮੀਆਂ ਦੇ ਮਕਾਨਾਂ ਵਾਲੀ ਸੜਕ 'ਤੇ ਪਹੁੰਚ ਗਏ। ਅਸੀਂ ਓ'ਡਵਾਇਰ ਦੇ ਘਰ ਚਲੇ ਗਏ। ਅਸੀਂ ਕਿਹਾ ਕਿ ਅਸੀਂ ਤੇਰੀ ਖਾਤਰ ਤੋਹਫ਼ਾ ਲਿਆਏ ਹਾਂ। ਉਹਨੇ ਸਾਨੂੰ ਚਾਹ ਪਿਲਾਈ, ਘਰ ਵਿਖਾਇਆ। ਪਹਿਲਾਂ ਤਾਂ ਪੌੜੀਆਂ ਉਤਰਦਿਆਂ ਊਧਮ ਸਿੰਘ ਕਹਿੰਦਾ, "ਹੁਣ ਚੱਕ ਦਿੰਦੇ ਹਾਂ"। ਫਿਰ ਸਾਡਾ ਖਿਆਲ ਹਟ ਗਿਆ। ਪਰ ਗੱਲ ਨਾ ਬਣੀ। ਮੈਂ ਉਹਦੇ ਨਾਲ ਗੁੱਸੇ ਹੋ ਗਿਆ। ਅਸੀਂ ਕਾਰ 'ਚ ਬਾਕਸਟਨ ਚਲੇ ਗਏ। ਉਹਨੂੰ ਕਾਰਾਂ ਦਾ ਖ਼ਬਤ ਸੀ।

ਜਿਸ ਦਿਨ ਓ'ਡਵਾਇਰ ਦੇ ਮੀਟਿੰਗ ਸੀ ਇਹ (ਊਧਮ ਸਿੰਘ) ਉਸ ਦੇ ਮੇਜ਼ ਦੇ ਸਾਹਮਣੇ ਬੈਠ ਗਿਆ। ਇਹਨੇ ਗੋਲੀ ਚਲਾਈ। ਪੁਲੀਸ ਵਾਲੇ ਨੇ ਇਹਦੇ ਮੂੰਹ 'ਤੇ ਕੋਟ ਸੁੱਟ ਦਿੱਤਾ। ਅਸੀਂ ਅਖ਼ਬਾਰ 'ਚ ਖ਼ਬਰ ਪੜ੍ਹੀ। ਸਾਡੇ ਨਾਲ ਦੇ ਆਇਰਸ਼ (ਆਇਰਲੈਂਡ ਨਿਵਾਸੀ) (Irish) ਬੜੇ ਖ਼ੁਸ਼ ਹੋਏ। ਉਨ੍ਹਾਂ ਸਾਨੂੰ ਗਲਾਸੀਆਂ (ਵਿਸਕੀ) ਪਿਲਾਈਆਂ। ਮੁਕੱਦਮਾ ਚਲਿਆ। ਤਰੀਕਾਂ ਪੈਂਦੀਆਂ ਰਹੀਆਂ। ਮੈਂ ਹਰ ਤਰੀਕ 'ਤੇ ਜਾਂਦਾ ਰਿਹਾ ਪਰ ਸਾਨੂੰ ਅੰਦਰ ਨਹੀਂ ਸੀ ਜਾਣ ਦਿੱਤਾ ਜਾਂਦਾ।



also if you can get a book name ~~hir warsh~~ HEER WARS SHAH I like to take this book to old bailey for to take oath as I am none lelins (?) they have canged my name in the House of Common Mrs. Chamberlain gave me the name William Singh. Now he is my Priest. So I like to have his book taken to Court with me. Good bey to all your Singh

ਊਧਮ ਸਿੰਘ ਦਾ ਖ਼ਤ ਜਿਸ ਵਿਚ ਉਸ ਨੇ 'ਹੀਰ ਵਾਰਿਸ' ਦੀ ਮੰਗ ਕੀਤੀ।

ਮੈਂ ਗੁਰਦੁਆਰੇ ਦੇ ਸੈਕਟਰੀ ਮੋਹਨ ਸਿੰਘ ਕੋਲ ਜਾਂਦਾ ਰਿਹਾ ਪਰ ਉਹਨੇ ਕੋਈ ਪੱਲਾ ਨਾ ਫੜਾਇਆ। ਹੁਣ ਤਾਂ ਦੋ ਆਦਮੀ ਬੈਠ ਕੇ ਗੱਲਾਂ ਕਰ ਲੈਂਦੇ ਹਨ, ਓਦੋਂ ਕੋਈ ਗੱਲ ਵੀ ਨਹੀਂ ਕਰਦਾ ਸੀ। ਮੈਂ ਅਖ਼ਬਾਰਾਂ 'ਚ ਪੜ੍ਹਦਾ ਰਿਹਾ ਕਿ ਊਧਮ ਸਿੰਘ ਨੇ ਜੇਲ੍ਹ 'ਚ ਸਾਫਾ ਮੰਗਿਆ। ਪਹਿਲਾਂ ਤਾਂ ਦਿੰਦੇ ਨਹੀਂ ਸਨ, ਫੇਰ ਦੇ ਦਿੱਤਾ।

ਜਿਸ ਦਿਨ ਊਧਮ ਸਿੰਘ ਨੂੰ ਫ਼ਾਂਸੀ ਲੱਗੀ, ਮੈਂ ਜੇਲ੍ਹ ਦੇ ਬਾਹਰ ਖੜ੍ਹਾ ਸੀ। ਬਾਹਰ ਕੰਧ 'ਤੇ ਦੋ ਮੇਖਾਂ ਲੱਗੀਆਂ ਹੁੰਦੀਆਂ। ਜਿਸ ਆਦਮੀ ਨੂੰ ਫ਼ਾਂਸੀ ਲੱਗਦੀ ਹੈ ਉਹਦਾ ਬਾਹਰ ਫੱਟਾ ਲੱਥ ਜਾਂਦਾ ਹੈ। ਪੁਲੀਸ ਵਾਲੇ ਤੋਂ ਊਧਮ ਸਿੰਘ ਦਾ ਫੱਟਾ ਨਾ ਉਤਰੇ। ਮੈਂ ਉਹਦੀ ਮਦਦ ਕੀਤੀ ਕਿ ਊਧਮ ਸਿੰਘ ਦਾ ਫੱਟਾ ਲਾਹ ਕੇ ਦੂਜੇ ਦਾ ਟੰਗਵਾ ਦਿੱਤਾ।

ਜਦੋਂ ਪੁਲੀਸ ਵਾਲੇ ਆ ਗਏ। ਇਕ ਨੇ ਮੈਨੂੰ ਇਕ ਪਾਸਿਓਂ ਫੜ ਲਿਆ, ਦੂਜੇ ਨੇ ਦੂਜੀ ਬਾਂਹ ਫੜ ਲਈ। ਪੁਲੀਸ ਨੇ ਮੇਰਾ ਰਿਕਾਰਡ ਲੈ ਲਿਆ। ਮੈਨੂੰ ਫ਼ੌਜ ਵਿਚ ਜਬਰੀ ਭਰਤੀ ਕਰ ਦਿੱਤਾ। ਮੈਂ ਉੱਥੋਂ ਭੱਜ ਆਇਆ। ਮੈਂ ਸਵੱਦੀ (ਲੁਧਿਆਣਾ) ਵਾਲੇ ਕਪੂਰ ਸਿੰਘ ਦੇ ਭਾਈ ਬਚਨ ਦਾ ਸ਼ਨਾਖਤੀ ਕਾਰਡ ਲੈ ਲਿਆ ਅਤੇ Scunthorpe ਚਲਾ ਗਿਆ। ਫੇਰ ਮੈਂ ਫੜ ਹੋ ਗਿਆ। ਕੋਰਟ ਮਾਰਸ਼ਲ 'ਚ ਮੈਨੂੰ ਸਾਲ ਦੀ ਕੈਦ ਹੋ ਗਈ। ਮੈਂ ਡਡਲੀ, ਸਕਾਟਲੈਂਡ ਦੀ ਜੇਲ੍ਹ 'ਚ ਸੀ। ਕਈ ਕੈਦੀ ਫ਼ੌਜ 'ਚ ਭਰਤੀ ਹੋ ਗਏ ਸੀ। ਸਾਡਾ ਰਾਸ਼ਨ ਇੰਡੀਆ ਹਾਊਸ ਤੋਂ ਜਾਂਦਾ ਸੀ। ਬੱਸ ਰੋਟੀ ਪਕਾਈ ਜਾਣੀ, ਖਾਈ ਜਾਣੀ। ਜੇਲ੍ਹ 'ਚ ਮੇਰਾ ਭਾਰ 11 ਸਟੋਨ (69.8 ਕਿਲੋਗਰਾਮ) ਤੋਂ 13 ਸਟੋਨ (82.5 ਕਿਲੋਗਰਾਮ) ਹੋ ਗਿਆ। ਮੈਨੂੰ ਫੇਰ ਫ਼ੌਜ 'ਚ ਭੇਜ ਦਿੱਤਾ। ਮੈਂ ਭੁੱਖ ਹੜਤਾਲ ਕਰ ਦਿੱਤੀ। ਮੇਰੇ 'ਤੇ ਗਾਰਦ ਦਾ ਪਹਿਰਾ ਹੁੰਦਾ ਸੀ। ਉੱਥੇ ਇਕ ਮੁਸਲਮਾਨ ਨੂੰ ਮੇਜਰ ਬਣਾ ਦਿੱਤਾ ਸੀ; ਉਹਦਾ ਦਿਮਾਗ ਉੱਚਾ ਹੋ ਗਿਆ। ਅੰਗਰੇਜ਼ਾਂ ਨੇ ਉਹਨੂੰ ਮੇਜਰ ਤੋਂ ਫੇਰ ਕਪਤਾਨ ਬਣਾ ਦਿੱਤਾ। ਫੇਰ ਉਹੀ ਮੈਨੂੰ ਗੱਲਾਂ ਦੱਸਣ ਵਾਲਾ ਹੋ ਗਿਆ- ਤੂੰ ਇੰਝ ਕਰ, ਉਂਝ ਕਰ। ਇਕ ਰਾਤੀਂ ਮੈਂ ਦਰਖ਼ਤ 'ਤੇ ਚੜ੍ਹ ਗਿਆ ਅਤੇ ਗਾਰਦ ਨੂੰ ਕਿੱਥੋਂ ਲੱਭਣਾ ਸੀ। ਮੈਂ ਦੂਸਰੇ ਦਿਨ ਉਤਰਿਆ, ਟੈਕਸੀ ਲੈ ਕੇ ਈਸਟ ਚਲਾ ਗਿਆ। ਉੱਥੇ ਫਕੀਰੀਆ ਵੀ ਹੁੰਦਾ ਸੀ, ਸ਼ਰਮਾ ਵੀ। ਮੈਂ ਉਨ੍ਹਾਂ ਕੋਲ ਚਲਾ ਗਿਆ।

ਡਾ. ਗਿੱਲ ਨੇ ਮੇਰੀ ਮਦਦ ਕੀਤੀ। 1945 ਵਿਚ ਮੈਂ ਲਿਵਰਪੂਲ ਤੋਂ ਜਹਾਜ਼ ਚੜ੍ਹ ਕੇ ਬੰਬਈ ਆ ਗਿਆ। ਮੈਂ ਬਿੰਜਲ (ਲੁਧਿਆਣਾ) ਪਹੁੰਚ ਗਿਆ। ਤਿੰਨ ਮਹੀਨੇ ਤਾਂ ਆਰਾਮ ਰਿਹਾ। ਫੇਰ ਪੁਲੀਸ ਨੇ ਤੰਗ ਕਰਨਾ ਸ਼ੁਰੂ ਕੀਤਾ। 1948 ਵਿਚ ਇਕ ਹਿੰਦੂ ਸੱਜਣ ਪਾਸਪੋਰਟ ਦਫ਼ਤਰ 'ਚ ਕੰਮ ਕਰਦਾ ਸੀ। ਮੈਂ ਉਹਨੂੰ ਪੈਸੇ ਦੇ ਕੇ ਬਖਤਾਵਰ ਸਿੰਘ ਨਾਉਂ ਵਿਚ ਕੇ, ਐਚ ਅੱਖਰ ਕਟਵਾ ਦਿੱਤੇ ਅਤੇ ਗੋਤ ਨਾਲ ਲਿਖਵਾ ਲਿਆ। ਇੰਜ ਮੈਂ ਬੀ.ਐਸ. ਕੱਰੀ ਬਣ ਗਿਆ। 1948 ਵਿਚ ਵਾਪਸ ਵਲਾਇਤ ਆ ਗਿਆ। ਲੋਕ ਹੈਰਾਨ ਸਨ। ਪੁਲੀਸ ਵਾਲੇ ਕਹਿੰਦੇ ਕਿ ਇਹ ਉਹ ਆਦਮੀ ਨਹੀਂ ਹੋ ਸਕਦਾ।

ਓ'ਡਵਾਇਰ ਨੂੰ ਮਾਰਨ ਤੋਂਪਹਿਲਾਂ ਦੀ ਕਹਾਣੀ

ਪਿਸਤੌਲ ਅਸੀਂ ਮੇਰੀ (Mary) ਦੀ ਮਦਦ ਨਾਲ ਲਿਆ ਸੀ। ਉਹ ਇਕ ਆਇਰਸ਼ ਬੰਦਾ ਸੀ ਜਿਹੜਾ ਅਜਿਹੇ ਕੰਮ ਕਰਦਾ ਸੀ, ਨੂੰ ਜਾਣਦੀ ਸੀ। ਇਕ ਰਾਤ ਅਸੀਂ Hatfield ਦੇ ਜੰਗਲ ਵਿਚ ਪਿਸਤੌਲ ਚਲਾ ਕੇ ਵੀ ਵੇਖਿਆ ਬਈ ਠੀਕ ਕੰਮ ਤਾਂ ਕਰਦਾ ਹੈ। ਪਿਸਤੌਲ ਕਾਰ ਦੀ ਸੀਟ ਦੇ ਥੱਲੇ ਹੁੰਦਾ ਸੀ।

ਸ਼ਾਹ ਨਾਉਂ ਦਾ ਆਦਮੀ ਫਿਲਮ ਕੰਪਨੀ ਨੂੰ ਬੰਦੇ ਸਪਲਾਈ ਕਰਦਾ ਸੀ। ਊਧਮ ਸਿੰਘ ਨੇ Elephant Boy, Thief of Baghdad ਵਿਚ ਛੋਟੇ-ਛੋਟੇ ਰੋਲ ਵੀ ਕੀਤੇ ਹਨ। ਊਧਮ ਸਿੰਘ ਨੇ ਜਿਸ ਦਿਨ ਓ'ਡਵਾਇਰ ਨੂੰ ਮਾਰਿਆ, ਉਹ ਮੈਨੂੰ ਜਾਣ ਕੇ ਨਾਲ ਨਹੀਂ ਲੈ ਕੇ ਗਿਆ। ਜੇ ਇਕ ਜਾਵੇ ਤਾਂ ਇਕ ਨੇ ਫ਼ਾਂਸੀ ਲੱਗਣਾ, ਦੋ ਗਏ ਤਾਂ ਦੋਵੇਂ ਫ਼ਾਂਸੀ ਲੱਗਣਗੇ।

ਉਹ ਹਰ ਵੇਲੇ ਚੌਕਸ ਰਹਿੰਦਾ ਸੀ। ਕਿਸੇ ਦੇ ਘਰ ਜਾਣਾ ਤਾਂ ਬਹਿ ਕੇ ਨਹੀਂ ਰੋਟੀ ਖਾਣੀ, ਖੜ੍ਹੇ ਰਹਿਣਾ। ਅਖ਼ਬਾਰਾਂ ਦਾ ਤਾਂ ਉਹਨੂੰ ਬੜਾ ਈ ਸ਼ੌਕ ਸੀ। ਉਹਦੀ ਗੱਲ ਕਰਦਿਆਂ ਤਾਂ ਹੁਣ ਵੀ ਜੋਸ਼ ਆ ਜਾਂਦਾ ਏ। ਮੈਂ ਉਹਦੇ ਨਾਲ ਜਿੰਨਾ ਚਿਰ ਰਿਹਾ, ਮੈਂ ਉਹਨੂੰ ਹੱਸਦਾ ਹੀ ਵੇਖਿਆ। ਉਹਨੇ ਕਾਰ ਲੈਣੀ ਤਾਂ ਆਪ ਸਲੰਸਰ ਕੱਟ ਲੈਣਾ ਬਈ ਖੜਕਾ ਜ਼ਿਆਦਾ ਕਰੇ। ਉਹ ਕੰਮ ਬੜੇ ਜਾਣਦਾ ਸੀ, ਤਕੜਾ ਕਾਰੀਗਰ ਸੀ। ਇਕ ਥਾਉਂ ਟਿਕਦਾ ਨਹੀਂ ਸੀ। ਅੱਜ ਇੱਥੇ, ਕੱਲ੍ਹ ਉੱਥੇ। ਉਂਜ ਵੀ ਊਧਮ ਸਿੰਘ ਤੇਜ਼ ਤਰਾਰ ਸੀ। ਇਕ ਵਾਰ ਉਹ ਕਾਰ ਲੈਣ ਗਿਆ ਤਾਂ ਉਹਨੇ Hire Purchase 'ਤੇ (ਸਾਬੂ) ਦਸਤਗੀਰ, ਫਿਲਮਾਂ ਵਾਲੇ ਦਾ ਨਾਉਂ ਲਿਖ ਦਿੱਤਾ। ਉਹ ਤਿੰਨ ਮਹੀਨੇ ਕਾਰ ਦੱਬੀ ਫਿਰਦਾ ਰਿਹਾ ਅਤੇ ਮਗਰੋਂ ਜਾ ਕੇ ਦਸਤਗੀਰ ਨੂੰ ਪਤਾ ਲੱਗਾ। ਊਧਮ ਸਿੰਘ ਨੂੰ ਸਾਰੇ 'ਬਾਵਾ' ਕਹਿੰਦੇ ਸੀ ਕਿਉਂਕਿ ਉਹਦਾ ਮਤਾ ਹੀ ਅਜਿਹਾ ਸੀ। ਉਹ ਕਹਿੰਦਾ ਹੁੰਦਾ ਸੀ ਕਿ ਉਹਨੇ ਓ'ਡਵਾਇਰ ਤੋਂ ਆਪਣੇ ਬੰਦੇ ਮਾਰਨ ਦਾ ਬਦਲਾ ਲੈਣਾ ਏ। ਜਲ੍ਹਿਆਂਵਾਲਾ ਕਾਂਡ 'ਚ ਉਹਦਾ ਕੋਈ ਭਰਾ ਵਗੈਰਾ ਨਹੀਂ ਸੀ ਮਾਰਿਆ ਗਿਆ। ਭਰਾ ਦਾ ਬਦਲਾ ਲੈਣ ਵਾਲੀ ਗੱਲ ਤਾਂ ਮੈਂ ਹੀ ਤੋਰੀ ਸੀ। ਮੈਂ ਪਰਦਾ ਪਾਉਣ ਲਈ ਪੁਲੀਸ ਨੂੰ ਕਹਿ ਦਿੰਦਾ ਸੀ- ਓ'ਡਵਾਇਰ ਨੇ ਉਹਦਾ ਭਾਈ ਮਾਰਿਆ ਸੀ, ਇਹਨੇ ਉਹਨੂੰ ਮਾਰ ਦਿੱਤਾ। ਊਧਮ ਸਿੰਘ ਭਗਤ ਸਿੰਘ ਦੀ ਫੋਟੋ ਜ਼ਰੂਰ ਆਪਣੇ ਕੋਲ ਰੱਖਦਾ ਸੀ। ਤਸਵੀਰ ਨੂੰ ਦੇਖ ਕੇ ਆਪ ਮੁੱਛਾਂ 'ਤੇ ਹੱਥ ਫੇਰਨ ਲੱਗ ਜਾਂਦਾ ਹੁੰਦਾ ਸੀ।

ਇਕ ਬੈਟੀ (Betty) ਹੁੰਦੀ ਸੀ ਜਿਹਦੇ ਨਾਲ ਉਹਦੀ ਸਾਂਝ ਸੀ, ਆਇਰਸ਼ ਸੀ। ਆਇਰਸ਼ ਹੀ ਆਪਣੇ ਲੋਕਾਂ ਦੀ ਬਾਂਹ ਫੜਦੇ ਹਨ। ਮੈਂ ਤਾਂ ਕਹਿੰਦਾ ਸੀ ਕੋਈ ਬੱਚਾ ਬੁੱਚਾ ਵੀ ਹੋ ਜਾਂਦਾ ਤਾਂ ਚੰਗਾ ਸੀ, ਪਰ ਨਹੀਂ। ਹੁਣ ਪਤਾ ਨਹੀਂ ਉਹ (ਬੈਟੀ) ਕਿੱਥੇ ਹੈ।

ਊਧਮ ਸਿੰਘ ਕੋਲ ਆਪਣੇ ਮੁਲਕ ਤੋਂ ਬਿਨਾਂ ਹੋਰ ਗੱਲ ਹੀ ਕੋਈ ਨਹੀਂ ਸੀ; ਆਪਣੇ ਮੁਲਕ 'ਤੇ ਜ਼ੁਲਮ ਹੁੰਦਾ ਹੈ; ਫਲਾਣੇ ਨੇ ਭਗਤ ਸਿੰਘ ਨੂੰ ਫ਼ਾਂਸੀ ਦਾ ਹੁਕਮ ਦਿਵਾਇਆ; ਫਲਾਣੇ ਨੂੰ ਆਪਾਂ ਇਹ ਕਰ ਦੇਣਾ ਹੈ, ਉਹ ਕਰ ਦੇਣਾ ਹੈ। ਉਹਨੂੰ ਲਗਨ ਮੁਲਕ ਦੀ ਆਜ਼ਾਦੀ ਦੀ ਸੀ। ਮਾੜੀ ਮੋਟੀ ਗੱਲ ਗਾਂਧੀ ਦੀ ਵੀ ਕਰ ਲੈਂਦਾ ਸੀ। ਜਿਹੜਾ ਵੀ ਆਜ਼ਾਦੀ ਲਈ ਕੁਝ ਕਰਦਾ ਸੀ ਉਹ ਊਧਮ ਸਿੰਘ ਲਈ ਚੰਗਾ ਸੀ। ਬਹੁਤੀ ਗੱਲ ਉਹ ਸਟਾਲਨ ਦੀ ਹੀ ਛੇੜੀ ਰੱਖਦਾ ਸੀ।

ਬਾਕੀ ਉਹਦਾ ਹੱਸਣ-ਖੇਡਣ ਦਾ ਸੁਭਾਅ ਸੀ। ਜਿਹੜੇ ਪੈਸੇ ਪੱਲੇ ਹੋਣੇ, ਖਰਚ ਲੈਣੇ। ਕੱਲ੍ਹ ਦੀ ਕੱਲ੍ਹ ਨਾਲ ਵੇਖੀ ਜਾਏਗੀ।

**(ਧੰਨਵਾਦ: ਲਕੀਰ/ ਅਮਰਜੀਤ ਚੰਦਨ/ ਅਜਾਇਬ ਸਿੰਘ ਗਰਚਾ)**

## ਵੀਚਾਰ ਆਪੋ ਆਪਣਾ

# ਭਾਰਤ ਵਿੱਚ ਗ਼ਰੀਬ ਲੋਕ ਵੋਟ ਬੈਂਕ ਬਣ ਗਏ ਹਨ

ਸਾਡੇ ਦੇਸ਼ ਵਿੱਚ ਇਹ ਜਿਹੜਾ ਪਰਜਾਤੰਤਰ ਆਇਆ ਹੈ ਇਸ ਦਾ ਇੱਕ ਹੀ ਆਧਾਰ ਹੈ ਅਤੇ ਇਹ ਵਾਲਾ ਆਧਾਰ ਹੈ ਹਰ ਪੰਜਾਂ ਸਾਲਾਂ ਬਾਅਦ ਚੋਣਾਂ ਕਰਾਈ ਜਾਣਾ ਅਤੇ ਇਹ ਚੋਣਾਂ ਕਰਵਾਕੇ ਅਸੀਂ ਲੋਕਾਂ ਦੀ ਚੁਣੀ ਸਰਕਾਰ ਦੀ ਗੱਲ ਕਰਕੇ ਇਹ ਆਖੀ ਜਾਂਦੇ ਹਾਂ ਕਿ ਸਾਡੇ ਮੁਲਕ ਵਿੱਚ ਬਹੁਤ ਹੀ ਕਾਮਯਾਬ ਕਿਸਮ ਦਾ ਪਰਜਾਤੰਤਰ ਆ ਗਿਆ ਹੈ ਅਤੇ ਦੁਨੀਆਂ ਭਰ ਦੇ ਲੋਕੀਂ ਇਹ ਮੰਨੀ ਜਾ ਰਹੇ ਹਨ ਕਿ ਭਾਰਤ ਦੁਨੀਆਂ ਦਾ ਸਭ ਤੋਂ ਵਡਾ ਪਰਜਾਤੰਤਰ ਹੈ। ਗੱਲ ਤਾਂ ਠੀਕ ਲੱਗਦੀ ਹੈ, ਪਰ ਜਦ ਅਸੀਂ ਭਾਰਤੀ ਆਪ ਹੀ ਆਪਣੇ ਮੁਲਕ ਉਤੇ ਝਾਤੀ ਮਾਰਦੇ ਹਾਂ ਤਾਂ ਆਖ ਦਿੱਤਾ ਜਾ ਰਿਹਾ ਹੈ ਕਿ ਇਸ ਮੁਲਕ ਦੀ ਕੁੱਲ ਆਬਾਦੀ ਅਗਰ 130 ਕਰੋੜ ਹੈ ਤਾਂ ਉਸ ਵਿੱਚ 81 ਕਰੋੜ ਗਰੀਬ ਹਨ। ਰਾਜਸੀ ਲੋਕਾਂ ਦੀ ਸਮਝ ਵਿੱਚ ਇਹ ਗੱਲ ਆ ਗਈ ਹੈ ਕਿ ਅਗਰ ਇਹ ਗ਼ਰੀਬ ਲੋਕ ਹੀ ਵੋਟਾਂ ਪਾ ਦਿਆ ਕਰਨ ਤਾਂ ਰਾਜ ਕਾਇਮ ਕੀਤਾ ਜਾ ਸਕਦਾ ਹੈ। ਇਸ ਲਈ ਰਾਜਸੀ ਲੋਕਾਂ ਦੀ ਇੱਕ ਹੀ ਨੀਤੀ ਬਣ ਆਈ ਹੈ ਕਿ ਕਿਸੇ ਤਰ੍ਹਾਂ ਇਹ ਗੁਰਬਤ ਕਾਇਮ ਰਖੀ ਜਾਵੇ ਅਤੇ ਇਹੀ ਸਤਰ ਪੰਝਤਰ ਪ੍ਰਤੀਸ਼ਤ ਵੋਟਾਂ ਹੀ ਪੈਂਦੀਆਂ ਹਨ ਅਤੇ ਇਹ ਗ਼ਰੀਬਾਂ ਦੀਆਂ ਵੋਟਾਂ ਹੀ ਹਨ। ਇਹੀ ਕਾਫੀ ਹਨ। ਰਾਜਸੀ ਲੋਕਾਂ ਨੇ ਇਹ ਆਪਣਾ ਵੋਟ ਬੈਂਕ ਬਣਾ ਲਿਆ ਹੈ ਅਤੇ ਵੋਟਾਂ ਵਕਤ ਗ਼ਰੀਬਾਂ ਨੂੰ ਕੋਈ ਨਾ ਕੋਈ ਝਾਂਸਾ ਦੇਕੇ ਗ਼ਰੀਬਾਂ ਦੀਆਂ ਵੋਟਾਂ ਵਟੋਰ ਲਈਆਂ ਜਾਂਦੀਆਂ ਹਨ ਅਤੇ ਇਹ ਵਾਲਾ ਪਰਜਾਤੰਤਰ ਚਲਦਾ ਆ ਰਿਹਾ ਹੈ। ਸੋ ਜਦ ਤੱਕ ਇਹ ਵਿਧਾ ਚੱਲਦੀ ਰਵੇਗੀ ਇਸ ਮੁਲਕ ਵਿੱਚ ਗ਼ਰੀਬਾਂ ਦੀ ਗਿਣਤੀ ਵੱਧਦੀ ਰਵੇਗੀ ਅਤੇ ਇਹ ਵਾਲਾ ਪਰਜਾਤੰਤਰ ਵੀ ਚਲਦਾ ਰਵੇਗਾ।

ਕੋਈ ਇਹ ਆਖੇ ਕਿ ਇਹ ਵਾਲੇ ਰਾਜਸੀ ਲੋਕ ਕਦੀ ਗੁਰਬਤ ਖ਼ਤਮ ਕਰ ਦੇਣਗੇ ਐਸਾ ਕੁੱਝ ਵੀ ਦਿਖਾਈ ਨਹੀਂ ਦੇ ਰਿਹਾ ਹੈ।ਪਿਛਲੀ ਪੌਣੀ ਸਦੀ ਦਾ ਵਕਤ ਇਹ ਵਾਲਾ ਪਰਜਾਤੰਤਰ ਚਲਦਾ ਆ ਰਿਹਾ ਹੈ ਅਤੇ ਹਾਲਾਂ ਕੁੱਝ ਵੀ ਐਸਾ ਹੁੰਦਾ ਦਿਖਾਈ ਨਹੀਂ ਦੇ ਰਿਹਾ ਕਿ ਅਸੀਂ ਇਹ ਵਾਲਾ ਪਰਜਾਤੰਤਰ ਬਦਲ ਸਕੀਏ। ਅਗਲੀਆਂ ਚੋਣਾਂ ਵੀ ਆ ਰਹੀਆਂ ਹਨ ਅਤੇ ਮੈਦਾਨ ਵਿੱਚ ਹਾਜ਼ਰ ਰਾਜਸੀ ਪਾਰਟੀਆਂ ਨੇ ਹਾਲਾਂ ਤੱਕ ਕੋਈ ਵੀ ਐਸੀ ਲਹਿਰ ਨਹੀਂ ਚਲਾਈ ਜਿੱਥੇ ਗ਼ਰੀਬਾਂ ਦੀ ਗੱਲ ਕੀਤੀ ਹੋਵੇ। ਖੱਬੀਆਂ ਧਿਰਾਂ ਵੀ ਹਾਲਾਂ ਚੁੱਪ ਹੀ ਸਾਧੀ ਬੈਠੀਆਂ ਹਨ ਅਤੇ ਉਹ ਵੀ ਕੋਈ ਪ੍ਰੋਗਰਾਮ ਲੈਕੇ ਸਾਹਮਣੇ ਨਹੀਂ ਆਈਆਂ ਹਨ। ਸੋ ਇਹ ਗੁਰਰਬਤ ਦੂਰ ਤਾਂ ਨਹੀਂ ਹੋਣੀ, ਵੋਟਬੈਂਕ ਹੀ ਬਣਿਆ ਰਵੇਗਾ।

# ਸਾਡੇ ਮੁਲਕ ਦੇ ਲੋਕ ਭਾਣਾ ਮੰਨ ਕੇ ਹੀ ਜੀਵੀ ਜਾਂਦੇ ਹਨ


ਅਸੀਂ ਅਗਰ ਆਪਣੇ ਮਿਥਿਹਾਸ ਉਤੇ ਨਜ਼ਰ ਮਾਰਦੇ ਹਾਂ ਤਾਂ ਉਦੋਂ ਵੀ ਗਰੀਬ ਸੁਦਾਮਾ ਹਾਜ਼ਰ ਸੀ ਅਤੇ ਇਹ ਗਰੀਬ ਸੁਦਾਮਿਆਂ ਦੀ ਗਿਣਤੀ ਸਾਡੇ ਮੁਲਕ ਦੇ ਇਤਿਹਾਸ ਦੇ ਵਕਤਾਂ ਵਿੱਚ ਮੁਸਲਮਾਨੀ ਗ਼ੁਲਾਮੀ ਦੇ ਦਿੰਨਾਂ ਵਿੱਚ ਅਤੇ ਫਿਰ ਅੰਗਰੇਜ਼ਾਂ ਦੇ ਵਕਤਾਂ ਵਿੱਚ ਵੀ ਕਾਇਮ ਹੀ ਨਹੀਂ ਰਹੀ ਬਲਕਿ ਵਧਦੀ ਹੀ ਰਹੀ ਹੈ। ਇਹ ਗੱਲ ਸਾਡੇ ਸਾਹਮਣੇ ਸਾਬਤ ਹੋ ਚੁੱਕੀ ਹੈ ਕਿ ਜਿਹੜਾ ਵੀ ਪਰਵਾਰ ਇੱਕ ਵਾਰੀਂ ਗ਼ਰੀਬ ਹੋ ਜਾਂਦਾ ਹੈ ਫਿਰ ਉਸ ਪਰਵਾਰ ਦੀਆਂ ਅਗਲੀਆਂ ਸਾਰੀਆਂ ਦੀਆਂ ਸਾਰੀਆਂ ਪੀੜ੍ਹੀਆਂ ਗ਼ਰੀਬ ਹੀ ਹੋਈ ਜਾਂਦੀਆਂ ਹਨ ਅਤੇ ਸਦਾਮਿਆਂ ਦਾ ਸਾਡਾ ਮਿਥਿਹਾਸ, ਸਦਾਮਿਆਂ ਦਾ ਸਾਡਾ ਆਪਣਾ ਇਤਿਹਾਸ ਅਤੇ ਫਿਰ ਇਹ ਗੁਲਾਮੀ ਦੇ ਸਮਿਆਂ ਵਿੱਚ ਇਹ ਗ਼ਰੀਬਾਂ ਦੀ ਗਿਣਤੀ ਵਧਦੀ ਹੀ ਰਹੀ ਹੈ। ਅਸੀਂ ਆਜ਼ਾਦ ਵੀ ਹੋ ਗਏ ਹਾਂ ਅਤੇ ਅਸਾਂ ਪਰਜਾਤੰਤਰ ਵੀ ਅਪਣਾ ਲਿਆ ਹੈ। ਪਰ ਹਾਲਾਂ ਵੀ ਗ਼ਰੀਬਾਂ ਦੀ ਗਿਣਤੀ ਉਸੇ ਸਿਧਾਂਤ ਨਾਲ ਵਧਦੀ ਹੀ ਆ ਰਹੀ ਹੈ। ਅਸੀਂ ਇਹ ਵੀ ਸੁਣਦੇ ਆ ਰਹੇ ਹਾਂ ਕਿ ਸਾਡੇ ਮੁਲਕ ਦੀ ਆਰਥਿਕ ਹਾਲਤ ਬਹੁਤ ਹੀ ਮਜ਼ਬੂਤੀ ਨਾਲ ਅਗੇ ਵੱਧਦੀ ਜਾ ਰਹੀ ਹੈ, ਅਤੇ ਸਾਡੇ ਪ੍ਰਧਾਨ ਮੰਤਰੀ ਜੀ ਇਹ ਆਖ ਰਹੇ ਹਨ ਕਿ ਅੱਜ ਅਸੀਂ ਮੁਲਕ ਦੀ ਕੁੱਲ ਆਬਾਦੀ 130 ਵਿੱਚੋਂ ਕੋਈ 81 ਕਰੋੜ ਗ਼ਰੀਬਾਂ ਨੂੰ ਮੁਫ਼ਤ ਰਾਸ਼ਨ ਦੇਕੇ ਜਿਉਂਦਾ ਰੱਖ ਰਹੇ ਹਾਂ, ਇਹ ਗੱਲਾਂ ਸੁਣਕੇ ਅਤੇ ਦੇਖਕੇ ਇਹੀ ਲੱਗਦਾ ਪਿਆ ਹੈ ਕਿ ਸਾਡੇ ਮੁਲਕ ਦੇ ਲੋਕਾਂ ਦਾ ਰੱਬ ਵਿੱਚ ਪੱਕਾ ਵਿਸ਼ਵਾਸ ਹੈ ਅਤੇ ਇਹ ਰੱਬ ਦਾ ਭਾਣਾ ਮੰਨਣ ਵਾਲੇ ਲੋਕ ਹਨ ਅਤੇ ਕਦੀ ਵੀ ਸ਼ਿਕਾਇਤ ਜਾਂ ਸ਼ਿਕਵਾ ਨਹੀਂ ਕਰਦੇ। ਇਹ ਤਾਂ ਹਾਲਾਂ ਵੀ ਇਹੀ ਵਿਸ਼ਵਾਸ ਰੱਖੀ ਬੈਠੇ ਹਨ ਕਿ ਅਗਰ ਸਾਡਾ ਮਿਥਿਹਾਸ ਗਿਆ, ਸਾਡਾ ਆਪਣਾ ਇਤਿਹਾਸ ਗਿਆ, ਗ਼ੁਲਾਮੀਆਂ ਗਈਆਂ ਤਾਂ ਇਹ ਜਿਹੜੇ ਮਾੜੇ ਦਿਨ ਇਸ ਆਜ਼ਾਦੀ ਅਤੇ ਇਸ ਪਰਜਾਤੰਤਰ ਵਿੱਚ ਵੀ ਆ ਬਣੇ ਹਨ, ਇੱਕ ਦਿਨ ਖ਼ਤਮ ਹੋ ਜਾਣਗੇ ਅਤੇ ਰੱਬ ਮਿਹਰ ਕਰੇਗਾ ਲੋਕਾਂ ਦਾ ਜੀਵਨ ਇਸ ਮੁਲਕ ਵਿੱਚ ਵੀ ਖ਼ੁਸ਼ਹਾਲ ਹੋ ਜਾਵੇਗਾ।

ਇਸ ਮੁਲਕ ਵਿੱਚ ਆਜ਼ਾਦੀ ਬਾਅਦ ਕਈ ਰਾਜਸੀ ਪਾਰਟੀਆਂ ਹੋਂਦ ਵਿੱਚ ਆਈਆਂ ਹਨ ਅਤੇ ਬਹੁਤ ਕੁੱਝ ਕਰਨ ਦਾ ਵਾਅਦਾ ਵੀ ਕਰਦੀਆਂ ਰਹੀਆਂ ਹਨ ਅਤੇ ਲੋਕਾਂ ਨੂੰ ਇਕੱਠਾ ਕਰਕੇ ਕੈਸੀਆਂ ਕੈਸੀਆਂ ਗੱਲਾਂ ਵੀ ਕਰਦੇ ਰਹੇ ਹਨ, ਪਰ ਅੱਜ ਤੱਕ ਕਿਸੇ ਵੀ ਰਾਜਸੀ ਪਾਰਟੀ ਨੇ ਇਹ ਵਾਅਦਾ ਨਹੀਂ ਕੀਤਾ ਕਿ ਅਗਰ ਉਹ ਜਿੱਤਕੇ ਰਾਜ ਬਣਾ ਲੈਂਦੀ ਹੈ ਤਾਂ ਮੁਲਕ ਵਿੱਚੋਂ ਇਹ ਗੁਰਬਤ ਵਾਲਾ ਧੱਬਾ ਖਤਮ ਕਰ ਦੇਵੇਗੀ। ਸਾਫ ਪਿਆ ਲੱਗਦਾ ਹੈ ਕਿ ਇਹ ਰਾਜਸੀ ਲੋਕ ਜਾਣਦੇ ਹਨ ਕਿ ਇਹ ਗ਼ਰੀਬ ਹੀ ਹਨ ਜਿਹੜੇ ਵੋਟਾਂ ਪਾਈ ਜਾਂਦੇ ਹਨ ਅਤੇ ਅਗਰ ਇਹ ਗ਼ਰੀਬਾਂ ਦੀ ਗਿਣਤੀ ਹੀ ਖ਼ਤਮ ਹੋ ਗਈ ਤਾਂ ਫ਼ਿਰ ਵੋਟਾਂ ਕੌਣ ਪਾਇਆ ਕਰੇਗਾ। ਇਹ ਵੀ ਗੱਲ ਸਾਫ ਹੈ ਕਿ ਇਹ ਵਾਲੇ ਰਾਜਸੀ ਲੋਕਾਂ ਨੇ ਇਹ ਗੁਰਬਤ ਕਦੀ ਵੀ ਖ਼ਤਮ ਨਹੀਂ ਕਰਨੀ ਹੈ। ਇਹ ਗੱਲ ਮੁਲਕ ਦੇ ਗ਼ਰੀਬਾਂ ਦੀ ਸਮਝ ਵਿੱਚ ਆ ਗਈ ਹੈ ਅਤੇ ਉਹ ਇਸ ਕਰਕੇ ਚੁੱਪ ਹਨ ਕਿ ਕਦੀ ਤਾਂ ਰੱਬ ਆਪ ਹੀ ਮਿਹਰ ਕਰੇਗਾ ਅਤੇ ਜਿਵੇਂ ਰਾਜ ਬਦਲਦੇ ਰਹੇ ਹਨ ਕਦੀ ਐਸਾ ਰਾਜ ਵੀ ਆਪ ਹੀ ਆ ਜਾਵੇਗਾ ਜਦ ਇਹ ਗੁਰਬਤ ਖ਼ਤਮ ਹੋ ਜਾਵੇਗੀ। ਇਹ ਭਾਣਾ ਮੰਨਣ ਵਾਲੇ ਭਾਰਤੀ ਲੋਕ ਉਸ ਦਿਨ ਦੀ ਉਡੀਕ ਕਰ ਰਹੇ ਹਨ।

ਦਲੀਪ ਸਿੰਘ ਵਾਸਨ,
ਐਡਵੋਕੇਟ 101 ਸੀ ਵਿਕਾਸ ਕਲੋਨੀ, ਪਟਿਆਲਾ ਪੰਜਾਬ ਭਾਰਤ 147001

Punjabi Chulha ਪੰਜਾਬੀ ਚੁੱਲ੍ਹਾ Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ!
"ਪੰਜਾਬੀ ਚੁੱਲ੍ਹੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142





CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca



Any Commercial or Domestic disposable items, like sofa, table,chair, bed, mattress, washer, dryer, fridge etc.or any lumber,
we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫ਼ੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਂਗੇ ਤੇ ਉਹਨਾਂ ਨੂੰ ਡਿਸਪੋਜ ਕਰਾਂਗੇ !



# ਅਮਿੱਟ ਯਾਦਾਂ:ਪ.ਫ਼ਟਾ ਵੱਲੋਂ ਮਨਾਏ 'ਪੰਜਾਬੀ ਸਿਨੇਮਾ ਦਿਵਸ' ਦੀਆਂ



ਕਾਲਾ ਸਿੰਘ ਸੈਣੀ,
ਮੋਬਾ:98767-20402





ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਮੋਹਾਲੀ ਵਿਖੇ ਪੰਜਾਬੀ ਫ਼ਿਲਮ ਇੰਡਸਟਰੀ ਵੱਲੋਂ 'ਪੰਜਾਬੀ ਸਿਨੇਮਾ ਦਿਵਸ' ਮਨਾਇਆ ਗਿਆ। ਇਸ ਮੌਕੇ ਸਵੇਰੇ ਪਹਿਲੇ ਸੈਸ਼ਨ ਵਿੱਚ ਰਾਸਟਰੀ ਅਵਾਰਡ ਜੇਤੂ ਫਿਲਮ 'ਮੜੀ ਦਾ ਦੀਵਾ' ਦਿਖਾਈ ਗਈ ਅਤੇ ਫਿਲਮ ਵਿਚ ਕੰਮ ਗਰਨ ਵਾਲੇ ਕਲਾਕਾਰਾਂ ਨਾਲ ਰੂਬਰੂ ਕਰਵਾਇਆ ਗਿਆ। ਪ੍ਰੋਗਰਾਮ ਦੇ ਦੂਸਰੇ ਸੈਸ਼ਨ ਦੇ ਆਰੰਭ ਪੰਜਾਬੀ ਫ਼ਿਲਮ ਐਂਡ ਟੀਵੀ ਐਕਟਰਜ਼ ਐਸੋਸੀਏਸ਼ਨ ਦੇ ਪ੍ਰਧਾਨ ਕਰਮਜੀਤ ਅਨਮੋਲ ਦੇ ਸਵਾਗਤੀ ਬੋਲਾਂ ਨਾਲ ਪ੍ਰੋਗਰਾਮ ਨੂੰ ਅੱਗੇ ਤੋਰਿਆ ਗਿਆ। ਉਨ੍ਹਾਂ ਕਿਹਾ ਕਿ ਸੰਨ 1935 ਵਿੱਚ 29 ਮਾਰਚ ਨੂੰ ਸਾਡੇ ਪੰਜਾਬੀ ਸਿਨੇਮਾ ਦੀ ਪਹਿਲੀ ਫਿਲਮ 'ਇਸ਼ਕ-ਏ-ਪੰਜਾਬ ਉਰਫ ਮਿਰਜ਼ਾ ਸਾਹਿਬਾ ਰਿਲੀਜ਼ ਹੋਈ ਸੀ,ਇਸ ਸਮੇਂ ਉੱਘੇ ਗਾਇਕਾਂ ਅਤੇ ਗਾਇਕਾਵਾਂ ਬੁਲੰਦ ਆਵਾਜ਼ ਅਮਰ ਨੂਰੀ,ਫ਼ਿਰੋਜ ਖਾਨ,ਪੰਮੀ ਬਾਈ,ਐਮੀ ਵਿਰਕ,ਚੰਨੀ ਯੂਕੇ ਆਲਪ ਗਰੁੱਪ,ਹਰਬੀ ਸੰਘਾਂ,ਸਿਕੰਦਰ ਸਲੀਮ, ਕਰਮਜੀਤ ਅਨਮੋਲ, ਲਵਪ੍ਰੀਤ ਲਵੀ, ਤਹਿਜ਼ੀਬ ਅਤੇ ਸੁੱਖਾ ਗਿੱਲ ਕੋਕਰੀ ਆਦਿ ਨੇ ਰੰਗ ਬੰਨਿਆਂ। ਇਸ ਮੌਕੇ ਸੰਸਥਾ ਦੇ ਜਰਨਲ ਸਕੱਤਰ ਮਲਕੀਤ ਰੌਣੀ ਨੇ ਜਾਣਕਾਰੀ ਦਿੰਦੇ ਹੋਏ ਕਿ ਇਸ ਸਮਾਰੋਹ ਦੀ ਪ੍ਰਧਾਨਗੀ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾ ਅਤੇ ਲਾਲ ਚੰਦ ਕਟਾਰੂ ਚੱਕ ਨੇ ਸਾਂਝੇ ਤੌਰ ਤੇ ਕੀਤੀ,ਚੇਤਨ ਸਿੰਘ ਜੌੜਾ ਮਾਜਰਾ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਸਾਡੇ ਸਿਨੇਮਾ ਕੋਲ ਬਹੁਤ ਵੱਡੀਆਂ ਸੰਭਾਵਨਾਮਾ ਹਨ, ਜਿਸਨੇ ਸਾਡੇ ਇਤਿਹਾਸ ਅਤੇ ਸੱਭਿਆਚਾਰ ਨੂੰ ਨਵੀਂ ਪੀੜੀ ਤੱਕ ਲੈ ਕੇ ਜਾਣਾ ਹੈ,ਇਸ ਮੌਕੇ ਕੈਬਨਿਟ ਮੰਤਰ ਲਾਲ ਚੰਦ ਕਟਾਰੂ ਚੱਕ ਨੇ ਬੋਲਦਿਆਂ ਕਿਹਾ ਕਿ ਸਾਡੀ ਮਾਂ-ਬੋਲੀ ਦਾ ਸਿਨੇਮਾ ਸਾਡੀ ਪਛਾਣ ਹੈ। ਇਹ ਸਾਡੇ ਸਮਾਜ ਦਾ ਸੀਸ਼ਾ ਹੈ,ਜੋ ਸਮਾਜ ਵਿੱਚ ਹੋ ਰਹੀਆਂ ਘਟਨਾਵਟਾ ਤਬਦੀਲੀਆਂ ਨੂੰ ਸਾਡੇ ਸਨਮੁੱਖ ਕਰਦਾ ਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਦਾ ਉਪਰਾਲਾ ਇਸ ਨੂੰ ਹੋਰ ਵੱਡਾ ਕਰਨਾ ਹੈ। ਗੁਰਪ੍ਰੀਤ ਘੁੱਗੀ ਨੇ ਬੋਲਦਿਆਂ ਕਿਹਾ ਕਿ ਸਾਨੂੰ ਮਾਣ ਹੈ ਪੰਜਾਬੀ ਸਿਨੇਮਾ ਤੇ ਜਿਸਨੂੰ ਅਸੀਂ ਪੂਰੇ ਪਰਿਵਾਰ ਨਾਲ ਬੈਠਕੇ ਮਾਣ ਸਕਦੇ ਹਾਂ। ਪੰਜਾਬੀ ਫ਼ਿਲਮ ਐਂਡ ਟੀਵੀ ਐਕਟਰਜ਼ ਐਸੋਸੀਏਸ਼ਨ ਵੱਲੋਂ 'ਪੰਜਾਬੀ ਸਿਨੇਮਾ ਦਿਵਸ' 2023 ਮੌਕੇ ਸਨਮਾਨਿਤ ਸ਼ਖਸੀਅਤਾਂ ਵਿੱਚ ਸ਼ਵਿੰਦਰ ਮਾਹਲ,ਬੀਬਾ ਰਣਜੀਤ ਕੌਰ,ਅਦਾਕਾਰਾ ਜਤਿੰਤਰ ਕੌਰ,ਬੀਨੂੰ ਢਿੱਲੋਂ,ਐਮੀ ਵਿਰਕ,ਜਸ ਗਰੇਵਾਲ,ਅਮਰ ਨੂਰੀ,ਨਿਰਦੇਸ਼ਕ ਰਵਿੰਦਰ ਰਵੀ,ਬੀ.ਐੱਨ ਸਰਮਾਂ,ਮੋਹਨ ਕੰਬੋਜ,ਰਤਨ ਔਲਖ,ਲੇਖਕ ਕਾਲਾ ਸਿੰਘ ਸੈਣੀ,ਚੰਨੀ ਆਲਪ ਗਰੁੱਪ ਯੂਕੇ,ਬਾਲ ਮੁਕੰਦ ਸਰਮਾਂ ਆਦਿ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਾਲ ਮੁਕੰਦ ਸਰਮਾਂ,ਗੁੱਗੂ ਗਿੱਲ,ਅਮਰ ਨੂਰੀ ਤੇ ਚੰਨੀ ਅਲਾਪ ਗਰੁੱਪ ਯੂਕੇ ਬੋਲਦਿਆਂ ਕਿਹਾ ਕਿ ਪੰਜਾਬੀ ਸਿਨੇਮਾ ਇਸ ਸਮੇਂ ਸਾਡੀ ਮਾਂ-ਬੋਲੀ ਅਤੇ ਸਾਡੇ ਸੱਭਿਆਚਾਰ ਦੇ ਪ੍ਰਚਾਰ ਦਾ ਸਭ ਤੋਂ ਵੱਡਾ ਸਾਧਨ ਹੈ। ਜਿਸ ਨੇ ਦੇਸ਼ਾਂ ਵਿਦੇਸ਼ਾ ਵਿੱਚ ਸਾਡੀ ਮਾਂ-ਬੋਲੀ ਦਾ ਪ੍ਰਚਰ ਕੀਤਾ ਹੈ। ਉਨ੍ਹਾਂ ਕਿਹਾ ਕਿ ਫ਼ਿਲਮਾਂ ਦੇ ਪ੍ਰਚਾਰ ਸਮੇਂ ਵੀ ਸਾਨੂੰ ਇੱਕਠੇ ਹੋ ਕੇ ਚੱਲਣਾ ਚਾਹੀਦਾ ਹੈ ਤਾਂ ਜੋ ਸਾਡਾ ਇਹ ਕਾਫਲਾ ਹੋਰ ਵੱਡਾ ਹੋ ਕੇ ਅੱਗੇ ਵਧ ਸਕੇ। ਸਮਗਮ ਦੀ ਸਟੇਜ਼ ਤੇ ਬੀਬਾ ਰਣਜੀਤ ਕੌਰ ਆਪਣੇ ਸਫ਼ਰ ਦੀਆਂ ਯਾਦਾ ਤਾਜਾ ਕਰਦਿਆਂ ਭਾਵੁਕ ਮਨ ਨਾਲ ਆਪਣੇ ਗੀਤਾਂ ਨੂੰ ਤਾਜਾ ਕੀਤਾ। ਇਸ ਮੌਕੇ ਹੋਰਨਾ ਤੋਂ ਇਲਾਵਾ ਨਿਰਦੇਸ਼ਕ ਸਿਮਰਨਜੀਤ ਸਿੰਘ,ਬਾਲ ਮੁਕੰਦ ਸਰਮਾਂ,ਜਰਨੈਲ ਸਿੰਘ,ਐਮੀ ਵਿਰਕ,ਬਿਨੂੰ ਢਿੱਲੋ,ਰਛਪਾਲ ਪਾਲੀ,ਚੰਡੀਗੜ੍ਹ ਯੂਨੀਵਰਸਿਟੀ ਦੇ ਪ੍ਰੋ.ਵਾਇਸ ਚਾਂਸਲਰ ਮਨਪ੍ਰੀਤ ਸਿੰਘ ਮੰਨਾ,ਲੋਕ ਗਾਇਕ ਪੰਮੀ ਬਾਈ, ਆਦਿ ਨੇ ਭਰਵੀਂ ਹਾਜ਼ਰੀ ਲਗਾਈ। ਇਸ ਮੌਕੇ ਪ੍ਰੋਗਰਾਮ ਦੇ ਆਖਿਰ 'ਚ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਦੀ ਭੰਗੜੇ ਦੀ ਨੈਸ਼ਨਲ ਜੇਤੂ ਟੀਮ ਦੇ ਕਲਾਕਾਰਾਂ ਨੇ ਲੋਕ ਨਾਚ ਭੰਗੜੇ ਨਾਲ ਧਮਾਲਾਂ ਨਾਲ ਸੰਪਨ ਹੋਇਆ। ਇਸ ਮੌਕੇ ਪੰਜਾਬੀ ਫ਼ਿਲਮ ਐਂਡ ਟੀਵੀ ਐਕਟਰਜ਼ ਐਸੋਸੀਏਸਨ ਵੱਲੋਂ 'ਪੰਜਾਬੀ ਸਿਨੇਮਾ ਦਿਵਸ' ਮੌਕੇ ਹਰ ਸਾਲ ਦੀ ਤਰ੍ਹਾਂ ਆਪਣਾ 'ਸੋਵੀਨਾਰ' ਵੀ ਲੋਕ ਅਰਪਿਤ ਕੀਤਾ ਗਿਆ। ਇਸ ਮੌਕੇ ਅਦਾਕਾਰਾ ਸਤਵੰਤ ਕੌਰ,ਰਾਣਾ ਜੰਗ ਬਹਾਦਰ,ਭਾਰਤ ਭੂਸ਼ਣ ਵਰਮਾ,ਰਾਜ ਧਾਲੀਵਾਲ, ਰੁਪਿੰਦਬ ਰੂਪੀ,ਸੀਮਾਂ ਕੌਸ਼ਲ,ਸੰਜੂ ਸੋਲੰਕੀ, ਸਵੈਰਾਜ ਸੰਧੂ,ਜੱਸੀ ਲੌਂਗੋਵਾਲੀਆ,ਸੁਖਦੇਵ ਬਰਨਾਲ, ਰਾਜ ਬੁੱਟਰ,ਪੂਨਮ ਸੂਦ,ਰਾਖੀ ਹੁੰਦਲ, ਰਵਿੰਦਰ ਮੰਡ,ਡਾ.ਰਣਜੀਤ ਸਰਮਾਂ, ਪਰਮਵੀਰ,ਪਰਮਜੀਤ ਭੰਗੂ,ਸੋਨੀ ਸਗੂ, ਸਾਨੀਆ ਪੰਨੂ,ਪ੍ਰਭ ਗਰੇਵਾਲ,ਅੰਮ੍ਰਿਤਪਾਲ ਬਿੱਲਾ, ਜਸਬੀਰ ਗਿੱਲ,ਅਤੇ ਗੁਰਮੀਤ ਮਿਤਵਾ,ਜਗਦੇਵ ਮਾਨ ਆਦਿ ਹਾਜ਼ਰ ਸਨ। ਪੰਜਾਬੀ ਫ਼ਿਲਮ ਐਂਡ ਟੀਵੀ ਐਕਟਰਜ਼ ਐਸੋਸੀਏਸ਼ਨ ਮੋਹਾਲੀ ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਦੇ ਵਿਹੜੇ ਮਨਾਇਆ ਪੰਜਾਬੀ ਸਿਨੇਮਾ ਦਿਵਸ ਤਮਾਮ ਦਿਲਾਂ ਅੰਦਰ ਇਹ ਸਮਾਹੋਰ ਅਮਿੱਟ ਯਾਦਾਂ ਛੱਡ ਗਿਆ।





ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜ਼ਰੂਰਤ ਹੈ
ਕਾਲ ਕਰੋ:
1 250 319 7263

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal health insurance



Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.

ARROW
DRYWALL INC.
The Name You Can Trust
Products of Services:
• Insulation • Drywall • Taping • Texturing • Blow Insulation
ਇੰਸੂਲੇਸ਼ਨ • ਡਰਾਈਵਾਲ • ਟੇਪਿੰਗ • ਬਲੋ ਇੰਸੂਲੇਸ਼ਨ • ਟੈਕਸਚਰਿੰਗ •
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ



Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com



Ramandeep Singh (RDS)
Shop. 85578-70770
M. 99144-90254
RDS Sidhu's
ਵਿਰਾਸਤੀ ਆਰਟਸ
ਇੱਥੇ ਹਰ ਪ੍ਰਕਾਰ ਦੇ ਸੂਟ, ਦੁਪੱਟੇ, ਸ਼ਾਲ, ਫਰਾਕ, ਫੁਲਕਾਰੀ, ਬਾਗ, ਰੁਮਾਲਾ ਸਾਹਿਬ ਅਤੇ ਹਰ ਤਰਾਂ ਦੇ ਕੱਪੜੇ ਤੇ ਕਢਾਈ ਨਵੇਂ ਨਵੇਂ ਡਿਜ਼ਾਇਨਾਂ ਵਿੱਚ ਕੰਪਿਊਟਰਾਈਜ ਮਸ਼ੀਨ ਨਾਲ ਕੀਤੀ ਜਾਂਦੀ ਹੈ।
ਨੋਟ: ਰਵਾਇਤੀ ਕਢਾਈ ਵਾਲੇ ਝੋਲੇ, ਗਿੱਧੇ ਭੰਗੜੇ ਦਾ ਡਰੈਸ ਮਟੀਰੀਅਲ ਵੀ ਵਾਜਬ ਰੇਟਾਂ ਤੇ ਉੱਪਲਬਧ ਹਨ।
ਇੱਥੇ ਆਰਡਰ ਪਾਰਸਲ ਕਰਨ ਦਾ ਖਾਸ ਪ੍ਰਬੰਧ ਹੈ।
ਪਤਾ: ਨੇੜੇ ਨਹਿਰ ਵਾਲਾ ਬੱਸ ਅੱਡਾ, ਪਿੰਡ ਕੁਸਲਾ (ਮਾਨਸਾ)
ਵਿਰਾਸਤੀ ਆਰਟਸ
ਵਿਰਾਸਤੀ ਆਰਟਸ

# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਕਲੇਰ ਪਰਿਵਾਰ ਦੀ ਸੋਹਣੀ ਸੁਨੱਖੀ,ਉਮਰ 27 ਸਾਲ, ਕੱਦ 5 ਫੁੱਟ 7 ਇੰਚ, ਮੈਡੀਕਲ ਆਫਿਸ ਐਡਮਨਿਸਟ੍ਰੇਸ਼ਨ ਦੀ ਵਿਦਿਅਕ ਯੋਗਤਾ ਵਾਲੀ ਲੜਕੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਮਾਰਗੇਜ ਬਰੋਕਰੇਜ ਦਾ ਲਾਇਸੈਂਸ ਵੀ ਹੈ। ਸੰਪਰਕ: 1 780 903 5524***221***

### ਲੜਕੀ ਦੀ ਲੋੜ

ਵਿਜਿਟਰ ਵੀਜੇ ਉੱਪਰ ਕਨੇਡਾ ਰਹਿੰਦੇ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 30 ਸਾਲ, ਵਿਦਿਅਕ ਯੋਗਤਾ ਬੀ ਏ, ਆਈ ਟੀ ਆਈ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪਹਿਲੀ ਪਤਨੀ ਦੀ ਕਨੇਡਾ ਵਿੱਚ ਸੜਕ ਦੁਰਘਟਨਾ ਵਿੱਚ ਮੌਤ ਹੋ ਚੁੱਕੀ ਹੈ। ਇੱਕ 5 ਸਾਲ ਦੀ ਬੱਚੀ ਵੀ ਹੈ। ਸੰਪਰਕ: 1 647 244 4131 ***221***

### ਲੜਕੇ ਦੀ ਲੋੜ

Canadian citizen Jatt Sikh 29 year old, 5ft 6inches tall girl employed with Alberta's largest healthcare employer, working through her LPN to RN bridging program and also preparing for Canadian Medical school Entrance to pursue medicine; looking for at least 6ft tall, well educated, cultured groom who is either a Doctor, Engineer, Smart businessman or a Lawyer. Preference will be given to Edmonton and Calgary area. Substance abusers refrain from contacting. Contact: 1 780 707 1280 ***221***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸਿੱਧੂ ਪਰਿਵਾਰ ਦੇ ਕੈਲਗਰੀ ਰਹਿੰਦੇ ਸੋਹਣੇ ਸੁਨੱਖੇ ਲੜਕੇ,ਉਮਰ 29 ਸਾਲ, ਕੱਦ 5 ਫੁੱਟ 8 ਇੰਚ, ਐਜੂਕੇਸ਼ਨ ਗਰੇਡ 12, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 404 6602 ***221***

### ਲੜਕੇ ਦੀ ਲੋੜ

DOB-1980 Education- M.A ( English literature), M. A ( sociology, Gold medalist, PU, Chandigarh), B. Ed., M.Ed., Phd ( Education), UGC NET ( Education), UGC NET ( Sociology) Experience- 15 years of teaching Experience .At Canada, since October 2021.Caste No Bar."Keen to settle abroad, preferably , Ontario, Canada. Phone: 0091 94171 78487 **220**

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਕਨੇਡਾ ਦੇ ਹੀ ਜੰਮਪਲ, ਉਮਰ 39 ਸਾਲ, ਕੱਦ 5 ਫੁੱਟ 9 ਇੰਚ, ,ਫਾਇਨਾਂਸ ਦੀ ਬਿਜਨਿਸ ਡਿਗਰੀ ਹੋਲਡਰ ਅਤੇ ਹੁਣ ਸੀ ਆਰ ਏ ਨਾਲ ਐਡੀਟਰ ਦੀ ਜੌਬ ਕਰਦੇ ਲੜਕੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਜੱਟ ਸਿੱਖ ਪਰਿਵਾਰ ਦੀ ਕਨੇਡੀਅਨ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਰੀਅਲ ਅਸਟੇਟ ਅਤੇ ਹੋਰ ਸਥਾਪਿਤ ਬਿਜਨਸਾਂ ਦਾ ਵੀ ਮਾਲਿਕ ਹੈ। ਸੰਪਰਕ: 403 681 0557 ***220***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਰਾਮਗੜ੍ਹੀਏ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ 31 ਸਾਲਾ ਪਗੜੀਧਾਰੀ ਤੇ 6 ਫੁੱਟ ਲੰਮੇ , ਚੰਡੀਗੜ੍ਹ ਵਿੱਚ ਜੰਮੇ ਪਲੇਅ ਲੜਕੇ ਲਈ ਹਾਣ ਪ੍ਰਵਾਣ ਦੀ ਲੰਮੇ ਕੱਦ ਵਾਲੀ,ਚੰਗੀ ਪੜੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਲੜਕਾ ਇਸ ਵੇਲੇ ਸੀ ਐਨ ਰੇਲ ਚ ਚੰਗੀ ਜੋਬ ਕਰ ਰਿਹਾ ਹੈ। ਲੜਕੀ ਮੈਨੀਟੋਬਾ ਜਾਂ ਅਲਬਰਟਾ ਤੋਂ ਜਾਂ ਉਥੇ ਤਬਦੀਲ ਹੋਣ ਲਈ ਰਾਜ਼ੀ ਹੋਵੇ।ਰਿਸ਼ਤੇ ਸਬੰਧੀ ਆਪਣਾ ਬਾਇਓਡਾਟਾ ਇਸ ਫੋਨ ਨੰਬਰ 1 587 969 6363 ਉੱਪਰ ਵਟਸਐਪ ਕਰ ਸਕਦੇ ਹੋ। ***220***

### ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ 33 ਸਾਲਾ ਸਿੱਖ ਰਾਮਗੜ੍ਹੀਆ 5'-7" ਲੰਮੀ ਚੰਡੀਗੜ ਵਿੱਚ ਜੰਮੀ-ਪਲੀ ਆਈਟੀ ਪਰੋਫੈਸ਼ਨਲ ਲੜਕੀ ਲਈ ਬਰਾਬਰ ਦੀ ਯੋਗਤਾ ਵਾਲੇ ਤੇ ਅਲਬਰਟਾ/ਮੈਨੀਟੋਬਾ ਦੇ ਆਲੇ-ਦੁਆਲੇ ਤੋ ਲੰਮੇ ਕੱਦ ਵਾਲੇ ਲੜਕੇ ਦੀ ਲੋੜ ਹੈ।ਪੁੱਛਗਿੱਛ ਅਤੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਬਾਇਓਡਾਟਾ ਅਤੇ ਹਾਲੀਆ ਤਸਵੀਰਾਂ ਵੱਟਸ ਐਪ ਤੇ ਭੇਜ ਸਕਦੇ ਹੋ !+1 587-969-6363 WhatsApp

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਕਨੇਡਾ ਆਏ ਧਾਲੀਵਾਲ ਪਰਿਵਾਰ ਦੇ ਇਕਲੌਤੇ ਲੜਕੇ ਉਮਰ 27 ਸਾਲ, ਕੱਦ 6 ਫੁੱਟ, ਪਲੱਸ ਟੂ ਲੜਕੇ ਲਈ ਕਨੇਡਾ ਤੋਂ ਹੀ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਕੋਲ ਲੁਧਿਆਣਾ ਜਿਲੇ ਵਿੱਚ 5 ਏਕੜ ਸਹਿਰੀ ਜਾਇਦਾਦ ਹੈ। ਲੜਕੇ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ, ਇਸ ਵੇਲੇ ਪਰਿਵਾਰ ਵਿੱਚ ਲੜਕਾ ਅਤੇ ਉਸਦੀ ਮਾਤਾ ਜੀ ਹੀ ਹਨ। ਸੰਪਰਕ :403 401 5308 ***220***

### ਲੜਕੀ ਦੀ ਲੋੜ

ਕਨੇਡੀਅਨ ਜੱਟ ਸਿੱਖ ,ਉਮਰ 40 ਸਾਲ,ਸਾਊ ਅਤੇ ਨਸ਼ਾ ਰਹਿਤ ਡਾਇਵੋਰਸ ਲੜਕੇ ਲਈ ਘਰੇਲੂ ਅਤੇ ਸਿਆਣੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਨੀਪੈਗ ਨੂੰ ਪਹਿਲ। ਸੰਪਰਕ: 1 204 697 4736 **219**

### ਲੜਕੇ ਦੀ ਲੋੜ

ਜੱਟ ਸਿੱਖ ਪਰਿਵਾਰ ਦੀ ਸਟੱਡੀ ਵੀਜੇ ਉੱਪਰ ਕਨੇਡਾ ਰਹਿ ਰਹੀ ਲੜਕੀ,ਜਨਮ 1994,ਕੱਦ 5 ਫੁੱਟ 7 ਇੰਚ, ਿਵਿਦਅਕ ਯੋਗਤਾ: ਐਮ ਏ ਇੰਗਲਿਸ਼ ਲਿਟਰੇਚਰ,ਅਤੇ ਹੁਣ ਐਡਵਾਂਸ ਕਮਿਊਨਿਕੇਸ਼ਨ ਦੀ ਪੜ੍ਹਾਈ ਕਰਦੀ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਮਾਲਵੇ ਵਿੱਚ 40 ਕਿੱਲਿਆਂ ਦੇ ਮਾਲਕ ਸੰਧੂ ਪਰਿਵਾਰ ਦੀ ਧੀ ਹੈ। ਲੜਕੀ ਦਾ ਭਰਾ ਵੀ ਕਨੇਡਾ ਸੈਟਲਡ ਹੈ। ਸੰਪਰਕ: 1 780 975 9073 ਜਾਂ 1 780 885 7581 ***214***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਉੱਚੇ ਲੰਮੇ ਗੱਭਰੂ ਕੱਦ 6 ਫੁੱਟ,ਜਨਮ 1987,ਿਵਦਅਕ ਯੋਗਤਾ ਐਮ ਬੀ ਏ,ਹੁਣ ਆਇਲ ਐਂਡ ਗੈਸ ਦੇ ਖੇਤਰ ਵਿੱਚ ਬਿਜਨਿਸ ਅਨੈਲਸਿਸਟ ਦੀ ਨੌਕਰੀ ਕਰਦੇ ਲਈ,ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੀ ਰਿਸ਼ਤੇ ਦੀ ਲੋੜ ਹੈ। ਲੜਕਾ ਚੰਡੀਗੜ੍ਹ ਦਾ ਜੰਮਪਲ ਹੈ ਅਤੇ ਚੰਗੇ ਪੜ੍ਹੇ ਲਿਖੇ ਪਰਿਵਾਰ ਦਾ ਪਿਛੋਕੜ ਖੇਤੀਬਾੜੀ ਨਾਲ ਸਬੰਧਿਤ ਹੈ। ਸੰਪਰਕ: 1 587 777 0366 ਜਾਂ ਈ ਮੇਲ: tarunsandhu7585@gmail.com***218***

### ਲੜਕੀ ਦੀ ਲੋੜ

Canadian born Jatt Sikh Braich age 28 years height 6 ft degree from u of Calgary professionally employed looking for Canadian born professionally employed girl minimum ht 5,6ft .Please what's app or call 403 561 2486. ***217***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 29 years old daughter. She is an Engineering Graduate from Canadian University and working as a Professional Engineer within a reputed company. Boy should be born or raised in Canada and a well settled equally qualified Professional. Only Jatt Sikh families contact : (403) 828 7973 or acheema8811@gmail.com. ***217***

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ, ਜੱਟ ਸਿੱਖ ਗਿੱਲ ਪਰਿਵਾਰ ਦੇ ਕਨੇਡਾ ਰਹਿ ਰਹੇ ਲੜਕੇ,ਉਮਰ 37 ਸਾਲ, ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ : ਐਮ ਏ ਪੰਜਾਬੀ, ਐਮ ਏ ਪੋਲੀਟਿਕਲ ਸਾਇੰਸ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈੱਟਲ ਹੈ। ਵਰਕ ਪਰਮਿਟ ਵਾਲੀ ਲੜਕੀ ਜਿਸ ਦੀ ਪੀ ਆਰ ਫਾਈਲ ਲੱਗੀ ਹੋਵੇ ਜਾਂ ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਵਿਆਹ ਜਲਦੀ। ਸੰਪਰਕ: 1 825 733 4897 ਜਾਂ 1 825 712 5990 ***216***

### ਲੜਕੀ ਦੀ ਲੋੜ

Looking a suitable match for Canadian citizen s/c engineer boy. Age 31 yr,Ht 5.7ft. Citizen/PR girl from technical or medical profession proffered. Contact : 403 862 6806 / 403 830 5721.Email : askumar_3251@hotmail.com ***216***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 30 ਸਾਲ,ਕੱਦ 6 ਫੁੱਟ, ਲਈ ਹਾਣ ਪ੍ਰਵਾਣ ਦੀ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਫਾਸਟ ਫੂਡ ਫਰੈਂਚਾਈਜ਼,ਕਾਰੋਬਾਰ ਹੈ। ਲੁਧਿਆਣਾ ਜਿਲੇ ਨਾਲ ਸਬੰਧਿਤ ਛੋਟਾ ਅਤੇ ਕੈਲਗਰੀ ਵਿੱਚ ਵੈੱਲ ਸੈਟਲਡ ਪਰਿਵਾਰ ਹੈ। ਪੀ ਆਰ ਜਾਂ ਸਿਟੀਜਨ ਲੜਕੀ ਦਾ ਕੇਸ ਪਹਿਲ ਦੇ ਅਧਾਰ ਉੱਪਰ ਵੀਚਾਰਿਆ ਜਾਵੇਗਾ। ਸੰਪਰਕ: 403 870 2221 ***215***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਰੇਵਾਲ ਪਰਿਵਾਰ ਦੀ ਲੜਕੀ, ਉਮਰ 35 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਐਸ ਸੀ ਨਰਸਿੰਗ,ਲਈ ਬਰਾਬਰ ਦੀ ਯੋਗਤਾ ਵਾਲੇ ਨਸ਼ਿਆਂ ਤੋਂ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੇ ਲੜਕੇ ਬਾਰੇ ਵੀ ਵੀਚਾਰ ਹੋ ਸਕਦੀ ਹੈ । ਕੈਲਗਰੀ ਅਤੇ ਲੁਧਿਆਣਾ ਜਿਲੇ ਨਾਲ ਸਬੰਧਿਤ ਪਰਿਵਾਰਾਂ ਨੂੰ ਪਹਿਲ ਦੇ ਅਧਾਰ ਉੱਪਰ ਵੀਚਾਰਿਆ ਜਾਵੇਗਾ। ਸੰਪਰਕ: 587 350 8755 ਜਾਂ 403 464 8765 ***215***

### ਲੜਕੀ ਦੀ ਲੋੜ

ਵਰਕ ਪਰਮਿਟ ਉੱਪਰ ਕੈਲਗਰੀ ਰਹਿੰਦੇ ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 23 ਸਾਲ, ਕੱਦ 610 ਫ਼ੁੱਟ, ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:1 780 236 0958 ***215***

### ਜੀਵਨ ਸਾਥਣ ਦੀ ਲੋੜ

ਅਮਰੀਕਨ ਸਿਟੀਜਨ ,ਜੱਟ ਸਿੱਖ ਸਿੱਧੂ, ਉਮਰ 57 ਸਾਲ,ਕੱਦ 5 ਫੁੱਟ 11 ਇੰਚ,ਚੰਗੀ ਸਿਹਤ ਅਤੇ 34 ਸਾਲ ਤੋਂ ਅਮਰੀਕਾ ਵਿੱਚ ਚੰਗਾ ਕਾਰੋਬਾਰ ਕਰਦੇ ,ਦੋ ਘਰਾਂ ਦੇ ਮਾਲਕ,ਤਲਾਕ ਸ਼ੁਦਾ ਲਈ 40-45 ਸਾਲ ਦੀ ਉਮਰ ਦੀ ਜੀਵਨ ਸਾਥਣ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੈ ਸੰਪਰਕ: 1 317 476 6223 ***225***

### ਲੜਕੀ ਦੀ ਲੋੜ

ਵਿਜਟਿਰ ਵੀਜ਼ੇ ਤੇ ਕੈਨੇਡਾ ਆਏ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਵਿੱਦਿਅਕ ਯੋਗਤਾ ਐਮ ਏ ਲਈ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ ਹੋਰ ਜਾਣਕਾਰੀ ਲਈ ਸੰਪਰਕ ਨੰਬਰ : 403 923 7020 ***220***

## ਰੂਸ ਦੁਆਰਾ ਥੋਪੀ ਜੰਗ ਨੇ ਪੂਰੀ ਦੁਨੀਆਂ 'ਤੇ ਬੁਰਾ ਅਸਰ ਪਾਇਆ - ਯੂਕਰੇਨੀ ਅੰਬੈਸਡਰ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਸਾਲ ਰੂਸ ਦੁਆਰਾ ਯੂਕਰੇਨ ਨਾਲ ਸ਼ੁਰੂ ਕੀਤੀ ਗਈ ਜੰਗ ਦਾ ਅਸਰ ਸਿਰਫ ਯੂਕਰੇਨ ਉੱਪਰ ਨਹੀਂ ਬਲਕਿ ਪੂਰੀ ਦੁਨੀਆ ਦੇ ਉੱਪਰ ਬੇਹੱਦ ਬੁਰੀ ਤਰ੍ਹਾਂ ਨਾਲ ਅਤੇ ਕਈ ਢੰਗ ਤਰੀਕਿਆਂ ਨਾਲ ਪਿਆ ਹੈ ਇਹ ਕਹਿਣਾ ਹੈ ਕਿ ਕੈਨੇਡਾ ਵਿੱਚ ਯੂਕਰੇਨ ਦੀ ਰਾਜਦੂਤ ਕੋਵਅਲਿਵ ਨੇ ਆਖਿਆ ਕਿ ਇਸ ਜੰਗ ਕਾਰਨ ਵਿਸ਼ਵ ਭਰ ਵਿੱਚ ਖਾਣ-ਪੀਣ ਦੀਆਂ ਚੀਜ਼ਾਂ ਮਹਿੰਗੀਆਂ ਹੋਣ ਤੋਂ ਇਲਾਵਾ ਤੇਲ ਅਤੇ ਗੈਸ ਦੀਆਂ ਕੀਮਤਾਂ ਵੀ ਕਾਫੀ ਜ਼ਿਆਦਾ ਵਧੀਆਂ ਹਨ ਅਤੇ ਇਸ ਜੰਗ ਦਾ ਅਸਰ ਆਉਂਦੇ ਕਈ ਸਾਲਾਂ ਤੱਕ ਰਹੇਗਾ ਉਨ੍ਹਾਂ ਆਖਿਆ ਕਿ ਰੂਸ ਨੂੰ ਲਗਦਾ ਸੀ ਕੇ ਉਹ ਬੇਹੱਦ ਜਲਦੀ ਇਹ ਜੰਗ ਜਿੱਤ ਲਵੇਗਾ ਪਰ ਯੂਕਰੇਨ ਦੇ ਲੋਕਾਂ ਦੀ ਬਹਾਦਰੀ ਅਤੇ ਮਿੱਤਰ ਦੇਸ਼ਾਂ ਵੱਲੋਂ ਮਿਲੀ ਫ਼ੌਜੀ ਮਦਦ ਸਦਕਾ ਰੂਸ ਅਜਿਹਾ ਕਰਨ ਵਿੱਚ ਅਸਫਲ ਰਿਹਾ। ਉਹਨਾਂ ਮਿੱਤਰ ਦੇਸ਼ਾਂ ਨੂੰ ਅਪੀਲ ਕੀਤੀ ਕਿ ਸਾਨੂੰ ਵੱਧ ਤੋਂ ਵੱਧ ਫੌਜ਼ੀ ਮੱਦਦ ਭੇਜੀ ਜਾਵੇ ਜਿਸ ਨਾਲ ਅਸੀਂ ਇਹ ਜੰਗ ਜਿੱਤ ਸਕੀਏ ਅਤੇ ਇਸ ਨੂੰ ਖਤਮ ਕਰ ਸਕੀਏ। ਉਨ੍ਹਾਂ ਨਾਲ ਹੀ ਇਹ ਭਰੋਸਾ ਵੀ ਦਵਾਇਆ ਕਿ ਅਸੀਂ ਇਹ ਜੰਗ ਜਿੱਤ ਕੇ ਰਹਾਂਗੇ।

### ਕੈਨੇਡਾ -ਅਮਰੀਕਾ ਸਰਹੱਦ 'ਤੇ ਸਥਿਤ ਸੇਂਟ ਲਾਰੇਂਸ ਦਰਿਆ 'ਚੋ 2 ਬੱਚਿਆਂ ਸਮੇਤ 8 ਜਣਿਆਂ ਦੀਆਂ ਲਾਸ਼ਾਂ ਮਿਲੀਆਂ।

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਸਾਲ ਜਨਵਰੀ ਮਹੀਨੇ ਦੇ ਦੌਰਾਨ ਕੈਨੇਡਾ ਤੋਂ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦਿਆਂ ਵਿਨੀਪੈਗ ਦੇ ਨਜ਼ਦੀਕ ਅੱਤ ਦੀ ਠੰਡ ਕਾਰਨ ਮਾਰੇ ਗਏ ਪਟੇਲ ਪਰਿਵਾਰ ਨੂੰ ਲੋਕ ਅਜੇ ਭੂਲੇ ਨਹੀਂ ਹਨ ਜਿਸ ਵਿੱਚ ਪਤੀ ਪਤਨੀ ਅਤੇ ਉਹਨਾਂ ਦੇ ਦੋ ਬੱਚਿਆਂ ਦੀਆਂ ਲਾਸ਼ਾਂ ਸਰਹੱਦ ਤੋਂ ਕੁੱਝ ਹੀ ਦੂਰੀ ਮਿਲੀਆਂ ਸਨ।

## ਪ੍ਰਵਾਸੀਆਂ ਅਤੇ ਸ਼ਰਨਾਰਥੀਆਂ ਲਈ ਪ੍ਰੋ ਬੋਨੋ ਕਾਉਂਸਲਿੰਗ

ਅਕਸਰ, ਅਸੀਂ ਮਾਨਸਿਕ ਸਿਹਤ ਦੇ ਮੁੱਦਿਆਂ ਨੂੰ ਚੰਗੀ ਤਰ੍ਹਾਂ ਨਹੀਂ ਸਮਝਦੇ। ਹਰ ਕਿਸੇ ਨੂੰ ਸਮੇਂ-ਸਮੇਂ 'ਤੇ ਉਦਾਸੀ, ਚਿੰਤਾ, ਜਾਂ ਹੋਰ ਮਾਨਸਿਕ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ, ਇਹ ਮੁੱਦੇ ਹਲਕੇ ਹੁੰਦੇ ਹਨ, ਅਤੇ ਇੱਕ ਵਿਅਕਤੀ ਇਹਨਾਂ ਨਾਲ ਨਜਿੱਠ ਸਕਦਾ ਹੈ। ਜੇਕਰ ਉਹ ਗੰਭੀਰ ਹੋ ਜਾਂਦੇ ਹਨ ਅਤੇ ਕਿਸੇ ਵਿਅਕਤੀ ਦੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਦਖਲ ਦੇਣਾ ਸ਼ੁਰੂ ਕਰ ਦਿੰਦੇ ਹਨ, ਤਾਂ ਇੱਕ ਪੇਸ਼ੇਵਰ ਸਲਾਹਕਾਰ ਤੋਂ ਮਦਦ ਲੈਣਾ ਇੱਕ ਚੰਗਾ ਵਿਚਾਰ ਹੈ। ਮਾਨਸਿਕ ਰੋਗ ਕਮਜ਼ੋਰੀ ਦੀ ਨਿਸ਼ਾਨੀ ਨਹੀਂ ਹੈ; ਇਹ ਸਿਰਫ਼ ਬਿਮਾਰ ਹੋ ਰਿਹਾ ਹੈ। ਹੋਰ ਬਿਮਾਰੀਆਂ ਵਾਂਗ, ਮਾਨਸਿਕ ਬਿਮਾਰੀਆਂ ਦਾ ਵੀ ਇਲਾਜ ਕੀਤਾ ਜਾ ਸਕਦਾ ਹੈ। ਪਰ, ਜੇ ਇਲਾਜ ਨਾ ਕੀਤਾ ਜਾਵੇ, ਤਾਂ ਇਹ ਵਿਅਕਤੀ ਦੀ ਜ਼ਿੰਦਗੀ ਤੋਂ ਬਹੁਤ ਕੁਝ ਖੋਹ ਸਕਦਾ ਹੈ। ਇਹ ਉਹਨਾਂ ਦੀ ਤਰੱਕੀ ਵਿੱਚ ਰੁਕਾਵਟ ਪਾ ਸਕਦਾ ਹੈ ਅਤੇ ਉਹਨਾਂ ਦੇ ਸਬੰਧਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਉਦਾਹਰਨ ਲਈ, ਸਮਾਜਿਕ ਚਿੰਤਾ ਤੋਂ ਪੀੜਤ ਕੋਈ ਵਿਅਕਤੀ ਦੋਸਤਾਂ ਅਤੇ ਪਰਿਵਾਰ ਨੂੰ ਮਿਲਣ ਤੋਂ ਪਰਹੇਜ਼ ਕਰਨਾ ਸ਼ੁਰੂ ਕਰ ਸਕਦਾ ਹੈ। ਉੱਡਣ ਤੋਂ ਡਰਦਾ ਕੋਈ ਵਿਅਕਤੀ ਹਵਾਈ ਸਫ਼ਰ ਕਰਨਾ ਬੰਦ ਕਰ ਸਕਦਾ ਹੈ। ਬਹੁਤ ਜ਼ਿਆਦਾ ਪ੍ਰੀਖਿਆ ਦੀ ਚਿੰਤਾ ਵਾਲਾ ਕੋਈ ਵਿਅਕਤੀ ਆਪਣੀ ਪੂਰੀ ਸਮਰੱਥਾ ਨੂੰ ਪ੍ਰਾਪਤ ਕਰਨ ਵਿੱਚ ਅਸਫਲ ਹੋ ਸਕਦਾ ਹੈ। ਮਾਨਸਿਕ ਬਿਮਾਰੀਆਂ ਲੋਕਾਂ ਨੂੰ ਸਾਡੇ ਵਿਸ਼ਵਾਸ ਨਾਲੋਂ ਵੱਧ ਨੁਕਸਾਨ ਪਹੁੰਚਾ ਸਕਦੀਆਂ ਹਨ। ਖੋਜ ਮਾਨਸਿਕ ਬਿਮਾਰ ਸਿਹਤ ਅਤੇ ਕੈਂਸਰ, ਦਿਲ ਦੀਆਂ ਸਮੱਸਿਆਵਾਂ ਅਤੇ ਸ਼ੂਗਰ ਵਰਗੀਆਂ ਜਾਨਲੇਵਾ ਬਿਮਾਰੀਆਂ ਵਿਚਕਾਰ ਡੂੰਘੇ ਸਬੰਧ ਨੂੰ ਦਰਸਾਉਂਦੀ ਹੈ। ਇੱਕ ਮਾਨਸਿਕ ਸਿਹਤ ਥੈਰੇਪਿਸਟ ਚੰਗੀ ਮਾਨਸਿਕ ਸਿਹਤ ਅਤੇ ਸੰਤੁਲਨ ਪ੍ਰਾਪਤ ਕਰਨ ਵਿੱਚ ਸਾਡੀ ਮਦਦ ਕਰ ਸਕਦਾ ਹੈ, ਜੋ ਸਫਲਤਾ ਅਤੇ ਖੁਸ਼ਹਾਲ, ਸੰਪੂਰਨ ਜੀਵਨ ਲਈ ਬਹੁਤ ਮਹੱਤਵਪੂਰਨ ਹੈ। ਉਹ ਦੁਖਾਂਤ, ਨੁਕਸਾਨ, ਸੋਗ, ਬੀਮਾਰੀਆਂ, ਅਸਫਲਤਾਵਾਂ, ਮੌਤ ਅਤੇ ਜ਼ਿੰਦਗੀ ਦੀਆਂ ਅਜਿਹੀਆਂ ਹੋਰ ਚੁਣੌਤੀਆਂ ਨਾਲ ਨਜਿੱਠਣ ਵਿਚ ਸਾਡੀ ਮਦਦ ਕਰ ਸਕਦੇ ਹਨ; ਉਹ ਸਾਡੇ ਸੁਪਨਿਆਂ ਦਾ ਰੋਡਮੈਪ ਸਾਕਾਰ ਕਰਨ ਵਿੱਚ ਵੀ ਸਾਡੀ ਮਦਦ ਕਰ ਸਕਦੇ ਹਨ। ਜਿਸ ਤਰ੍ਹਾਂ ਕੋਈ ਸਰੀਰਕ ਕਸਰਤ ਰਾਹੀਂ ਸਰੀਰਕ ਤਾਕਤ ਹਾਸਲ ਕਰ ਸਕਦਾ ਹੈ, ਉਸੇ ਤਰ੍ਹਾਂ ਸਲਾਹ ਰਾਹੀਂ ਮਾਨਸਿਕ ਤਾਕਤ ਹਾਸਲ ਕੀਤੀ ਜਾ ਸਕਦੀ ਹੈ।

ਜੇ ਤੁਸੀਂ ਕੈਨੇਡਾ ਵਿੱਚ ਨਵੇਂ-ਨਵੇਂ ਆਏ ਹੋ ਅਤੇ ਐਡਮਿੰਟਨ ਵਿੱਚ ਰਹਿੰਦੇ ਹੋ, ਤਾਂ ਤੁਹਾਡੀ ਮਾਨਸਿਕ ਸਿਹਤ ਵਿੱਚ ਸਹਾਇਤਾ ਕਰਨ ਲਈ ਪੇਸ਼ੇਵਰਾਨਾ ਮਨੋਵਿਗਿਆਨਕ ਮਦਦ ਹਾਸਲ ਕਰਨ ਲਈ ਇਹ ਇੱਕ ਸ਼ਾਨਦਾਰ ਮੌਕਾ ਹੈ। ਸਾਡੇ ਮਨੋਵਿਗਿਆਨਕ ਬੱਚਿਆਂ, ਨੌਜਵਾਨਾਂ, ਬਾਲਗਾਂ ਅਤੇ ਬਜ਼ੁਰਗਾਂ ਦੀ ਮਦਦ ਕਰ ਸਕਦੇ ਹਨ। ਵਰਤਮਾਨ ਸਮੇਂ ਕੋਈ ਵੀ ਭਾਸ਼ਾ ਦੁਭਾਸ਼ੀਆ ਸੇਵਾ ਉਪਲਬਧ ਨਹੀਂ ਹੈ। ਕੁਝ ਮਨੋਵਿਗਿਆਨਕ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਬੋਲਦੇ ਹਨ।

ਵਧੇਰੇ ਜਾਣਕਾਰੀ ਅਤੇ ਰੈਫਰਲ ਲਈ ਕਿਰਪਾ ਕਰਕੇ freepsychologicalcounselling@ucca.ca ਜਾਂ info@ucca.ca 'ਤੇ ਸਾਡੇ ਨਾਲ ਸੰਪਰਕ ਕਰੋ। ਤੁਸੀਂ ਭਾਗ ਲੈਣ ਵਾਲੇ ਮਨੋਵਿਗਿਆਨੀ ਨਾਲ ਵੀ ਸੰਪਰਕ ਕਰ ਸਕਦੇ ਹੋ ਅਤੇ ਉਹਨਾਂ ਦੀ ਉਪਲਬਧਤਾ ਦੇ ਅਨੁਸਾਰ ਮੁਲਾਕਾਤਾਂ ਬੁੱਕ ਕਰ ਸਕਦੇ ਹੋ। ਸੈਸ਼ਨ ਵਿਅਕਤੀਗਤ ਜਾਂ ਔਨਲਾਈਨ ਹੋ ਸਕਦੇ ਹਨ।

ਇਹ ਉਹਨਾਂ ਮੁੱਦਿਆਂ ਦੀਆਂ ਕਿਸਮਾਂ ਦੀਆਂ ਕੁਝ ਉਦਾਹਰਣਾਂ ਹਨ ਜਿਹਨਾਂ ਵਿੱਚ ਇਹ ਮਨੋਵਿਗਿਆਨੀ ਤੁਹਾਡੀ ਮਦਦ ਕਰ ਸਕਦੇ ਹਨ:

ਚਿੰਤਾ
ਉਦਾਸੀ
ਤਣਾਅ
ਸੋਗ/ਨੁਕਸਾਨ
ਸਵੈ ਮਾਣ
ਰਿਸ਼ਤੇ ਦੇ ਮੁੱਦੇ
ਸਦਮਾ
ਧੱਕੇਸ਼ਾਹੀ
ਕਰੀਅਰ/ਕੰਮ ਨਾਲ ਸਬੰਧਤ ਚੁਣੌਤੀਆਂ

ਇਸ ਵਿਲੱਖਣ ਪਹਿਲਕਦਮੀ ਨੂੰ ਯੂਨਾਈਟਿਡ ਕਲਚਰਜ਼ ਆਫ਼ ਕੈਨੇਡਾ ਐਸੋਸੀਏਸ਼ਨ ਦੇ ਵਾਲੰਟੀਅਰ ਬੋਰਡ ਡਾਇਰੈਕਟਰਾਂ ਦੁਆਰਾ ਸਪਾਂਸਰ ਕੀਤਾ ਗਿਆ ਹੈ। ਅਸੀਂ ਇਸ ਪ੍ਰੋਜੈਕਟ ਲਈ ਸਿਵਲ ਸੋਸਾਇਟੀ ਫੰਡ ਅਤੇ ਪਰਿਵਾਰ ਅਤੇ ਕਮਿਊਨਿਟੀ ਸਹਾਇਤਾ ਸੇਵਾਵਾਂ ਦੇ ਦਿਆਲੂ ਸਮਰਥਨ ਨੂੰ ਸਵੀਕਾਰ ਕਰਦੇ ਹਾਂ।

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

## ਵਰਕਰਾਂ ਦੀ ਲੋੜ

ਕੈਲਗਰੀ ਦੀ ਨਾਮਵਰ ਰੂਫਿੰਗ ਕੰਪਨੀ ਨੂੰ ਰੂਫਰ ਅਤੇ ਆਫਿਸ ਐਡਮਿਨ ਦੀ ਸਖਤ ਜਰੂਰਤ ਹੈ। ਦੋਵੇਂ ਪੋਸਟਾਂ ਲਈ ਐਲ ਐਮ ਆਈ ਵੀ ਮਿਲ ਸਕਦੀ ਹੈ। ਹੁਣੇ ਸੰਪਰਕ ਕਰੋ।

**ਕਾਲ ਦਿਲਾਵਰ ਤੂਰ**
**403 680 0436**

### ਲੜਕੇ ਦੀ ਲੋੜ

ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੂਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ । ਸੰਪਰਕ: 403 702 0424 ***210***

### Need Nanny

Looking for a nanny live in or live out 5 days a week (Mon - Fri) to cook, clean, and babysit 2.5 year old baby girl & 7 year old baby boy.

**Salary: $13 - $15**
**Gurbinder Sohal**
City: Regina, SK
**Contact Number 306-520-4313**

### Hiring

Hair and face art salon islooking for hairdresser (NOC CODE 6341) Applicants should have minimum of 1-2 years of experience.
Number of Vacancies :2
Wage rate: 20/hour fulltime job
Interested candidates please send your resume at email: hairandfaceart994@gmail.com

### ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ

A1 Roofing & Siding Ltd.
• ROOFING
• SIDING
• SOFFIT
• STUCCO
• HARDIE
• FASCIA
• EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

### ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ

ਪ੍ਰਿੰਟ ਐਂਡ ਡਿਜ਼ਾਇਨ ਦੇ ਖੇਤਰ ਵਿੱਚ ਕੈਲਗਰੀ ਦੀ ਵੱਡੀ ਕੰਪਨੀ ਐਰੋ ਸਾਈਨ ਵਾਲਿਆਂ ਨੂੰ ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ। 3-5 ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ । ਚੈਨਲ ਲੈਟਰ ਬਣਾਉਣ ਦਾ ਕੰਮ ਜਾਣਦਾ ਹੋਵੇ। ਤੁਸੀਂ ਇੰਡੀਆ ਤੋਂ ਵੀ ਅਪਲਾਈ ਕਰ ਸਕਦੇ ਹੋ।
aerosignandprintinc@gmail.com

### ਡਰਾਇਵਰਾਂ ਦੀ ਲੋੜ

Gagan Express LTD o/a VB Ace of Spades is now
Hiring Class 1 long haul driver
Minimum 1 year experience required
Benefits and competitive pay rate plus safety bonus
Contact :
Kanwar Brar
Hiring@vbaspades.com

### ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ

ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।

**ਸੰਪਰਕ : 587 854 3124**

## Pro Bono Counselling for Newcomers

Often, we do not understand mental health issues well enough. Everyone faces depression, anxiety, or other mental health issues, from time to time. Sometimes, these issues are mild, and an individual can deal with them. If they become serious and start interfering with a person's day-to-day life, it is a good idea to seek help from a professional counsellor. Mental illness is not a sign of weakness; it is just being unwell. Just like other illnesses, mental illnesses can also be treated. But, if left untreated, it may take away a lot from a person's life. It can hinder their progress and affect their relationships. For example, someone suffering from social anxiety may start avoiding meeting friends and family. Someone afraid of flying may stop travelling by air. Someone with too much exam anxiety may fail to achieve their full potential. Mental illnesses can do more harm to people than we believe. Research shows a deep connection between mental ill health and life-threatening diseases such as cancer, heart problems, and diabetes.""A mental health therapist can help us achieve good mental health and balance, which is very important for success and a happy, fulfilled life. They can help us deal with tragedies, losses, grief, illnesses, failures, death, and other such challenges of life; they can also help us realize a roadmap to our dreams. Just as one can achieve physical strength through physical exercises, one can gain mental strength through counselling.""If you are a newcomer to Canada and live in Edmonton, this is an excellent opportunity to get professional psychological help to support your mental health. Our psychologists can help children, youth, adults, and seniors. No language interpreting service is available currently. Some psychologists speak languages other than English.""Please contact us at freepsychological counselling @ucca.ca or info@ucca.ca for more information and referral. You can also contact the participating psychologists and book appointments as per their availability. The sessions can be in-person or online.""These are some examples of the types of issues that these psychologists can help you with:

"Anxiety"
Depression
"Stress"
Grief/loss"
Self-esteem"
Relationship issues"
Trauma"
Bullying"
Career/work-related challenges"

"This unique initiative is sponsored by the volunteer board directors of the United Cultures of Canada Association. We acknowledge the gracious support of the Civil Society Fund and Family and Community Support Services for this project.

## ਅਮਰੀਕਾ ਜਾਣ ਦੀ ਕੋਸ਼ਿਸ਼ ਕਰਦਿਆਂ ਮਾਰੇ ਗਏ 8 ਜਣਿਆਂ ਦੇ ਮਾਮਲੇ ਦੀ ਤਹਿ ਤੱਕ ਜਾਵਾਂਗੇ - ਟਰੂਡੋ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੁਬੈਕ ਵਿੱਚ ਵਿਚ ਪੈਂਦੇ ਰੋਕਸਮ ਰੋਡ ਬਾਰਡਰ ਨੂੰ ਥਰਡ ਕੰਟਰੀ ਐਗਰੀਮੈਂਟ ਤਹਿਤ ਬੰਦ ਕਰ ਦਿੱਤਾ ਗਿਆ ਹੈ ਜਿਸ ਦੌਰਾਨ ਤਰ੍ਹਾਂ ਪਿਛਲੇ ਦਿਨੀਂ ਕੈਨੇਡਾ-ਅਮਰੀਕਾ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਦੇ ਹੋਏ ਦਰਿਆ ਵਿੱਚ ਡੁੱਬ ਕੇ ਮਾਰੇ ਗਏ 8 ਜਣਿਆਂ ਜਿੰਨਾ ਵਿੱਚ ਦੋ ਛੋਟੇ ਬੱਚੇ ਵੀ ਸ਼ਾਮਲ ਸਨ ਦੇ ਮਾਮਲੇ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਉਹ ਕਾਹਲੀ ਵਿੱਚ ਕਿਸੇ ਨਤੀਜੇ ਤੇ ਨਹੀਂ ਪਹੁੰਚ ਸਕਦੇ। ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਸੰਵੇਦਨਾ ਮਾਰੇ ਗਏ ਲੋਕਾਂ ਨਾਲ ਹੈ ਉਹਨਾਂ ਨਾਲ ਹੀ ਆਖਿਆ ਕਿ ਇਸ ਬੇਹੱਦ ਗੰਭੀਰ ਮਾਮਲੇ ਦੇ ਹਰ ਪਹਿਲੂ ਨੂੰ ਵਿਚਾਰ ਕੇ ਹੀ ਕਿਸੇ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ।

## ਪੁਲਿਸ ਹੈੱਡਕੁਆਰਟਰ ਤੋਂ ਸ਼ਰਾਬ ਪੀ ਕੇ ਨਿਕਲੇ ਪੁਲਿਸ ਅਧਿਕਾਰੀ ਦਾ ਐਕਸੀਡੈਂਟ ਹੋਣ ਕਾਰਨ ਅਹੁਦਾ ਛੋਟਾ ਕੀਤਾ

ਟੋਰੰਟੋ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿਚ ਸ਼ਰਾਬ ਪੀ ਕੇ ਗੱਡੀ ਚਲਾਉਣ ਜਾਂ ਫਿਰ ਖਤਰਨਾਕ ਡਰਾਈਵਿੰਗ ਕਰਨ ਵਾਲਿਆਂ ਨੂੰ ਵੱਡੇ ਜੁਰਮਾਨੇ ਕੀਤੇ ਜਾਂਦੇ ਹਨ ਤੇ ਕਈ ਵਾਰ ਅਜਿਹੇ ਡਰਾਈਵਰਾਂ ਦੀਆਂ ਗੱਡੀਆਂ ਵੀ ਕਈ ਦਿਨਾਂ ਤੱਕ ਬੰਦ ਕਰਨ ਤੋਂ ਇਲਾਵਾ ਉਨ੍ਹਾਂ ਦੇ ਲਾਇਸੰਸ ਵੀ ਰੱਦ ਕੀਤੇ ਜਾਂਦੇ ਹਨ ਪਰ ਟੋਰੰਟੋ ਵਿੱਚ ਪੁਲਿਸ ਦੇ ਇੱਕ ਅਧਿਕਾਰੀ ਵੱਲੋਂ ਸ਼ਰਾਬ ਪੀ ਕੇ ਗੱਡੀ ਡਰਾਈਵ ਕਰਨ ਕਰਕੇ ਉਸ ਦਾ ਅਹੁਦਾ ਛੋਟਾ ਕਰ ਦਿੱਤਾ ਗਿਆ ਹੈ ਕਿ ਹੈਰਾਨੀ ਵਾਲੀ ਗੱਲ ਹੈ ਕਿ ਇਹ ਪੁਲਿਸ ਅਧਿਕਾਰੀ ਪੁਲਿਸ ਦੇ ਹੈੱਡਕੁਆਰਟਰ ਦੀ ਬਾਰ ਵਿੱਚੋਂ ਹੀ ਸ਼ਰਾਬ ਪੀ ਕੇ ਨਿਕਲਿਆ ਸੀ ਤੇ ਉਸਨੇ ਐਕਸੀਡੈਂਟ ਕਰ ਦਿੱਤਾ।

## ਅਮਰੀਕਾ ਦੇ ਏਅਰਪੋਰਟ 'ਤੇ ਬੱਸ ਦੀ ਟੱਕਰ ਕਾਰਨ ਭਾਰਤੀ ਮੂਲ ਦੇ ਡਾਟਾ ਐਨਾਲਿਸਟ ਦੀ ਮੌਤ

ਯੂ ਐਸ ਏ ( ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਬੋਸਟਨ ਵਿੱਚ ਲੋਗਨ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਬਾਹਰ ਇੱਕ ਭਾਰਤੀ ਮੂਲ ਦੇ ਵਿਅਕਤੀ ਨੂੰ ਬੱਸ ਨੇ ਟੱਕਰ ਮਾਰ ਦਿੱਤੀ। ਆਂਧਰਾ ਪ੍ਰਦੇਸ਼ ਦਾ ਰਹਿਣ ਵਾਲਾ ਵਿਸ਼ਵਚੰਦ ਕੋਲਾ ਏਅਰਪੋਰਟ 'ਤੇ ਆਪਣੇ ਦੋਸਤ ਦਾ ਇੰਤਜ਼ਾਰ ਕਰ ਰਿਹਾ ਸੀ। ਫਿਰ ਬੱਸ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਅਮਰੀਕੀ ਮੀਡੀਆ ਮੁਤਾਬਕ 47 ਸਾਲਾ ਵਿਸ਼ਵਚੰਦ ਇੱਕ ਫਾਰਮਾਸਿਊਟੀਕਲ ਕੰਪਨੀ 'ਚ ਡਾਟਾ ਐਨਾਲਿਸਟ ਸੀ। ਘਟਨਾ 28 ਮਾਰਚ ਦੀ ਦੱਸੀ ਜਾ ਰਹੀ ਹੈ। ਪੁਲਿਸ ਨੇ ਹੁਣ ਇਸ ਮਾਮਲੇ ਦੀ ਜਾਣਕਾਰੀ ਦਿੱਤੀ ਹੈ। ਪੁਲਸ ਨੇ ਦੱਸਿਆ- ਕੋਲਾ ਸ਼ਾਮ ਕਰੀਬ 5 ਵਜੇ ਏਅਰਪੋਰਟ 'ਤੇ ਆਪਣੇ ਦੋਸਤ ਨੂੰ ਲੈਣ ਆਇਆ ਸੀ। ਉਹ ਟਰਮੀਨਲ-ਬੀ 'ਤੇ ਆਪਣੀ ਕਾਰ ਦੇ ਬਾਹਰ ਖੜ੍ਹਾ ਸੀ। ਉਦੋਂ ਉੱਥੋਂ ਲੰਘ ਰਹੀ ਇੱਕ ਬੱਸ ਨੇ ਉਸ ਨੂੰ ਟੱਕਰ ਮਾਰ ਦਿੱਤੀ ਅਤੇ ਕੁੱਝ ਦੂਰੀ ਤੱਕ ਘਸੀਟ ਕੇ ਲੈ ਗਈ। ਪੁਲਿਸ ਨੇ ਦੱਸਿਆ- ਹਾਦਸੇ ਦੇ ਤੁਰੰਤ ਬਾਅਦ ਉੱਥੇ ਮੌਜੂਦ ਇੱਕ ਨਰਸ ਮੱਦਦ ਲਈ ਕੋਲਾ ਵੱਲ ਭੱਜੀ। ਪਰ ਉਦੋਂ ਤੱਕ ਉਸਦੀ ਮੌਤ ਹੋ ਚੁੱਕੀ ਸੀ। ਪੁਲਸ ਨੇ ਦੱਸਿਆ ਕਿ ਬੱਸ ਨੂੰ 54 ਸਾਲਾ ਔਰਤ ਚਲਾ ਰਹੀ ਸੀ। ਇੱਕ ਪੁਲਿਸ ਅਧਿਕਾਰੀ ਨੇ ਦੱਸਿਆ - ਮਹਿਲਾ ਡਰਾਈਵਰ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਉਸ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਫਿਲਹਾਲ ਉਸ ਖਿਲਾਫ ਕੋਈ ਮਾਮਲਾ ਦਰਜ ਨਹੀਂ ਕੀਤਾ ਗਿਆ ਹੈ।

## ਕੈਲਗਰੀ ਵਿੱਚ ਇੱਕ ਘਰ ਨੂੰ ਵੱਡੇ ਧਮਾਕੇ ਉਪਰੰਤ ਲੱਗੀ ਅੱਗ ਨੇ ਗੁਆਂਢੀਆਂ ਦੇ ਘਰ ਵੀ ਸਾੜ ਸੁੱਟੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਫਾਇਰ ਡਿਪਾਰਟਮੈਂਟ ਦਾ ਕਹਿਣਾ ਹੈ ਕਿ ਬੀਤੇ ਸੋਮਵਾਰ 27 ਮਾਰਚ ਦੀ ਸਵੇਰ ਨੂੰ ਮਾਰਲਬਰੋ ਕਮਿਊਨਿਟੀ ਵਿੱਚ "ਅਚਾਨਕ ਅਤੇ ਵਿਨਾਸ਼ਕਾਰੀ" ਧਮਾਕੇ ਵਿੱਚ ਘੱਟੋ-ਘੱਟ 10 ਲੋਕ ਜ਼ਖਮੀ ਹੋ ਗਏ, ਜਿਸ ਨਾਲ ਇੱਕ ਘਰ ਪੂਰੀ ਤਰ੍ਹਾਂ ਤਬਾਹ ਹੋ ਗਿਆ ਹੈ। ਫਾਇਰਫਾਈਟਰਜ਼ ਨੂੰ 700 ਬਲਾਕ ਮੈਰੀਵੇਲ ਵੇਅ ਨਾਰਥ ਈਸਟ ਵਿਖੇ ਸੱਦਿਆ ਗਿਆ ਸੀ। ਸਵੇਰੇ ਕਰੀਬ 8:50 ਵਜੇ ਆਸਪਾਸ ਦੇ ਲੋਕਾਂ ਨੇ ਧਮਾਕਾ ਮਹਿਸੂਸ ਕੀਤਾ। ਕੈਲਗਰੀ ਫਾਇਰ ਡਿਪਾਰਟਮੈਂਟ ਤੋਂ ਜਾਰੀ ਰਿਪੋਰਟ ਵਿੱਚ ਕਿਹਾ ਗਿਆ ਹੈ, "ਵਿਸਫੋਟ ਦੀ ਤਾਕਤ ਨੇ ਦੋ ਹੋਰ ਗੁਆਂਢੀ ਘਰਾਂ ਨੂੰ ਵੀ ਨੁਕਸਾਨ ਪਹੁੰਚਾਇਆ ਅਤੇ ਅੱਗ ਲਗਾ ਦਿੱਤੀ। ਜ਼ਖਮੀ ਹੋਏ 10 ਲੋਕਾਂ 'ਚੋਂ 6 ਨੂੰ ਗੰਭੀਰ ਹਾਲਤ 'ਚ ਹਸਪਤਾਲ ਲਿਜਾਇਆ ਗਿਆ। ਜ਼ਿਆਦਾਤਰ ਜ਼ਖਮੀਆਂ ਨੂੰ ਮੰਨਿਆ ਜਾਂਦਾ ਹੈ ਕਿ ਉਹ ਉਸ ਘਰ ਦੇ ਵਾਸੀ ਹੀ ਸਨ ਜਿੱਥੇ ਧਮਾਕਾ ਹੋਇਆ ਸੀ। ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਧਮਾਕਾ ਕਿਸ ਕਾਰਨ ਹੋਇਆ, ਪਰ ਫਾਇਰ ਵਿਭਾਗ ਦਾ ਕਹਿਣਾ ਹੈ ਕਿ ਮਲਬੇ ਨੇ ਨੇੜਲੇ ਘਰਾਂ ਨੂੰ ਨੁਕਸਾਨ ਪਹੁੰਚਾਇਆ ਅਤੇ ਨਾਲ ਹੀ "ਕਈਆਂ ਨੂੰ ਅੱਗ ਨਾਲ ਵੀ ਨੁਕਸਾਨ ਪੁੱਜਾ ਹੈ।

## ਅਪਰਾਧਿਕ ਮੁਕੱਦਮਿਆਂ ਵਿੱਚ ਅਲਬਰਟਾ ਸੂਬੇ ਦੀ ਮੌਜੂਦਾ ਪ੍ਰੀਮੀਅਰ ਡੈਨੀਅਲ ਸਮਿਥ ਦੇ ਦਖਲ ਬਾਰੇ ਪਾਜ ਉਘੇੜਦੀ ਵੀਡੀਓ ਲੀਕ ਹੋਈ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਐਨ ਡੀ ਪੀ ਕ੍ਰਿਟਿਕ ਫਾਰ ਜਸਟਿਸ, ਇਰਫਾਨ ਸਾਬਿਰ ਨੇ ਇੱਕ ਵੀਡੀਓ ਜਾਰੀ ਕੀਤੀ ਹੈ ਜੋ ਅਪਰਾਧਿਕ ਮੁਕੱਦਮਿਆਂ ਵਿੱਚ ਅਲਬਰਟਾ ਸੂਬੇ ਦੀ ਮੌਜੂਦਾ ਪ੍ਰੀਮੀਅਰ ਡੈਨੀਅਲ ਸਮਿਥ ਦੇ ਦਖਲ ਬਾਰੇ ਪਾਜ ਉਘੇੜਦੀ ਹੈ।
ਵੀਡੀਓ ਵਿੱਚ ਡੈਨੀਏਲ ਸਮਿਥ ਅਤੇ ਸਟ੍ਰੀਟ ਪਾਦਰੀ ਆਰਟਰ ਪਾਵਲੋਵਸਕੀ ਵਿਚਕਾਰ ਜਨਵਰੀ 2023 ਦੀ ਇੱਕ ਵੀਡੀਓ ਕਾਲ ਨੂੰ ਕੈਪਚਰ ਕਰਦਾ ਪ੍ਰਤੀਤ ਹੁੰਦਾ ਹੈ, ਜਿਸਨੂੰ ਇੱਕ ਰੀਲੀਜ਼ ਆਰਡਰ ਦੀ ਉਲੰਘਣਾ ਕਰਨ ਅਤੇ ਸਰਹੱਦ 'ਤੇ ਜਨਤਕ ਜਾਇਦਾਦ ਨੂੰ ਰੋਕਣ ਲਈ ਲੋਕਾਂ ਨੂੰ ਭੜਕਾਉਣ ਲਈ ਸ਼ਰਾਰਤ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈਂਦਾ ਹੈ।
ਪਾਵਲੋਵਸਕੀ ਨੂੰ ਸਿਹਤ ਮੰਤਰੀ ਜੇਸਨ ਕੋਪਿੰਗ ਦੇ ਘਰ ਦੇ ਬਾਹਰ ਪ੍ਰਦਰਸ਼ਨ ਕਰਨ ਲਈ ਵੀ ਗ੍ਰਿਫਤਾਰ ਕੀਤਾ ਗਿਆ ਸੀ।
ਅਲਬਰਟਾ ਐਨਡੀਪੀ ਕ੍ਰਿਟਿਕ ਫਾਰ ਜਸਟਿਸ ਇਰਫਾਨ ਸਾਬਿਰ ਨੇ ਕਿਹਾ ਕਿ ਇਹ ਵੀਡੀਓ ਸਮਿਥ ਅਤੇ ਐਂਡਰਸਨ ਦੋਵਾਂ ਦੁਆਰਾ ਨਿਆਂ ਪ੍ਰਣਾਲੀ ਵਿੱਚ ਸਿਆਸੀ ਦਖਲਅੰਦਾਜ਼ੀ ਦੀ ਹੱਦ ਬਾਰੇ ਸਵਾਲ ਖੜ੍ਹੇ ਕਰਦੀ ਹੈ।

## ਕੈਨੇਡਾ -ਅਮਰੀਕਾ ਸਰਹੱਦ 'ਤੇ ਸਥਿਤ ਸੇਂਟ ਲਾਰੇਂਸ ਦਰਿਆ 'ਚੋਂ 2 ਬੱਚਿਆਂ ਸਮੇਤ 8 ਜਣਿਆਂ ਦੀਆਂ ਲਾਸ਼ਾਂ ਮਿਲੀਆਂ।


ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਸਾਲ ਜਨਵਰੀ ਮਹੀਨੇ ਦੇ ਦੌਰਾਨ ਕੈਨੇਡਾ ਤੋਂ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦਿਆਂ ਵਿਨੀਪੈਗ ਦੇ ਨਜ਼ਦੀਕ ਅੱਤ ਦੀ ਠੰਡ ਕਾਰਨ ਮਾਰੇ ਗਏ ਪਟੇਲ ਪਰਿਵਾਰ ਨੂੰ ਲੋਕ ਅਜੇ ਭੂਲੇ ਨਹੀਂ ਹਨ ਜਿਸ ਵਿੱਚ ਪਤੀ ਪਤਨੀ ਅਤੇ ਉਹਨਾਂ ਦੇ ਦੋ ਬੱਚਿਆਂ ਦੀਆਂ ਲਾਸ਼ਾਂ ਸਰਹੱਦ ਤੋਂ ਕੁੱਝ ਹੀ ਦੂਰੀ ਮਿਲੀਆਂ ਸਨ । ਹੁਣ ਫਿਰ ਇਸ ਤਰ੍ਹਾਂ ਦੀ ਇੱਕ ਬੇਹੱਦ ਮੰਦਭਾਗੀ ਖਬਰ ਸਾਹਮਣੇ ਆਈ ਹੈ ਜਿਸ ਵਿੱਚ ਕੈਨੇਡਾ-ਅਮਰੀਕਾ ਸਰਹੱਦ ਤੇ ਸਥਿੱਤ ਸੇਂਟ ਲਾਰੇਂਸ ਦਰਿਆ ਵਿੱਚੋਂ 8 ਜਣਿਆਂ ਦੀਆਂ ਲਾਸ਼ਾਂ ਮਿਲੀਆਂ ਹਨ।

## 9 ਮਿਲੀਅਨ ਕੈਨੇਡੀਅਨਜ਼ ਨੂੰ ਮਿਲੇਗਾ ਡੈਂਟਲ ਕੇਅਰ ਦਾ ਲਾਭ -ਜਸਟਿਨ ਟਰੂਡੋ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਹੈ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਇਸ ਸਾਲ ਦੇ ਬਜ਼ਟ ਵਿੱਚ ਉਨ੍ਹਾਂ ਪਰਿਵਾਰਾਂ ਲਈ ਜੋ ਸਾਲਾਨਾ 90 ਹਜ਼ਾਰ ਡਾਲਰ ਤੋਂ ਘੱਟ ਕਮਾਉਂਦੇ ਹਨ ਅਤੇ ਬਿਨਾਂ ਇੰਸ਼ੋਰੈਂਸ ਤੋਂ ਹਨ ਦੀ ਡੈਂਟਲ ਕੇਅਰ ਵਾਸਤੇ 13 ਬਿਲੀਅਨ ਡਾਲਰ ਨਿਵੇਸ਼ ਕੀਤੇ ਜਾ ਰਹੇ ਹਨ ਉਨ੍ਹਾਂ ਆਖਿਆ ਕਿ ਇਸ ਸਾਲ ਦੇ ਅੰਤ ਵਿੱਚ ਸ਼ੁਰੂ ਹੋ ਰਹੇ ਇਸ ਪ੍ਰੋਗਰਾਮ ਦਾ 9 ਮਿਲਿਅਨ ਕੈਨੇਡੀਅਨਜ਼ ਨੂੰ ਲਾਭ ਹੋਵੇਗਾ।

## ਹੁਣ ਓਨਟਾਰੀਓ ਵਿੱਚ ਮਿਨੀਮਮ ਵੇਜ ਸਾਢੇ ਸੋਲਾਂ ਡਾਲਰ ਤੋਂ ਵੱਧ ਹੋਵੇਗੀ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਮਹਿੰਗਾਈ ਦੀ ਮਾਰ ਝੱਲ ਵਾਸੀ ਇਹ ਸਮਝਣ 'ਚ ਕਾਫੀ ਮੁਸ਼ਕਿਲ ਮਹਿਸੂਸ ਕਰ ਰਹੇ ਹਨ ਕਿ ਜਿਸ ਤਰਾਂ ਖਰਚੇ ਵਧੇ ਹਨ ਉਸ ਹਿਸਾਬ ਨਾਲ ਕਮਾਈ ਕਿਵੇਂ ਵਧਾਈ ਜਾਵੇ ਤਾਂਕਿ ਖਰਚਿਆਂ ਅਤੇ ਕਮਾਈ ਦਾ ਬੈਲੈਂਸ ਬਣ ਸਕੇ। ਇਸ ਸਥਿਤੀ ਵਿੱਚ ?ਨਟਾਰੀ? ਸਰਕਾਰ ਵੱਲੋਂ ਕੁੱਝ ਰਾਹਤ ਦੇਣ ਦਾ ਐਲਾਨ ਕੀਤਾ ਗਿਆ ਹੈ ਜਿਸ ਤਹਿਤ ਸੂਬੇ ਵਿੱਚ ਪਹਿਲੀ ਅਕਤੂਬਰ ਤੋਂ ਘੱਟ ਤੋਂ ਘੱਟ ਉਜਰਤਾਂ ਜਾਂ ਮਿਨੀਮਮ ਵੇਜ ਵਿੱਚ ਵਾਧਾ ਹੋਣ ਜਾ ਰਿਹਾ ਹੈ ਜੋ ਕਿ ਪ੍ਰਤੀ ਘੰਟਾ 16·55 ਡਾਲਰ ਹੋਵੇਗਾ।



# ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ: ਫੌਰੀ ਹੱਲ ਦੀ ਲੋੜ

ਹਰਿੰਦਰ ਹੈਪੀ*

**ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਸਿਰਫ਼ ਮਾਨਸਿਕ ਸਿਹਤ ਦੇ ਮੁੱਦੇ ਵਜੋਂ ਨਹੀਂ ਦੇਖਿਆ ਜਾ ਸਕਦਾ। ਇਹ ਮੁੱਖ ਤੌਰ 'ਤੇ ਸਮਾਜ ਦੇ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਢਾਂਚੇ ਦੁਆਰਾ ਵੀ ਪ੍ਰੇਰਿਤ ਹੁੰਦਾ ਹੈ। ਸਮਾਜ ਦੀ ਬਦਲ ਰਹੀ ਪ੍ਰਕਿਰਤੀ ਅਤੇ ਲੋਕਾਂ, ਖ਼ਾਸ ਕਰਕੇ ਮੱਧ ਵਰਗ ਦੀ ਆਪਣੇ ਸਮਾਜਿਕ ਅਤੇ ਰਾਜਨੀਤਿਕ ਜੀਵਨ ਵਿੱਚ ਪ੍ਰਮੁੱਖ ਸਥਾਨ ਪ੍ਰਾਪਤ ਕਰਨ ਦੀ ਇੱਛਾ ਉਨ੍ਹਾਂ ਨੂੰ ਮੌਜੂਦਾ ਪੂੰਜੀਵਾਦੀ ਵਿਵਸਥਾ ਵਿੱਚ ਮੁਕਾਬਲਾ ਕਰਨ ਲਈ ਪ੍ਰੇਰਦੀ ਹੈ। ਜਿੱਥੇ ਆਰਥਿਕ ਰੁਤਬੇ ਨੂੰ ਵਧਾਉਣਾ ਹੀ ਅੰਤਿਮ ਟੀਚਾ ਮੰਨਿਆ ਜਾਂਦਾ ਹੈ। ਹਾਲਾਂਕਿ ਇਹ ਸੱਚ ਹੈ ਕਿ ਕਿਸੇ ਨੂੰ ਰੋਜ਼ੀ ਰੋਟੀ ਅਤੇ ਤਰੱਕੀ ਕਰਨ ਲਈ ਘੱਟੋ-ਘੱਟ ਆਰਥਿਕ ਵਸੀਲਿਆਂ ਦੀ ਲੋੜ ਹੈ, ਪਰ ਕੁਝ ਖ਼ਾਸ ਨੌਕਰੀਆਂ ਅਤੇ ਪ੍ਰੀਖਿਆਵਾਂ ਦੀ ਵਡਿਆਈ ਕਰਨਾ ਉਸਾਰੂ ਨਹੀਂ ਹੈ; ਇਹ ਉਨ੍ਹਾਂ ਦੀਆਂ ਯੋਗਤਾਵਾਂ ਨੂੰ ਕੁਝ ਹੱਦ ਤੱਕ ਕਮਜ਼ੋਰ ਕਰਦਾ ਹੈ।**

ਪਿਛਲੇ ਦਿਨੀਂ ਦੋ ਵੱਖ ਵੱਖ ਸਿੱਖਿਆ ਸੰਸਥਾਨਾਂ ਵਿੱਚ ਦੋ ਵਿਦਿਆਰਥੀਆਂ ਵੱਲੋਂ ਕੀਤੀਆਂ ਖ਼ੁਦਕੁਸ਼ੀਆਂ ਨੇ ਸਭ ਦਾ ਧਿਆਨ ਖਿੱਚਿਆ ਹੈ। ਅੰਮ੍ਰਿਤਸਰ ਦੇ ਗੁਰੂ ਰਾਮਦਾਸ ਮੈਡੀਕਲ ਕਾਲਜ ਅਤੇ ਹਸਪਤਾਲ ਵਿਖੇ ਦਲਿਤ ਵਿਦਿਆਰਥਣ ਵੱਲੋਂ ਖ਼ੁਦਕੁਸ਼ੀ ਅਤੇ ਮੁਲਕ ਦੇ ਤਕਨੀਕੀ ਸਿੱਖਿਆ ਦੇ ਉੱਘੇ ਅਦਾਰੇ ਆਈਆਈਟੀ ਬੰਬਈ ਵਿੱਚ ਦਲਿਤ ਵਿਦਿਆਰਥੀ ਵੱਲੋਂ ਖ਼ੁਦਕੁਸ਼ੀ ਦੀ ਖ਼ਬਰ ਨੇ ਇੱਕ ਵਾਰ ਫਿਰ ਵਿੱਦਿਅਕ ਅਦਾਰਿਆਂ ਵਿੱਚ ਖ਼ੁਦਕੁਸ਼ੀਆਂ ਅਤੇ ਜਾਤ ਪਾਤ ਦੇ ਆਧਾਰ 'ਤੇ ਹੋਣ ਵਾਲੇ ਵਿਤਰਕੇ ਨੂੰ ਉਜਾਗਰ ਕੀਤਾ ਹੈ। ਇਨ੍ਹਾਂ ਦੋਹਾਂ ਮਾਮਲਿਆਂ ਵਿੱਚ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਅਤੇ ਨਿੱਜੀ ਦੋਸਤਾਂ ਮੁਤਾਬਿਕ ਵਿਦਿਆਰਥੀ ਜਾਤ ਆਧਾਰਿਤ ਸ਼ੋਸ਼ਣ ਦੀਆਂ ਸ਼ਿਕਾਇਤਾਂ ਕਰਦੇ ਰਹੇ ਸਨ। ਇਹ ਘਟਨਾਵਾਂ ਨਾ ਸਿਰਫ਼ ਦਲਿਤ ਵਿਦਿਆਰਥੀਆਂ ਲਈ ਮੰਦਭਾਗੀਆਂ ਹਨ ਬਲਕਿ ਭਾਰਤ ਵਿੱਚ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਬਾਰੇ ਵੀ ਵੱਡੇ ਖੁਲਾਸੇ ਕਰਦੀਆਂ ਹਨ।

ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ - ਐੱਨ.ਸੀ.ਆਰ.ਬੀ. ਦੀ 2021 ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਭਾਰਤ ਵਿੱਚ 1,64,033 ਵਿਅਕਤੀਆਂ ਨੇ ਵੱਖ-ਵੱਖ ਕਾਰਨਾਂ ਕਰਕੇ ਖ਼ੁਦਕੁਸ਼ੀ ਕੀਤੀ। ਇਹ ਸਾਲ 2020 ਦੇ ਮੁਕਾਬਲੇ 7.2% ਦਾ ਵਾਧਾ ਸੀ। ਲੋਕਾਂ ਦਾ ਵੱਡੀ ਗਿਣਤੀ ਵਿੱਚ ਆਪਣੀਆਂ ਜਾਨਾਂ ਲੈਣ ਅਤੇ ਖ਼ੁਦਕੁਸ਼ੀ ਦੇ ਕਾਰਨਾਂ ਦੇ ਮੱਦੇਨਜ਼ਰ ਖ਼ੁਦਕੁਸ਼ੀ ਵੀ ਜਨਤਕ ਸਿਹਤ ਦਾ ਗੰਭੀਰ ਸੰਕਟ ਹੈ ਜਿਸ ਦਾ ਫੌਰੀ ਹੱਲ ਕਰਨ ਦੀ ਲੋੜ ਹੈ।

ਵਿਸ਼ਵ ਸਿਹਤ ਸੰਗਠਨ (WHO) ਦੁਆਰਾ 'ਸੁਸਾਈਡ ਵਰਲਡਵਾਈਡ ਇਨ 2019: ਗਲੋਬਲ ਹੈਲਥ ਐਸਟੀਮੇਸ਼ਨ ਰਿਪੋਰਟ' ਵਿੱਚ ਕਿਹਾ ਗਿਆ ਹੈ ਕਿ ਸੜਕ ਦੁਰਘਟਨਾ, ਟੀ.ਬੀ. ਅਤੇ ਅੰਤਰ-ਵਿਅਕਤੀਗਤ ਸੱਟ ਤੋਂ ਬਾਅਦ ਮੌਤ ਦੇ ਮੁੱਖ ਚਾਰ ਕਾਰਨਾਂ ਵਿੱਚੋਂ ਇੱਕ ਖ਼ੁਦਕੁਸ਼ੀ ਹੈ। ਇਸ ਰਿਪੋਰਟ ਦੇ ਮੁਤਾਬਕ ਹਰ ਸਾਲ 10 ਲੱਖ ਲੋਕ ਖ਼ੁਦਕੁਸ਼ੀ ਕਰਦੇ ਹਨ ਅਤੇ ਉਸ ਤੋਂ 20 ਗੁਣਾ ਵੱਧ ਲੋਕ ਖ਼ੁਦਕੁਸ਼ੀ ਦੀ ਕੋਸ਼ਿਸ਼ ਕਰਦੇ ਹਨ। ਇਸ ਨੂੰ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਖ਼ੁਦਕੁਸ਼ੀ ਮਲੇਰੀਆ, ਛਾਤੀ ਦੇ ਕੈਂਸਰ, ਯੁੱਧ ਅਤੇ ਕਤਲੇਆਮ ਨਾਲੋਂ ਜ਼ਿਆਦਾ ਲੋਕਾਂ ਨੂੰ ਮਾਰਦੀ ਹੈ।

ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਦੀ ਵਧ ਰਹੀ ਬਾਰੰਬਾਰਤਾ ਨੇ ਦੇਸ਼ ਦੀਆਂ ਸਿਹਤ ਅਤੇ ਸਿੱਖਿਆ ਪ੍ਰਣਾਲੀਆਂ ਨੂੰ ਲੈ ਕੇ ਗੰਭੀਰ ਚਿੰਤਾ ਪੈਦਾ ਕਰ ਦਿੱਤੀ ਹੈ। ਭਾਰਤ ਵਿੱਚ ਵਿਦਿਆਰਥੀ ਖ਼ੁਦਕੁਸ਼ੀ ਦਾ ਵਿਗਿਆਨ ਦਰਸਾਉਂਦਾ ਹੈ ਕਿ ਇਹ ਇੱਕ ਵੱਡੀ ਮਾਨਸਿਕ ਸਿਹਤ ਅਤੇ ਸਮਾਜਿਕ ਸਮੱਸਿਆ ਹੈ। ਰੁਝਾਨ ਦਰਸਾਉਂਦੇ ਹਨ ਕਿ ਸਿੱਖਿਆ ਪ੍ਰਣਾਲੀ ਵਿੱਚ ਸੁਧਾਰਾਂ ਦੇ ਦਾਅਵਿਆਂ ਦੇ ਬਾਵਜੂਦ ਵਿਦਿਆਰਥੀਆਂ ਦੀਆਂ ਮੌਤਾਂ ਵਿੱਚ ਵਾਧਾ ਹੋਇਆ ਹੈ। ਖ਼ੁਦਕੁਸ਼ੀਆਂ 'ਤੇ ਐੱਨ.ਸੀ.ਆਰ.ਬੀ. ਦੀ ਰਿਪੋਰਟ ਦਰਸਾਉਂਦੀ ਹੈ ਕਿ 2010 ਤੋਂ ਬਾਅਦ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਦਾ ਅਨੁਪਾਤ 7379 ਤੋਂ 13089 ਹੋ ਗਿਆ ਹੈ ਜੋ ਕਿ ਕਾਫ਼ੀ ਵੱਡਾ ਵਾਧਾ ਹੈ।

ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਸਿਰਫ਼ ਮਾਨਸਿਕ ਸਿਹਤ ਦੇ ਮੁੱਦੇ ਵਜੋਂ ਨਹੀਂ ਦੇਖਿਆ ਜਾ ਸਕਦਾ। ਇਹ ਮੁੱਖ ਤੌਰ 'ਤੇ ਸਮਾਜ ਦੇ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਢਾਂਚੇ ਦੁਆਰਾ ਵੀ ਪ੍ਰੇਰਿਤ ਹੁੰਦਾ ਹੈ। ਸਮਾਜ ਦੀ ਬਦਲ ਰਹੀ ਪ੍ਰਕਿਰਤੀ ਅਤੇ ਲੋਕਾਂ, ਖ਼ਾਸ ਕਰਕੇ ਮੱਧ ਵਰਗ ਦੀ ਆਪਣੇ ਸਮਾਜਿਕ ਅਤੇ ਰਾਜਨੀਤਿਕ ਜੀਵਨ ਵਿੱਚ ਪ੍ਰਮੁੱਖ ਸਥਾਨ ਪ੍ਰਾਪਤ ਕਰਨ ਦੀ ਇੱਛਾ ਉਨ੍ਹਾਂ ਨੂੰ ਮੌਜੂਦਾ ਪੂੰਜੀਵਾਦੀ ਵਿਵਸਥਾ ਵਿੱਚ ਮੁਕਾਬਲਾ ਕਰਨ ਲਈ ਪ੍ਰੇਰਦੀ ਹੈ। ਜਿੱਥੇ ਆਰਥਿਕ ਰੁਤਬੇ ਨੂੰ ਵਧਾਉਣਾ ਹੀ ਅੰਤਿਮ ਟੀਚਾ ਮੰਨਿਆ ਜਾਂਦਾ ਹੈ। ਹਾਲਾਂਕਿ ਇਹ ਸੱਚ ਹੈ ਕਿ ਕਿਸੇ ਨੂੰ ਰੋਜ਼ੀ ਰੋਟੀ ਅਤੇ ਤਰੱਕੀ ਕਰਨ ਲਈ ਘੱਟੋ-ਘੱਟ ਆਰਥਿਕ ਵਸੀਲਿਆਂ ਦੀ ਲੋੜ ਹੈ, ਪਰ ਕੁਝ ਖ਼ਾਸ ਨੌਕਰੀਆਂ ਅਤੇ ਪ੍ਰੀਖਿਆਵਾਂ ਦੀ ਵਡਿਆਈ ਕਰਨਾ ਉਸਾਰੂ ਨਹੀਂ ਹੈ; ਇਹ ਉਨ੍ਹਾਂ ਦੀਆਂ ਯੋਗਤਾਵਾਂ ਨੂੰ ਕੁਝ ਹੱਦ ਤੱਕ ਕਮਜ਼ੋਰ ਕਰਦਾ ਹੈ।

ਜਾਤ, ਭਾਰਤ ਵਿੱਚ ਜਨਤਕ ਸਿਹਤ ਦਾ ਇੱਕ ਮਜ਼ਬੂਤ ਸਮਾਜਿਕ ਨਿਰਣਾਇਕ ਹੈ। ਇਸ ਦਾ ਪ੍ਰਗਟਾਵਾ ਅਤੇ ਅਪ੍ਰਤੱਖ ਕਾਰਜ ਵੀ ਇਸ ਕਿਸਮ ਦੀ ਦੁਖਦਾਈ ਮੌਤ ਦਾ ਇੱਕ ਕਾਰਨ ਬਣ ਜਾਂਦੇ ਹਨ। ਰੋਹਿਤ ਵੇਮੁਲਾ ਅਤੇ ਪਾਇਲ ਤੜਵੀ ਦੇ ਕੇਸਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ 'ਪ੍ਰਗਤੀਸ਼ੀਲ' ਕਹਾਉਂਦੇ ਵਿੱਦਿਅਕ ਅਦਾਰਿਆਂ ਵਿੱਚ ਵੀ ਜਾਤ-ਪਾਤ 'ਤੇ ਆਧਾਰਿਤ ਵਿਤਕਰਾ ਮੌਜੂਦ ਹੈ। ਰਾਜਸਥਾਨ ਦੇ ਇੰਦਰ ਮੇਘਵਾਲ ਦਾ ਮਾਮਲਾ ਕਾਫ਼ੀ ਖ਼ਬਰਾਂ ਵਿੱਚ ਰਿਹਾ ਜਿੱਥੇ ਇੱਕ ਵਿਦਿਆਰਥੀ ਨੂੰ ਕਥਿਤ ਤੌਰ 'ਤੇ ਉੱਚ ਜਾਤ ਦੇ ਅਧਿਆਪਕ ਦੇ ਘੜੇ ਨੂੰ ਹੱਥ ਲਾਉਣ ਲਈ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ। ਜੋ ਸਦਮਾ ਦਲਿਤ ਵਿਦਿਆਰਥੀ ਸਾਰੀ ਉਮਰ ਝੱਲਦੇ ਹਨ, ਉਹ ਉਨ੍ਹਾਂ ਦੀ ਮਾਨਸਿਕ ਅਤੇ ਸਮਾਜਿਕ ਤੰਦਰੁਸਤੀ 'ਤੇ ਡੂੰਘਾ ਅਸਰ ਪਾਉਂਦਾ ਹੈ।

ਔਰਤਾਂ ਲਈ ਹਾਲਾਤ ਹੋਰ ਵੀ ਚੁਣੌਤੀਪੂਰਨ ਬਣ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਬਚਪਨ ਤੋਂ ਹੀ 'ਸਹਿਣ' ਦੀ ਸਿੱਖਿਆ ਅਤੇ ਮੱਤਾਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਲਈ ਕੁਝ ਖ਼ਾਸ ਕਿਸਮ ਦੇ ਜਿਨਸੀ ਜ਼ੁਰਮ ਨੂੰ ਹੀ ਗੰਭੀਰ ਮੰਨਿਆ ਜਾਂਦਾ ਹੈ ਅਤੇ ਬਾਕੀ ਘਟਨਾਵਾਂ ਨੂੰ ਅਣਗੌਲਿਆ ਕਰ ਦਿੱਤਾ ਜਾਂਦਾ ਰਿਹਾ ਹੈ। ਇਸ ਦਾ ਔਰਤਾਂ ਦੀ ਮਾਨਸਿਕ ਸਿਹਤ ਉੱਤੇ ਡੂੰਘਾ ਅਸਰ ਪੈਂਦਾ ਹੈ। ਸਮਾਜ ਅਤੇ ਪਰਿਵਾਰ ਵਿੱਚ ਹੀ ਇੱਕੋ ਜਿਹੀ ਗ਼ਲਤੀ ਕਰਨ 'ਤੇ ਮੁੰਡੇ ਅਤੇ ਕੁੜੀ ਨਾਲ ਵੱਖ-ਵੱਖ ਤਰ੍ਹਾਂ ਨਾਲ ਪੇਸ਼ ਆਇਆ ਜਾਂਦਾ ਹੈ। ਕੁੜੀਆਂ ਤੋਂ ਜ਼ਿਆਦਾ 'ਸਿੱਧੀ ਅਤੇ ਸਿਆਣੀ' ਹੋਣ ਦੀ ਉਮੀਦ ਵਿੱਚ ਉਨ੍ਹਾਂ ਨੂੰ ਨੈਤਿਕਤਾ ਦੇ ਪਾਠ ਪੜ੍ਹਾਏ ਜਾਂਦੇ ਹਨ। ਅਜਿਹੇ ਹਾਲਾਤ ਵਿੱਚ ਪੜ੍ਹਾਈ ਦੌਰਾਨ ਵਾਪਰ ਰਹੀ ਹਰ ਇੱਕ ਜ਼ਿਆਦਤੀ ਉਸ ਦੀ ਖ਼ਰਾਬ ਮਾਨਸਿਕ ਸਿਹਤ ਨੂੰ ਹੋਰ ਖ਼ਰਾਬ ਕਰਦੀ ਹੈ ਜੋ ਉਸ ਨੂੰ ਖ਼ੁਦਕੁਸ਼ੀ ਕਰਨ ਤੱਕ ਮਜਬੂਰ ਕਰ ਦਿੰਦੀ ਹੈ।

ਹਾਲਾਂਕਿ, ਇਹ ਗੱਲ ਹੈਰਾਨੀ ਵਾਲੀ ਤਾਂ ਨਹੀਂ, ਪਰ ਮੰਦਭਾਗੀ ਜ਼ਰੂਰ ਹੈ ਕਿ ਇਨ੍ਹਾਂ ਘਟਨਾਵਾਂ ਤੋਂ ਬਾਅਦ ਮੌਤ ਦਾ ਦੋਸ਼ ਉਨ੍ਹਾਂ ਵਿਦਿਆਰਥੀਆਂ ਸਿਰ ਹੀ ਮੜ੍ਹ ਦਿੱਤਾ ਜਾਂਦਾ ਹੈ ਅਤੇ ਪ੍ਰਸ਼ਾਸਨ ਵੱਲੋਂ ਵੀ ਵਿਦਿਆਰਥੀਆਂ ਨੂੰ 'ਮਾਨਸਿਕ ਤੌਰ 'ਤੇ ਪਰੇਸ਼ਾਨ' ਦਾ ਟੈਗ ਲਾ ਕੇ ਪਾਸਾ ਵੱਟ ਲਿਆ ਜਾਂਦਾ ਹੈ।

ਵਿਦਿਆਰਥੀ ਦੀ ਖ਼ੁਦਕੁਸ਼ੀ ਦੀ ਰਿਪੋਰਟ ਕਰਨਾ ਇੱਕ ਹੋਰ ਨਾਜ਼ੁਕ ਮੁੱਦਾ ਹੈ ਜਿੱਥੇ ਅਸਲ ਤੀਬਰਤਾ ਅਤੇ ਮਹਾਮਾਰੀ ਵਿਗਿਆਨ ਨੂੰ ਮਾਪਿਆ ਜਾ ਰਿਹਾ ਹੈ। ਐੱਨ.ਸੀ.ਆਰ.ਬੀ. ਦੇ ਅੰਕੜਿਆਂ ਨਾਲ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਕਿਉਂਕਿ ਇਹ ਪੁਲੀਸ ਰਿਕਾਰਡਾਂ ਤੋਂ ਇਕੱਠੇ ਕੀਤੇ ਜਾਂਦੇ ਹਨ, ਇਹ ਸਿਰਫ਼ ਉਨ੍ਹਾਂ ਮਾਮਲਿਆਂ ਨੂੰ ਵਿਚਾਰਦੇ ਹਨ ਜਿਨ੍ਹਾਂ ਵਿੱਚ ਐੱਫ.ਆਈ.ਆਰ. ਦਰਜ ਕੀਤੀ ਗਈ ਹੋਵੇ। ਇਹ ਸਪੱਸ਼ਟ ਤੌਰ 'ਤੇ ਉਨ੍ਹਾਂ ਕੇਸਾਂ ਨੂੰ ਬਾਹਰ ਕੱਢ ਦਿੰਦਾ ਹੈ ਜੋ ਪੁਲੀਸ ਰਿਕਾਰਡ ਵਿੱਚ ਨਹੀਂ ਹਨ। ਕੇਸ ਦਰਜ ਨਾ ਹੋਣ ਦੇ ਬਹੁਤ ਸਾਰੇ ਸਮਾਜਿਕ-ਆਰਥਿਕ ਅਤੇ ਰਾਜਨੀਤਿਕ ਕਾਰਨ ਹਨ, ਉਹ ਐੱਨ.ਸੀ.ਆਰ.ਬੀ. ਦੇ ਕਿਸੇ ਵੀ ਵਿਸ਼ਲੇਸ਼ਣ ਅਧੀਨ ਨਹੀਂ ਆਉਂਦੇ ਹਨ।

ਭਾਰਤ ਉਸ ਦਾ ਅਨੁਭਵ ਕਰ ਰਿਹਾ ਹੈ ਜਿਸ ਨੂੰ ਆਮ ਤੌਰ 'ਤੇ 'ਬਿਮਾਰੀ ਦਾ ਦੂਹਰਾ ਬੋਝ' ਕਿਹਾ ਜਾਂਦਾ ਹੈ ਜੋ ਕਿ ਸੰਚਾਰੀ ਅਤੇ ਗੈਰ-ਸੰਚਾਰੀ ਬਿਮਾਰੀਆਂ ਦੇ ਬੋਝ ਨੂੰ ਦਰਸਾਉਂਦਾ ਹੈ। ਇਹ ਛੂਤ ਦੀਆਂ ਬਿਮਾਰੀਆਂ, ਕੁਪੋਸ਼ਣ, ਨਵਜਾਤਾਂ ਅਤੇ ਮਾਵਾਂ ਦੀ ਮੌਤ ਦਰ ਅਤੇ ਹੋਰ ਗੰਭੀਰ ਸਿਹਤ ਚਿੰਤਾਵਾਂ 'ਤੇ ਵਧੇਰੇ ਧਿਆਨ ਦੇ ਰਿਹਾ ਹੈ। ਨਤੀਜੇ ਵਜੋਂ ਖ਼ੁਦਕੁਸ਼ੀ ਦੀ ਰੋਕਥਾਮ ਨੂੰ ਬਹੁਤ ਘੱਟ ਤਰਜੀਹ ਮਿਲਦੀ ਹੈ।

ਸਮਾਜ ਸ਼ਾਸਤਰੀ ਐਮਿਲ ਡਰਖਾਈਮ ਦੀ ਮਸ਼ਹੂਰ ਰਚਨਾ 'ਸੁਸਾਈਡ : ਏ ਸਟੱਡੀ ਇਨ ਸੋਸ਼ਿਓਲੋਜੀ, 1897' ਵਿੱਚ ਪਹਿਲੀ ਵਾਰ ਸਿਧਾਂਤਕ ਤੌਰ 'ਤੇ ਇਹ ਮੰਨਿਆ ਗਿਆ ਕਿ ਖ਼ੁਦਕੁਸ਼ੀ ਇੱਕ ਮਨੋਵਿਗਿਆਨਕ ਵਰਤਾਰਾ ਨਹੀਂ ਹੈ; ਇਸ ਦੀ ਬਜਾਏ, ਇਹ ਇੱਕ ਸਮਾਜਿਕ ਵਰਤਾਰਾ ਹੈ। ਉਸ ਅਨੁਸਾਰ ਖ਼ੁਦਕੁਸ਼ੀ ਇਸ ਗੱਲ ਦਾ ਨਤੀਜਾ ਹੈ ਕਿ ਵਿਅਕਤੀ ਨੂੰ ਸਮਾਜ ਕਿੰਨਾ ਜ਼ਿਆਦਾ ਜਾਂ ਘੱਟ ਨਿਯੰਤਰਿਤ ਕਰਦਾ ਹੈ। ਜਰਮਨ ਦਾਰਸ਼ਨਿਕ ਕਾਰਲ ਮਾਰਕਸ ਨੇ ਵੀ ਆਪਣੀ ਰਚਨਾ 'ਆਰਥਿਕ ਅਤੇ ਫ਼ਿਲਾਸਫ਼ੀਕਲ ਖਰੜੇ, 1844' ਵਿੱਚ 'ਬੇਗਾਨਗੀ' ਦੇ ਸੰਕਲਪ ਦੀ ਵਿਆਖਿਆ ਕਰਦੇ ਹੋਏ ਮਨੁੱਖ ਦੀਆਂ ਸਮਾਜਿਕ ਅਤੇ ਰਾਜਨੀਤਿਕ ਸਥਿਤੀਆਂ 'ਤੇ ਵੀ ਜ਼ੋਰ ਦਿੱਤਾ, ਜੋ ਮਨੁੱਖ ਦੀ ਮਾਨਸਿਕ ਸਿਹਤ ਅਤੇ ਸਮਾਜਿਕ ਤੰਦਰੁਸਤੀ ਨੂੰ ਨਿਰਧਾਰਤ ਕਰਦੀਆਂ ਹਨ। ਉਸ ਅਨੁਸਾਰ ਪੂੰਜੀਵਾਦ ਦੇ ਅੰਨ੍ਹੇ 'ਵਿਕਾਸ' ਵਿੱਚ ਮਨੁੱਖ ਜਿਸ ਕੰਮ ਵਿੱਚ ਲੱਗੇ ਹੋਏ ਹਨ, ਉਸ ਕੰਮ ਨੂੰ ਕਰਨ ਦੀ ਪ੍ਰਕਿਰਿਆ ਅਤੇ ਕੰਮ ਕਰ ਰਹੇ ਨਾਲ ਦੇ ਵਿਅਕਤੀਆਂ ਨਾਲ ਹੀ ਮਨੁੱਖ ਦਾ ਮਾਨਸਿਕ ਰਿਸ਼ਤਾ ਟੁੱਟ ਜਾਂਦਾ ਹੈ ਅਤੇ ਉਸ ਨੂੰ ਜ਼ਿੰਦਗੀ ਜਿਉਣ ਦਾ ਕੋਈ ਮਕਸਦ ਨਜ਼ਰ ਨਹੀਂ ਆਉਂਦਾ।

ਖੋਜਕਾਰ ਜੋਅਨਾ ਮੌਨਕਰੀਫ ਕਹਿੰਦੀ ਹੈ, "ਅਖੌਤੀ ਮਾਨਸਿਕ ਸਿਹਤ ਸਮੱਸਿਆਵਾਂ ਦੇ ਡਾਕਟਰੀਕਰਨ ਨੂੰ ਅਸਵੀਕਾਰ ਕਰਨਾ ਪੂੰਜੀਵਾਦ ਦੀਆਂ ਕੁਝ ਬੁਨਿਆਦੀ ਵਿਰੋਧਤਾਈਆਂ ਨੂੰ ਉਜਾਗਰ ਕਰਨ ਅਤੇ ਰਾਜਨੀਤਿਕ ਤਬਦੀਲੀ ਦੇ ਆਧਾਰ ਬਣਾਉਣ ਲਈ ਜ਼ਰੂਰੀ ਹੈ।" ਇਹ ਬਿਆਨ ਸੰਖੇਪ ਵਿੱਚ ਦੱਸਦਾ ਹੈ ਕਿ ਖ਼ੁਦਕੁਸ਼ੀ ਦੇ ਸਿਰਫ਼ ਮਨੋਵਿਗਿਆਨਕ ਪਹਿਲੂ 'ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ, ਰੋਕਥਾਮ ਅਤੇ ਪ੍ਰਮੋਟਿਵ ਸਿਹਤ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਖ਼ੁਦਕੁਸ਼ੀ ਦੇ ਪੀੜਤ ਵਿਅਕਤੀ ਨੂੰ ਹੀ ਮਾਨਸਿਕ ਰੂਪ ਨਾਲ ਕਮਜ਼ੋਰ ਕਹਿ ਦੇਣਾ ਅਤੇ ਖ਼ੁਦਕੁਸ਼ੀ ਦੇ ਪੂਰੇ ਮਹਾਮਾਰੀ ਵਿਗਿਆਨ ਨੂੰ ਨਾ ਸਮਝਣਾ ਇੱਕ ਵੱਡਾ ਕਾਰਨ ਹੈ ਕਿ ਖ਼ੁਦਕੁਸ਼ੀਆਂ ਰੁਕਣ ਦੀ ਬਜਾਏ ਵਧਦੀਆਂ ਜਾ ਰਹੀਆਂ ਹਨ। ਖ਼ੁਦਕੁਸ਼ੀ ਜੀਵ-ਵਿਗਿਆਨਕ, ਜੈਨੇਟਿਕ, ਮਨੋਵਿਗਿਆਨਕ, ਸਮਾਜਿਕ ਅਤੇ ਵਾਤਾਵਰਨਕ ਕਾਰਕਾਂ ਦੇ ਇੱਕ ਗੁੰਝਲਦਾਰ ਪਰਸਪਰ ਪ੍ਰਭਾਵ ਦੇ ਨਤੀਜੇ ਵਜੋਂ ਹੁੰਦੀ ਹੈ।

ਸਮੁੱਚੀ ਸਮਾਜਿਕ-ਆਰਥਿਕ ਅਤੇ ਰਾਜਨੀਤਿਕ ਸਥਿਤੀ ਸਿਹਤ ਅਤੇ ਹੋਰ ਪੇਸ਼ਿਆਂ ਦੀਆਂ ਨੀਤੀਆਂ ਨੂੰ ਨਿਰਧਾਰਤ ਕਰਦੀ ਹੈ। ਇਸ ਦਾ ਉਦੇਸ਼ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਵੱਲ ਹੋਣਾ ਚਾਹੀਦਾ ਹੈ, ਜਿੱਥੇ ਕੋਈ ਵਿਅਕਤੀ ਵਧੀਆ ਤੇ ਲਾਭਕਾਰੀ ਮਹਿਸੂਸ ਕਰ ਸਕਦਾ ਹੈ ਅਤੇ ਤੰਦਰੁਸਤੀ ਦਾ ਆਨੰਦ ਮਾਣ ਸਕਦਾ ਹੈ। 'ਚੰਗੀ ਸਿਹਤ ਅਤੇ ਤੰਦਰੁਸਤੀ' ਦੇ ਤੀਜੇ ਟਿਕਾਊ ਵਿਕਾਸ ਟੀਚੇ ਅਤੇ ਡਬਲਯੂਐੱਚਓ ਅਨੁਸਾਰ ਸਿਹਤ 'ਨਾ ਸਿਰਫ਼ ਬਿਮਾਰੀ ਜਾਂ ਕਮਜ਼ੋਰੀ ਦੀ ਅਣਹੋਂਦ ਬਲਕਿ ਸੰਪੂਰਨ ਸਰੀਰਕ, ਮਾਨਸਿਕ ਅਤੇ ਸਮਾਜਿਕ ਤੰਦਰੁਸਤੀ' ਨੂੰ ਸਾਕਾਰ ਕਰਨ ਵਿੱਚ ਖ਼ੁਦਕੁਸ਼ੀਆਂ ਨੂੰ ਰੋਕਣਾ ਬਹੁਤ ਜ਼ਰੂਰੀ ਹੈ।

*ਖੋਜਾਰਥੀ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ।

# ਵਿਆਹ ਦੀ ਭਾਜੀ



ਮੁਹੰਮਦ ਅੱਬਾਸ ਧਾਲੀਵਾਲ
98552-59650

ਪੰਜਾਬੀ ਸੱਭਿਆਚਾਰ ਵਿੱਚ ਵਿਆਹ ਮੌਕੇ, ਘਰ ਵਿੱਚ ਬੱਚੇ ਦਾ ਜਨਮ ਹੋਣ ਜਾਂ ਫਿਰ ਕੋਈ ਤਿਥ ਤਿਓਹਾਰ ਮੌਕੇ ਅਕਸਰ ਸਕੇ ਸਬੰਧੀਆਂ ਦੇ ਘਰਾਂ ਵਿੱਚ ਲੱਡੂ ਆਦਿ ਭੇਜਣ ਦਾ ਰਿਵਾਜ ਆਮ ਹੈ। ਇਨ੍ਹਾਂ ਮੌਕਿਆਂ 'ਤੇ ਮਠਿਆਈ ਵੰਡਣਾ ਸ਼ਗਨ ਮੰਨਿਆ ਜਾਂਦਾ ਹੈ। ਇੱਥੇ ਘਰ ਵਿੱਚ ਪਹਿਲੇ ਮੁੰਡੇ ਜਾਂ ਕੁੜੀ ਦਾ ਵਿਆਹ ਬੰਨ੍ਹੇ ਜਾਣ ਉਪਰੰਤ ਅਕਸਰ ਸਬੰਧਤ ਮੁੰਡੇ ਜਾਂ ਕੁੜੀ ਦੀ ਮਾਂ ਵੱਲੋਂ ਆਪਣੇ ਪੇਕੇ ਘਰ ਜਾ ਕੇ ਲੱਡੂ ਦਿੱਤੇ ਜਾਂਦੇ ਹਨ ਜਿਸ ਨੂੰ ਭੇਲੀ ਕਿਹਾ ਜਾਂਦਾ ਹੈ। ਭੇਲੀ ਦੇਣ ਦਾ ਮਕਸਦ ਧੀ ਵੱਲੋਂ ਆਪਣੇ ਮਾਪਿਆਂ ਜਾਂ ਭੈਣ ਭਰਾਵਾਂ ਤੇ ਚਾਚਿਆਂ ਤਾਇਆਂ ਨੂੰ ਇੱਕ ਪ੍ਰਕਾਰ ਸੁਨੇਹਾ ਦੇਣਾ ਹੁੰਦਾ ਹੈ ਕਿ ਉਹ ਆਪਣੀ ਪੂਰੀ ਤਿਆਰੀ ਕਰਕੇ ਪਰਿਵਾਰ ਸਮੇਤ ਵਿਆਹ ਮੌਕੇ ਪੁੱਜਣ।

ਉਂਝ ਪਹਿਲੇ ਸਮਿਆਂ ਵਿੱਚ ਪੰਜਾਬੀ ਵਿਆਹਾਂ ਵਿੱਚ ਆਮ ਤੌਰ 'ਤੇ ਮੁੱਖ ਮਠਿਆਈ ਲੱਡੂ-ਜਲੇਬੀਆਂ ਹੀ ਹੁੰਦੇ ਸਨ। ਮਠਿਆਈ ਤਿਆਰ ਕਰਨ ਲਈ ਤਿੰਨ ਚਾਰ ਦਿਨ ਪਹਿਲਾਂ ਹੀ ਘਰ ਵਿੱਚ ਹਲਵਾਈ ਲਾ ਲਿਆ ਜਾਂਦਾ ਸੀ। ਇਸ ਮੌਕੇ ਸ਼ਰੀਕੇ ਵਾਲਿਆਂ ਨੂੰ ਵਿਸ਼ੇਸ਼ ਸੱਦਾ ਦਿੱਤਾ ਜਾਂਦਾ। ਕਿਸੇ ਵੀ ਵਿਆਹ ਵਿੱਚ ਲੱਡੂ-ਜਲੇਬੀਆਂ ਵੱਡੀ ਮਿਕਦਾਰ ਵਿੱਚ ਬਣਾਏ ਜਾਂਦੇ ਅਤੇ ਵੰਡੇ ਜਾਂਦੇ ਸਨ।

ਇਸੇ ਤਰ੍ਹਾਂ ਵਿਆਹ ਤੋਂ ਬਾਅਦ ਆਪਣੇ ਆਂਢ-ਗੁਆਂਢ ਦੇ ਨਾਲ ਨਾਲ ਭਾਈਚਾਰੇ ਤੇ ਰਿਸ਼ਤੇਦਾਰਾਂ ਤੇ ਸ਼ਰੀਕਾਂ ਆਦਿ ਨੂੰ ਮਠਿਆਈ ਵੰਡੀ ਜਾਂਦੀ। ਇਸ ਨੂੰ ਵੀ ਭਾਜੀ ਹੀ ਆਖਦੇ ਸਨ।

ਹੁਣ ਮਠਿਆਈ ਦੀ ਕਿਸਮ ਅਤੇ ਇਸ ਸਬੰਧੀ ਰਿਵਾਜਾਂ ਵਿੱਚ ਤਬਦੀਲੀ ਆਈ ਹੈ। ਉਨ੍ਹਾਂ ਸਮਿਆਂ ਵਿੱਚ ਨਾ ਤਾਂ ਮਠਿਆਈ ਮੁੱਲ ਲੈਣ ਦਾ ਰਿਵਾਜ ਸੀ ਤੇ ਨਾ ਹੀ ਅੱਜ ਵਾਂਗ ਵਿਆਹ ਪੈਲੇਸਾਂ ਵਿੱਚ ਹੁੰਦੇ ਸਨ। ਵਿਆਹ ਲੜਕੇ ਦਾ ਹੋਵੇ ਭਾਵੇਂ ਲੜਕੀ ਦਾ ਘਰ ਵਿੱਚ ਕਈ ਦਿਨ ਪਹਿਲਾਂ ਹੀ ਹਲਵਾਈ ਲਗਾ ਲਿਆ ਜਾਂਦਾ। ਉਸ ਨੇ ਆਪਣੀਆਂ ਭੱਠੀਆਂ ਤਿਆਰ ਕਰਕੇ ਮਠਿਆਈ ਬਣਾਉਣੀ ਸ਼ੁਰੂ ਕਰ ਦੇਣੀ। ਜਿਸ ਦਿਨ ਹਲਵਾਈ ਨੇ ਘਰ ਲੱਗਣਾ ਹੁੰਦਾ ਸ਼ਰੀਕੇ ਵਾਲਿਆਂ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਦੇ ਕੇ ਬੁਲਾਇਆ ਜਾਂਦਾ। ਇਸ ਰਸਮ ਨੂੰ 'ਕੜਾਹੀ ਚਾੜ੍ਹਨਾ' ਆਖਿਆ ਜਾਂਦਾ।

ਉਨ੍ਹੀਂ ਦਿਨੀਂ ਲੱਡੂਆਂ ਨੂੰ ਵੱਟਣ ਦਾ ਦ੍ਰਿਸ਼ ਵੀ ਅਤਿ ਦਿਲਕਸ਼ ਹੁੰਦਾ ਸੀ। ਇੱਕ ਵੱਡੇ ਕੜਾਹੇ ਜਾਂ ਦੇਗੇ ਵਿੱਚ ਬੂੰਦੀ ਤੇ ਚਾਸ਼ਣੀ ਨਾਲ ਤਿਆਰ ਕੀਤੇ ਲੱਡੂਆਂ ਦੇ ਸਾਮਾਨ ਨੂੰ ਸ਼ਰੀਕੇ ਵਾਲੇ ਤੇ ਦੂਜੇ ਰਿਸ਼ਤੇਦਾਰ ਇਕੱਠੇ ਬੈਠ ਕੇ ਉਨ੍ਹਾਂ ਦੇ ਲੱਡੂ ਵੱਟਦੇ। ਲੱਡੂਆਂ ਨੂੰ ਸੁਕਾਉਣ ਲਈ ਵੀ ਮੰਜਿਆਂ ਆਦਿ 'ਤੇ ਕੱਪੜੇ ਵਿਛਾ ਕੇ ਪਾਇਆ ਜਾਂਦਾ।

ਜਦੋਂ ਨਾਨਕਿਆਂ ਨੇ ਛੱਕ ਭਰਨ ਲਈ ਆਉਣਾ ਤਾਂ ਇਨ੍ਹਾਂ ਲੱਡੂਆਂ ਦੀ ਰੰਗਤ ਵੇਖਣ ਵਾਲੀ ਹੁੰਦੀ। ਨਾਨਕੇ ਮੇਲ ਨੂੰ ਪਰਾਤਾਂ ਭਰ ਭਰ ਲੱਡੂ ਜਲੇਬੀਆਂ ਅਤੇ ਦੂਜੀ ਮਠਿਆਈ ਭਾਜੀ ਦੇ ਰੂਪ ਵਿੱਚ ਦਿੱਤੀ ਜਾਂਦੀ। ਨਾਨਕਾ ਮੇਲ ਕਈ ਦਿਨਾਂ ਤੱਕ ਵਿਆਹ ਵਾਲੇ ਘਰ ਲੱਡੂ-ਜਲੇਬੀਆਂ ਦਾ ਆਨੰਦ ਮਾਣਦਾ। ਉਦੋਂ ਕੁੜੀ ਦੇ ਵਿਆਹ ਮੌਕੇ ਬਰਾਤ ਆਉਣ ਸਮੇਂ ਤੇ ਫਿਰ ਰੋਟੀ ਤੋਂ ਪਹਿਲਾਂ ਬਰਾਤ ਨੂੰ ਖੂਬ ਲੱਡੂ-ਜਲੇਬੀਆਂ ਵੰਡੇ ਜਾਂਦੇ ਸਨ। ਜਦੋਂ ਕਿ ਉਸ ਤੋਂ ਵੀ ਪਹਿਲਾਂ ਬਰਾਤਾਂ ਨੂੰ ਲੜਕੀ ਵਾਲੇ ਕਈ ਕਈ ਦਿਨ ਤੱਕ ਠਹਿਰਾਉਂਦੇ ਸਨ। ਉਦੋਂ ਅੱਜਕੱਲ੍ਹ ਵਾਂਗ ਬਹੁਤੇ ਪਕਵਾਨ ਨਹੀਂ ਸਨ ਹੁੰਦੇ। ਅਕਸਰ ਵਿਆਹਾਂ ਵਿੱਚ ਬਾਰਾਤ ਲਈ ਉਬਾਲੇ ਹੋਏ ਚਾਵਲ ਹੁੰਦੇ ਸਨ ਜਿਨ੍ਹਾਂ 'ਤੇ ਸ਼ੱਕਰ ਭੁੱਕ ਦਿੱਤੀ ਜਾਂਦੀ ਤੇ ਉੱਪਰੋਂ ਗਰਮ ਗਰਮ ਦੇਸੀ ਘਿਓ ਪਾਇਆ ਜਾਂਦਾ। ਜਿਸ ਕਿਸੇ ਨੇ ਖੁੱਲ੍ਹਾ ਘਿਓ ਵਰਤਾਉਣਾ ਤਾਂ ਬਰਾਤੀਆਂ ਨੇ ਘਰ ਵਾਪਸ ਆ ਕੁੜੀ ਵਾਲਿਆਂ ਦੀਆਂ ਸਿਫ਼ਤਾਂ ਕਰਨੀਆਂ ਕਿ ਬਰਾਤ ਦੀ ਖੂਬ ਸੇਵਾ ਕੀਤੀ।

ਵਿਆਹ ਦੌਰਾਨ ਨਿਉਂਦਾ ਲੈਣ ਦਾ ਰਿਵਾਜ ਸੀ। ਨਿਉਂਦਾ ਲਿਖਣ ਵਾਲੇ ਕੋਲ ਇੱਕ ਲੱਡੂਆਂ ਦਾ ਥਾਲ ਰੱਖਿਆ ਜਾਂਦਾ ਸੀ। ਵਿਆਹ ਤੋਂ ਬਾਅਦ ਰਿਸ਼ਤੇਦਾਰਾਂ ਦੀ ਵਿਦਾਇਗੀ ਸਮੇਂ ਉਨ੍ਹਾਂ ਨੂੰ ਕਾਫ਼ੀ ਭਾਜੀ ਬੰਨ੍ਹ ਕੇ ਦਿੱਤੀ ਜਾਂਦੀ। ਨਾਨਕਿਆਂ ਨੂੰ ਪੱਕੀ ਭਾਜੀ ਤੇ ਕੱਚੀ ਭਾਜੀ ਅਲੱਗ-ਅਲੱਗ ਦਿੱਤੀ ਜਾਂਦੀ। ਵਿਆਹ ਦੇ ਖਤਮ ਹੋਣ ਉਪਰੰਤ ਨਾਨਕਿਆਂ ਨੂੰ 'ਕੋਠੀ-ਝਾੜ' ਵੀ ਜਾਂਦਾ ਹੈ। ਇਸ ਵਿੱਚ ਵਿਆਹੁਤਾ ਲੜਕੇ ਜਾਂ ਲੜਕੀ ਦੀ ਮਾਂ ਆਪਣੇ ਪੇਕਿਆਂ ਨੂੰ ਵਿਆਹ ਖਤਮ ਹੋਣ ਉਪਰੰਤ ਮਠਿਆਈ ਦੇਣ ਜਾਂਦੀ ਸੀ। ਇਸ ਨੂੰ ਸ਼ਗਨ ਸਮਝਿਆ ਜਾਂਦਾ ਸੀ। ਫਿਰ ਇਸ ਕੋਠੀ ਝਾੜ ਵਾਲੀ ਭਾਜੀ ਵਿੱਚੋਂ ਵੀ ਲੱਡੂ ਤੇ ਖੁਰਮੇ ਆਦਿ ਆਪਣੇ ਸ਼ਰੀਕੇ ਵਿੱਚ ਵੰਡਦੇ। ਅਜਿਹਾ ਕਰਨ ਨਾਲ ਆਪਸੀ ਭਾਈਚਾਰਕ ਸਾਂਝ ਵਿੱਚ ਵਾਧਾ ਹੁੰਦਾ ਸੀ।

ਪਹਿਲਾਂ ਜਦੋਂ ਵਿਆਹ ਘਰਾਂ ਵਿੱਚ ਟੈਂਟ ਲਾ ਕੇ ਹੋਇਆ ਕਰਦੇ ਸਨ ਤਾਂ ਘਰ ਵਿੱਚ ਕਈ ਦਿਨਾਂ ਤੱਕ ਰੌਣਕ ਰਹਿਣੀ। ਇਸ ਦੌਰਾਨ ਦਾਦਕੀਆਂ ਨੇ ਨਾਨਕੀਆਂ ਨੂੰ ਤੇ ਨਾਨਕੀਆਂ ਨੇ ਦਾਦਕੀਆਂ ਨੂੰ ਸਿੱਠਣੀਆਂ ਦੇਣੀਆਂ। ਬੋਲੀਆਂ ਪਾਉਣੀਆਂ ਤੇ ਗਿੱਧਾ ਪੈਣਾ। ਅੱਜ ਪੈਲੇਸ ਕਲਚਰ ਨੇ ਸਾਡੇ ਕਈ ਰਿਵਾਜਾਂ ਨੂੰ ਖਤਮ ਹੀ ਕਰ ਦਿੱਤਾ ਹੈ। ਅੱਜ ਪੈਲੇਸਾਂ ਵਿੱਚ ਜੋ ਡੀਜੇ ਤੇ ਆਰਕੈਸਟਰਾ ਦੀਆਂ ਉੱਚੀਆਂ ਤੇ ਧਮਕ ਪਾਊ ਆਵਾਜ਼ਾਂ ਰਾਹੀਂ ਪ੍ਰਦੂਸ਼ਣ ਫੈਲਦਾ ਹੈ, ਉਹ ਯਕੀਨਨ ਅਸਹਿ ਹੁੰਦਾ ਹੈ। ਅਜੋਕੇ ਵਿਆਹ ਨੂੰ ਪੈਲੇਸਾਂ ਦੀ ਰੀਤ ਨੇ ਇੱਕ ਵਪਾਰ ਬਣਾ ਛੱਡਿਆ ਹੈ। ਜਿਹੜੇ ਵਿਆਹ ਵਿੱਚ ਕਈ ਕਈ ਦਿਨਾਂ ਤੱਕ ਬਰਾਤਾਂ ਠਹਿਰਦੀਆਂ ਸਨ, ਹੁਣ ਉਹੋ ਵਿਆਹ ਮਹਿਜ਼ ਦੋ ਢਾਈ ਘੰਟਿਆਂ ਵਿੱਚ ਸੰਪੰਨ ਹੋ ਜਾਂਦੇ ਹਨ।

ਇੱਥੋਂ ਤਕ ਕਿ ਵਿਆਹ ਦੇ ਕਾਰਡਾਂ ਉੱਤੇ ਵੀ ਵਧੇਰੇ ਕਰਕੇ ਘਰ ਦੀ ਥਾਂ ਅਕਸਰ ਪੈਲੇਸ ਦਾ ਪਤਾ ਹੀ ਲਿਖਿਆ ਮਿਲਦਾ ਹੈ ਤੇ ਬਹੁਤ ਸਾਰੇ ਰਿਸ਼ਤੇਦਾਰ ਤੇ ਸਕੇ-ਸਬੰਧੀ ਵਿਆਹ ਵਿੱਚ ਸ਼ਾਮਲ ਹੋਣ ਨੂੰ ਮਹਿਜ਼ ਇੱਕ ਰਸਮ ਮਹਿਸੂਸ ਕਰਦੇ ਹਨ। ਇਹੋ ਵਜ੍ਹਾ ਹੈ ਕਿ ਲੋਕੀਂ ਇਸ ਰਸਮ ਨੂੰ ਨਿਭਾਉਣ ਹਿਤ ਸਿੱਧੇ ਪੈਲੇਸ ਹੀ ਪਹੁੰਚਦੇ ਹਨ ਤੇ ਸ਼ਗਨ ਪਾਉਣ ਦੀ ਰਸਮੀ ਕਾਰਵਾਈ ਪਾ ਕੇ ਚੱਲਦੇ ਬਣਦੇ ਹਨ।

**ਅੱਜ ਪੈਲੇਸ ਕਲਚਰ ਨੇ ਸਾਡੇ ਕਈ ਰਿਵਾਜਾਂ ਨੂੰ ਖਤਮ ਹੀ ਕਰ ਦਿੱਤਾ ਹੈ। ਅੱਜ ਪੈਲੇਸਾਂ ਵਿੱਚ ਜੋ ਡੀਜੇ ਤੇ ਆਰਕੈਸਟਰਾ ਦੀਆਂ ਉੱਚੀਆਂ ਤੇ ਧਮਕ ਪਾਊ ਆਵਾਜ਼ਾਂ ਰਾਹੀਂ ਪ੍ਰਦੂਸ਼ਣ ਫੈਲਦਾ ਹੈ, ਉਹ ਯਕੀਨਨ ਅਸਹਿ ਹੁੰਦਾ ਹੈ। ਅਜੋਕੇ ਵਿਆਹ ਨੂੰ ਪੈਲੇਸਾਂ ਦੀ ਰੀਤ ਨੇ ਇੱਕ ਵਪਾਰ ਬਣਾ ਛੱਡਿਆ ਹੈ। ਜਿਹੜੇ ਵਿਆਹ ਵਿੱਚ ਕਈ ਕਈ ਦਿਨਾਂ ਤੱਕ ਬਰਾਤਾਂ ਠਹਿਰਦੀਆਂ ਸਨ, ਹੁਣ ਉਹੋ ਵਿਆਹ ਮਹਿਜ਼ ਦੋ ਢਾਈ ਘੰਟਿਆਂ ਵਿੱਚ ਸੰਪੰਨ ਹੋ ਜਾਂਦੇ ਹਨ।**

# ਕਰਮਾਂ ਵਾਲੀ ਪੀੜ੍ਹੀ ਸਾਡੀ

ਜਗਦੇਵ ਸਿੱਧੂ
403 351 1136





ਏਥੇ ਇਸ ਪੀੜ੍ਹੀ ਨੂੰ ਮੋਟੇ ਤੌਰ ਤੇ ਉਨ੍ਹਾਂ ਲੋਕਾਂ ਦੀ ਪੀੜ੍ਹੀ ਸਮਝਿਆ ਜਾਵੇ ਜਿਨ੍ਹਾਂ ਦਾ ਜਨਮ ਪਿਛਲੀ ਸਦੀ ਦੇ ਪੰਜਵੇ, ਛੇਵੇਂ ਜਾਂ ਸੱਤਵੇਂ ਦਹਾਕੇ ਵਿਚ ਹੋਇਆ ਇਨ੍ਹਾਂ ਲੋਕਾਂ ਕੋਲ ਭੂਤ ਕਾਲ਼, ਵਰਤਮਾਨ ਅਤੇ ਭਵਿੱਖ ਦਾ ਜੋ ਅਨੰਤ ਸਰਮਾਇਆ ਹੈ, ਉਹ ਹੋਰ ਕਿਸੇ ਪੀੜ੍ਹੀ ਦੇ ਪੱਲੇ ਨਹੀਂ ਪਿਆ ਇਸ ਪੀੜ੍ਹੀ ਦੀ ਵਿਰਾਸਤ ਵਿਚ ਸ਼ੁੱਧ ਕੁਦਰਤ ਹੈ, ਅਸਲੀਅਤ ਹੈ, ਮਿਹਨਤ-ਮੁਸ਼ੱਕਤ ਹੈ, ਵਿਭਿੰਨ ਤਰ੍ਹਾਂ ਦਾ ਵੱਡਮੁੱਲਾ ਗਿਆਨ ਹੈ, ਲੋਹੜੇ ਦੀ ਤਰੱਕੀ ਹੈ, ਹਰ ਹਾਲ ਵਿਚ ਆਪਣੇ ਆਪ ਨੂੰ ਢਾਲਣ ਦੀ ਸਮਰੱਥਾ ਹੈ ਅਤੇ ਆਉਣ ਵਾਲੇ ਭਿਆਨਕ ਅਣਕਿਆਸੇ ਸਮਿਆਂ ਤੋਂ ਪਹਿਲਾਂ ਇਸ ਜਹਾਨ ਤੋਂ ਰੁਖ਼ਸਤ ਹੋ ਜਾਣ ਦੀ ਪੱਕੀ ਸੰਭਾਵਨਾ ਹੈ ਤਾਂ ਕਿ ਇਹ ਨਾ ਕਹਿਣਾ ਪਵੇ ਕਿ ਆਹ ਮਾੜੇ ਦਿਨ ਵੀ ਵੇਖਣੇ ਸਨ ਇਸ ਪੀੜ੍ਹੀ ਦੇ ਕਾਲ਼ ਨੂੰ ਮਾਨਵਤਾ ਦਾ ਸੁਨਹਿਰਾ ਕਾਲ਼ ਵੀ ਕਿਹਾ ਜਾ ਸਕਦਾ ਹੈ ਇਹ ਪੀੜ੍ਹੀ ਹੁਣ ਦੀ ਪਨੀਰੀ ਵਾਲੀ ਪੀੜ੍ਹੀ ਦੇ ਹਾਣ ਦੀ ਵੀ ਹੈ ਜਦੋਂ ਕਿ ਹੁਣ ਦੀ ਪੀੜ੍ਹੀ ਸਾਡੀ ਵਿਰਾਸਤ ਤੋਂ ਸੱਖਣੀ, ਅਨਜਾਣ ਤੇ ਅਭਿੱਜ ਹੈ ਸਾਡੀ ਇਹ ਪੀੜ੍ਹੀ ਦੋ ਪਿਛਲੀਆਂ ਅਤੇ ਦੋ ਅਗਲੀਆਂ ਪੀੜ੍ਹੀਆਂ ਦੇ ਸਮੇਂ ਦੀ ਚਸ਼ਮਦੀਦ ਗਵਾਹ ਹੈ

ਮਹਾਨ ਵਿਗਿਆਨੀ ਸਟੀਫਨ ਹਾਅਕਿੰਗ ਨੇ ਇਸ ਸਦੀ ਵਿਚ ਪ੍ਰਵੇਸ਼ ਕਰਦਿਆਂ ਕਿਹਾ ਸੀ ਕਿ ਇਸ ਧਰਤੀ( P&anet 5arth) ਉਪਰ ਜੀਵਾਂ, ਖਾਸ ਕਰ ਕੇ ਮਨੁੱਖਾਂ ਦੀ ਹੋਂਦ ਅੱਗੇ ਦੋ ਵੱਡੀਆਂ ਚੁਣੌਤੀਆਂ ਹਨ -- ਵਧ ਰਹੀ ਆਬਾਦੀ ਪਰ ਖੁਰ ਰਹੇ ਸਰੋਤ ਅਤੇ ਭੂਗੋਲਿਕ ਤਪਸ਼ (7&oba& Warm} n{) ਉਸ ਦਾ ਸੁਝਾਅ ਹੈ ਕਿ ਮਨੁੱਖ ਨੂੰ ਰਹਿਣ ਲਈ ਕਿਸੇ ਹੋਰ ਗ੍ਰਹਿ ਦੀ ਭਾਲ਼ ਕਰਨੀ ਸਮੇਂ ਦੀ ਫੌਰੀ ਲੋੜ ਹੈ ਸਾਡੀ ਪੀੜ੍ਹੀ ਨੂੰ ਉਹ ਤਬਾਹੀ ਨਹੀਂ ਭੁਗਤਣੀ ਪਵੇਗੀ ਇਸ ਤੋਂ ਇਲਾਵਾ ਐਟਮੀ ਅਤੇ ਜੈਵਿਕ ਸ਼ਕਤੀ ਨੂੰ ਵਿਨਾਸ਼ ਲਈ ਵਰਤਣ ਦੀ ਸੰਭਾਵਨਾ ਹੋਰ ਵੀ ਪ੍ਰਬਲ ਹੋ ਰਹੀ ਹੈ ਪ੍ਰਸਿੱਧ ਇਤਿਹਾਸਕਾਰ, ਚਿੰਤਕ ਤੇ ਲੇਖਕ ਯੁਵਲ ਨੋਹ ਹਰਾਰੀ ਦਾ ਮੰਨਣਾ ਹੈ ਕਿ ਆਉਣ ਵਾਲੇ ਸਮੇਂ ਅੰਦਰ ਮਨੁੱਖੀ ਜੀਵਨ ਵਿਚ ਪੂਰੀ ਉਥਲ-ਪੁਥਲ ਹੋ ਜਾਵੇਗੀ ਹੋਰ ਵੀ ਕਈ ਚਿੰਤਕ ਸੋਚਦੇ ਹਨ ਕਿ ਭਵਿੱਖ ਚਮਤਕਾਰੀ ਤੇ ਸ਼ਾਨਦਾਰ ਹੋਵੇਗਾ, ਕੋਈ ਕਹਿੰਦਾ ਹੈ ਕਿ ਬਹੁਤ ਮਾੜਾ ਸਮਾਂ ਆਏਗਾ , ਕਈਆਂ ਦਾ ਨਿਰਣਾ ਹੈ ਕਿ ਅਜੋਕਾ ਸਮਾਂ ਮਨੁੱਖੀ ਇਤਿਹਾਸ ਦਾ ਸਭ ਤੋਂ ਵਧੀਆ ਸਮਾਂ ਹੈ, ਨਾ ਪਹਿਲਾਂ ਏਨਾ ਚੰਗਾ ਸੀ ਨਾ ਅੱਗੋਂ ਏਨਾ ਚੰਗਾ ਹੋਵੇਗਾ

ਸਾਡੀ ਪੀੜ੍ਹੀ ਜਿੱਥੋਂ ਤੁਰੀ, ਉੱਥੇ ਅਣ-ਵੰਡੇ ਖੇਤ, ਖੁੱਲ੍ਹੀਆਂ ਜੂਹਾਂ, ਅਨੇਕ ਤਰ੍ਹਾਂ ਦੇ ਜਾਨਵਰ, ਪੰਛੀ, ਭਾਂਤ-ਸੁਭਾਂਤੀ ਬਨਾਸਪਤੀ ਦੀ ਹੋਂਦ ਸੀ ਓਦੋਂ ਖਿੱਦੋ-ਖੂੰਡੀ, ਡੰਡਾ-ਡੁੱਕ, ਗੁੱਲੀ-ਡੰਡਾ, ਲੁਕ-ਮਿਚਾਈ, ਘਾਟੀਆਂ, ਕੁਸ਼ਤੀ, ਕਬੱਡੀ ਵਰਗੀਆਂ ਦੇਸੀ ਖੇਡਾਂ ਅਤੇ ਖੇਡਣ ਲਈ ਵਾਧੂ ਸਮਾਂ ਹੁੰਦਾ ਸੀ ਖੁੱਲ੍ਹੀਆਂ ਚਰਾਂਦਾਂ ਵਿਚ ਪਸ਼ੂ ਚਾਰਨੇ, ਟੋਭਿਆਂ, ਨਹਿਰਾਂ, ਸੂਇਆਂ ਵਿਚ ਤਾਰੀਆਂ ਲਾਉਣੀਆਂ- ਇਹ ਸਭ ਕੁੱਝ ਸਾਡੇ ਹਿੱਸੇ ਹੀ ਆਇਆ ਹੈ ਓਦੋਂ ਵਗਦੇ ਸੂਏ, ਕੱਸੀ ਜਾਂ ਖਾਲ਼ ਵਿੱਚੋਂ ਬੁੱਕ ਭਰ ਕੇ ਜਿਹੜਾ ਪਾਣੀ ਪੀਂਦੇ ਸੀ, ਉਸ ਵਰਗਾ ਸ਼ੁੱਧ ਤੇ ਸੁਆਦ ਪਾਣੀ ਹੁਣ ਦੀਆਂ ਬੰਦ ਬੋਤਲਾਂ ਵਿਚ ਕਿੱਥੇ ਕਿਸੇ ਮਚਲੇ ਨੇ ਕਿਹਾ ਸੀ - ਘੁੱਟ ਪੀ ਲੈ ਪਤਲੀਏ ਨਾਰੇ, ਪਾਣੀ ਵਗੇ ਤੁੰਦ ਵਰਗਾ ਕੱਚੇ ਰਾਹਾਂ, ਪਹਿਆਂ, ਡੰਡੀਆਂ ਵਿਚਦੀ ਕੋਹਾਂ ਵਾਟ ਪੈਰੀਂ ਤੁਰ ਕੇ ਬੋਲੀਆਂ ਪਾਉਂਦੇ, ਛੰਦ ਗਾਉਂਦੇ ਚਾਈਂ ਚਾਈਂ ਮੇਲਿਆਂ ਤੇ ਜਾਂਦੇ, ਚੁਆਨੀ ਗੀਸੇ ਹੁੰਦੀ ਤਾਂ ਪਕੌੜੇ ਖਾ ਕੇ, ਖਿਡੌਣੇ ਲੈ ਕੇ ਵੀ ਆਨਾ ਦੁਆਨੀ ਪੱਲੇ ਰਹਿ ਜਾਂਦੀ ਸੀ ਕੱਕੇ ਰੇਤੇ ਤੇ ਤੁਰਦੇ ਤਾਂ ਧੌੜੀ ਜੁੱਤੀ ਵਿਚਦੀ ਪੈਰ ਮਚਦੇ ਪਰ ਕੋਈ ਪ੍ਰਵਾਹ ਨਹੀਂ ਸੀ ਸਕੂਲ ਵਿਚ ਘਰੋਂ ਬੋਰੀ ਜਾਂ ਗੱਟਾ ਲਿਜਾ ਕੇ ਕੱਚੇ ਥਾਂ ਤੇ ਵਿਛਾ ਕੇ ਬੈਠ ਜਾਂਦੇ ਸਾਂ, ਛੁੱਟੀ ਹੋਣ ਤੋਂ ਪਹਿਲਾਂ ਕਤਾਰਾਂ ਵਿਚ ਖੜ੍ਹ ਕੇ ਪਹਾੜੇ ਬੋਲਦੇ ਸਾਂ ਡੱਕੇ ਵਿਚ ਰੀਠਾ ਪਾ ਕੇ ਭੁੰਜੇ ਰੇਤਾ ਜਾਂ ਸੁਆਹ ਵਿਛਾ ਕੇ ਅੱਖਰ ਪਾਉਣੇ ਤੇ ਚਾਅ ਚੜ੍ਹ ਜਾਣਾ ਭਲਾ ਹੁਣ ਦੀ ਪੀੜ੍ਹੀ ਕੀ ਜਾਣੇ ਸਲੇਟ-ਬੱਤੀ ਕੀ ਹੁੰਦੀ ਸੀ, ਫੱਟੀ- ਗਾਜ਼ਨੀ ਕੀ ਹੋਈ, ਕਿਉਂ ਕਹਿੰਦੇ ਸਾਂ - ਸੁੱਕ ਸੁੱਕ ਫੱਟੀਏ ਸੁਕਾਉਣ ਵਾਲ਼ੇ ਆਏ ਐ ਇਨ੍ਹਾਂ ਨੂੰ ਕੀ ਪਤਾ ਕਾਨੇ ਦੀਆਂ ਕਲਮਾਂ ਕਿਵੇਂ ਘੜੀਦੀਆਂ, ਕਾਲ਼ੀ ਸਿਆਹੀ ਦੀਆਂ ਪੁੜੀਆਂ ਅਤੇ ਨੀਲੀ ਸਿਆਹੀ ਦੀਆਂ ਟਿੱਕੀਆਂ ਦਵਾਤਾਂ ਵਿਚ ਕਿਵੇਂ ਘੋਲ਼ ਕੇ ਸਿਆਹੀ ਬਣਾਈਦੀ ਐ, ਨਤੀਜਾ ਆਉਣ ਤੇ ਪਾਸ ਹੋਣ ਅਤੇ ਅਗਲੀ ਜਮਾਤ ਵਿਚ ਜਾਣ ਦੀ ਖ਼ੁਸ਼ੀ ਵਿਚ ਕਿੰਨੀਆਂ ਹੀ ਕਲਮਾਂ ਘੜ ਕੇ ਵੰਡੀਦੀਆਂ ਸਨ ਕਿਵੇਂ ਕੁਸ਼ਤੀਆਂ, ਘੋਲ਼ ਕਰਾਏ ਜਾਂਦੇ, ਢੋਲ ਵਜਦੇ ਕਵੀਸ਼ਰੀ ਦੇ ਅਖਾੜੇ ਲਗਦੇ, ਕਵੀਸ਼ਰ ਇਕ ਹੱਥ ਕੰਨ ਤੇ ਧਰ ਕੇ ਦੂਜਾ ਉਲਾਰ ਕੇ ਨਾਲ਼ੇ ਹੇਕ ਲਾਉਂਦੇ ਨਾਲ਼ੇ ਗੇੜਾ ਦੇਈ ਜਾਂਦੇ ਉਨ੍ਹਾਂ ਦਾ ਧੂਹਵਾਂ ਚਾਦਰਾ, ਪੱਗ ਦਾ ਟੌਰਾ, ਦੰਦਾਂ ਤੇ ਸੋਨੇ ਦੀਆਂ ਮੇਖਾਂ ਜਾਂ ਪੋਪਲਿਆਂ ਦਾ ਚਮਕਾਰਾ ਕੋਈ ਅਲੋਕਾਰੀ ਨਜ਼ਾਰਾ ਹੁੰਦਾ ਸੀ ਬਾਜ਼ੀਗਰਾਂ ਦਾ ਖੇਡਾ ਪੈਣਾ ਤਾਂ ਸੂਲ਼ੀ ਦੀ ਛਾਲ ਲੱਗਣ ਵੇਲੇ ਹੇਠਲਾ ਸਾਹ ਹੇਠਾਂ ਤੇ ਉਤਲਾ ਸਾਹ ਉੱਤੇ ਰਹਿ ਜਾਂਦਾ

ਵੱਡੀਆਂ ਜਮਾਤਾਂ ਪਿੰਡੋਂ ਦੂਰ ਦੇ ਸਕੂਲੇ ਪੜ੍ਹਨੀਆਂ, ਕੋਹਾਂ ਦਾ ਪੈਂਡਾ ਵਿੰਗੇ ਟੇਢੇ ਕੱਚੇ ਰਾਹਾਂ ਵਿਚ ਦੀ ਪੈਦਲ ਜਾਂ ਸਾਈਕਲ ਤੇ ਜਾਣਾ ਰੇਤਲੇ ਰਾਹਾਂ ਚ ਅੱਧ-ਪਚੱਧ ਵਾਟ ਸਾਈਕਲ ਨੂੰ ਗੱਡਿਆਂ ਦੀ ਲੀਹ ਵਿਚ ਦੀ ਘੜੀਸਣਾ ਆ ਕੇ ਘਰ ਜਾਂ ਖੇਤੀ ਦੇ ਕੰਮਾਂ ਵਿਚ ਹੱਥ ਵਟਾਉਣਾ ਸੁੱਕੇ ਅੰਬਰੀਂ ਕੜਕਦੀ ਧੁੱਪੇ ਨਰਮਾ ਗੁੱਡਣਾ, ਰੰਬੇ ਨਾਲ ਖੱਬਲ਼ ਨੂੰ ਤਿੜ-ਤਿੜ ਕਰ ਕੇ ਕੱਢਣਾ, ਝੋਲ਼ੀਆਂ ਬੰਨ੍ਹ ਕੇ ਨਰਮਾ ਚੁਗਣਾ, ਪੰਡਾਂ ਬੰਨ੍ਹ ਕੇ ਢੋਣਾ, ਨਰਮੇ ਦੀ ਪੋਲੀ ਢੇਰੀ ਤੇ ਦਬੂਕੇ ਮਾਰਨੇ ਸਾਡੇ ਹੀ ਹਿੱਸੇ ਆਇਆ ਪੱਠੇ ਵੱਢਣੇ, ਢੋਣੇ, ਕੁਤਰਨੇ ਤੇ ਟੋਕਰੇ ਭਰ ਕੇ ਖੁਰਲੀਆਂ ਚ ਪਾਉਣੇ, ਸੰਨ੍ਹੀਂ ਰਲਾਉਣੀ, ਧਾਰਾਂ ਚੋਣੀਆਂ ਸਾਡੇ ਲਈ ਆਮ ਵਰਤਾਰਾ ਸੀ ਥਕੇਵਾਂ ਪਤਾ ਨਹੀਂ ਸੀ ਕੀ ਹੁੰਦੈ ਕਣਕ, ਛੋਲੇ, ਸਰ੍ਹੋਂ, ਤਾਰਾਮੀਰਾ ਵੱਢ ਕੇ ਮੰਡਲੀਆਂ ਲਾਉਣੀਆਂ, ਸਲ਼ੰਗ-ਦੁਸਾਂਗੇ ਨਾਲ ਲੱਦਣੀਆਂ, ਪਿੜਾਂ ਵਿਚ ਲਿਆ ਕੇ ਗਾਹ ਪਾਉਣਾ, ਫਲ੍ਹੇ ਪਾਉਣੇ ਕੋਈ ਮਾੜਾ-ਧੀੜਾ ਕੰਮ ਨਹੀਂ ਸੀ ਤੰਗਲ਼ੀ ਨਾਲ ਧੜ ਉਡਾਉਣੀ, ਛਜਲੀ ਨਾਲ ਦਾਣੇ ਕੱਢਣੇ, ਦੋੜਿਆਂ ਦੀਆਂ ਪੰਡਾਂ ਵਿਚ ਤੂੜੀ ਢੋਣੀ ਭਲਾ ਕਿਵੇਂ ਭੁੱਲ ਸਕਦੇ ਹਾਂ ਸੁੱਕੀ ਚਰ੍ਹੀ ਜਾਂ ਕੜਬ (ਜਵਾਰ ਜਾਂ ਬਾਜਰਾ) ਦਾ ਟੋਕਾ ਮਸ਼ੀਨ ਤੇ ਸਾਰੀ ਰਾਤ ਰੌਲ਼ਾਂ ਲਾ ਕੇ ਹੱਥੀਂ ਕੁਤਰਾ ਕਰਨਾ, ਚਾਹ ਦੇ ਪਤੀਲੇ ਉਬਲਣੇ ਤੇ ਮੇਰੇ ਵਰਗੇ ਜੁਆਕ ਤੋਂ ਕਵੀਸ਼ਰੀ ਸੁਣੀ ਜਾਣੀ - ਹੁਣ ਤਾਂ ਬੀਤੇ ਦੀਆਂ ਗੱਲਾਂ ਹਨ

ਖੂਹਾਂ ਤੋਂ ਪਾਣੀ ਭਰਦੀਆਂ ਤ੍ਰੀਮਤਾਂ ਸਿਰ ਤੇ ਈਨੂੰ ਰੱਖ ਕੇ ਉਪਰ ਘੜਾ ਟਿਕਾ ਕੇ ਘਰ ਆ ਕੇ ਆਪੇ ਦੋਵਾਂ ਹੱਥਾਂ ਨਾਲ ਘੜਾ ਸਿਰੋਂ ਲਾਹ ਕੇ ਔਹ ਧਰਦੀਆਂ ਸਨ ਹੌਦਾਂ ਦੀਆਂ ਟੂਟੀਆਂ ਤੋਂ ਡੁੱਲ੍ਹ ਕੇ ਵਗਦੇ ਪਾਣੀ ਦੇ ਘਰਾਲ਼ ਨਾਲ ਖਾਲ਼-ਕਿਆਰੇ ਬਣਾ ਕੇ ਖੇਡਦੇ ਸਾਂ ਪਿੱਪਲ ਦੇ ਕਿਰੇ ਪੱਤਿਆਂ ਦੀਆਂ ਡਾਰਾਂ ਬਣਾ ਕੇ ਧੂੰਹਦੇ ਸਾਂ ਜਦੋਂ ਨਵਾਂ ਖੂਹ ਲੱਗਣਾ, ਚੱਕ ਹੇਠਾਂ ਉਤਾਰਨ ਵੇਲੇ ਵਿਆਹ ਵਰਗੇ ਸ਼ਗਨ ਮਨਾਏ ਜਾਂਦੇ ਫੇਰ ਨਲ਼ਕੇ ਲੱਗ ਗਏ ਕੁੜੀਆਂ ਕੱਤਰੀਆਂ ਸੋਪ ਕਤਦੀਆਂ, ਗਲੋਟੇ ਅਟੇਰਦੀਆਂ, ਤਾਣੀ ਬੁਣਦੀਆਂ, ਖੇਸ, ਖੇਸੀਆਂ, ਚਤੱਹੀਆਂ, ਦੋੜੇ, ਝੋਲੇ, ਪੱਖੇ, ਨਾਲ਼ੇ ਬੁਣਦੀਆਂ ਰੰਗ-ਬਰੰਗੇ ਨਮੂਨੇ ਪਾ ਕੇ ਦਰੀਆਂ ਬੁਣਦੀਆਂ ਫੁੱਲ, ਬੂਟੇ, ਵੇਲਾਂ, ਤੋਤੇ ਚਿੜੀਆਂ ਪਾ ਕੇ ਚਾਦਰਾਂ ਕਢਦੀਆਂ, ਰੇਸ਼ਮੀ ਧਾਗੇ ਨਾਲ ਫੁਲਕਾਰੀ ਤੇ ਬਾਗ ਕਢਦੀਆਂ ਟਾਂਡਾਂ, ਕੰਧੋਲ਼ੀਆਂ ਤੇ ਪੋਚਾ ਫੇਰ ਕੇ ਨਮੂਨੇ ਚਿਤਰਦੀਆਂ ਨਾਲ ਦੀ ਨਾਲ ਗੀਤ ਗੁਣਗੁਣਾਉਂਦੀਆਂ ਤੇ ਇਨ੍ਹਾਂ ਸੂਖਮ ਕਲਾਵਾਂ ਨਾਲ ਆਪਣੀਆਂ ਸੱਧਰਾਂ ਦਾ ਇਜ਼ਹਾਰ ਕਰਦੀਆਂ ਮੀਂਹ ਪਵਾਉਣ ਖਾਤਰ ਗੁੱਡੀ ਫੂਕਦੀਆਂ - ਆਲ਼ੇ ਪਿਆ ਪਤਾਸਾ ਗੁੱਡੀ ਖਾ ਮਰੀ ਰੱਬਾ ਰੱਬਾ ਮੀਂਹ ਵਸਾ ਵੀਰਨ ਮਰਦਾ ਧੁੱਪੇ ਬਦਲ਼ੀਏ ਝੜ ਕਰ ਨੀਂ ਸਾਉਣ ਦੇ ਮਹੀਨੇ ਘੜੇ ਮੂਧੇ ਮਾਰ ਕੇ ਸੇਵੀਆਂ ਵੱਟਣੀਆਂ, ਕਰੀਰ ਦੀਆਂ ਮੋੜ੍ਹੀਆਂ ਤੇ ਸੁੱਟੀ ਜਾਣੀਆਂ ਪਿੜਾਂ ਵਿਚ ਤੀਆਂ ਲਗਦੀਆਂ, ਬੋਹੜਾਂ ਤੇ ਪੀਂਘਾਂ ਪੈਂਦੀਆਂ, ਹੁਲਾਰੇ ਨਾਲ ਡਾਹਣੇ ਜਰਕਦੇ ਵੱਡੀ ਹੀਂਘ ਚੜ੍ਹਾ ਕੇ ਪੱਤੇ ਤੋੜ ਲਿਆਉਣੇ ਤੇ ਕੁੜੀਆਂ ਨੇ ਇਹ ਕਹਿ ਕੇ ਛੇੜਨਾ - ਸੱਸ ਦਾ ਝਾਟਾ ਪੱਟ ਲਿਆਈ ਖੀਰਾਂ ਰਿਝਦੀਆਂ, ਗੁਲਗੁਲੇ, ਮੱਠੀਆਂ ਤੇ ਪੂੜੇ ਪਕਦੇ ਡਾਹਣੇ ਰੋਕਣ ਲਈ ਦੱਭ ਬੰਨ੍ਹੀ ਜਾਂਦੀ ਤੇ ਤੀਆਂ ਵਿੱਛੜ ਜਾਂਦੀਆਂ - ਵਰ੍ਹੇ ਦਿਨਾਂ ਨੂੰ ਫੇਰ ਤੀਆਂ ਤੀਜ ਦੀਆਂ ਭਾਦੋਂ ਚੰਦਰੀ ਵਿਛੋੜੇ ਪਾਵੇ, ਸੌਣ ਵੀਰ ਕਰੇ ਕੱਠੀਆਂ ਸਰਦੀਆਂ ਵਿਚ ਮੋਠ-ਬਾਜਰੇ ਦੀ ਖਿਚੜੀ ਰਿੰਨ੍ਹੀ ਜਾਂਦੀ ਦਹੀਂ ਤੇ ਦੁੱਧ ਦੀਆਂ ਧਾਰਾਂ ਮਰਵਾ ਕੇ ਤਿਉੜ ਕਰ ਕੇ ਖਿਚੜੀ ਵਿਚ ਪਾ ਕੇ ਖਾਣ ਦਾ ਸੁਆਦ ਸਿਰਫ਼ ਅਸੀਂ ਹੀ ਜਾਣਦੇ ਹਾਂ ਨਰਮਾ ਚੁਗਣ ਵੇਲੇ, ਹਾੜ੍ਹੀ ਵੱਢਣ ਵੇਲੇ ਜਾਂ ਪਿੜਾਂ ਵਿਚ ਦਾਣੇ ਕੱਢਣ ਵੇਲੇ ਡੇਲਿਆਂ, ਤੁੱਕਿਆਂ ਜਾਂ ਮਿਰਚਾਂ ਦੇ ਅਚਾਰ ਨਾਲ ਖਾਧੀ ਰੋਟੀ ਦਾ ਸਵਾਦ ਅਤੇ ਜੰਡ ਦੀਆਂ ਕੱਚੀਆਂ ਕਚਾਰ ਫਲ਼ੀਆਂ ਦੇ ਰਾਇਤੇ ਦਾ ਜ਼ਾਇਕਾ ਲੈਣ ਵਾਲੇ ਖੁਸ਼ਕਿਸਮਤ ਲੋਕ ਅਸੀਂ ਹੀ ਤਾਂ ਹਾਂ ਸਿਆਲ਼ਾਂ ਵਿਚ ਧੁੱਪ ਸੇਕਦਿਆਂ ਸਣ ਕੱਢਣੀ, ਰੱਸੇ, ਲਾਸਾਂ ਵੱਟਣੀਆਂ ਵਿਹਲੇ ਸਮੇਂ ਦਾ ਫ਼ਾਇਦੇਮੰਦ ਉਪਯੋਗ ਸੀ ਗਰਮੀ ਕੀ ਪੈਂਦੀ, ਵੱਟ ਕੱਢ ਦਿੰਦੀ ਰਹਿੰਦੀ ਕਸਰ ਕਲਿਆਣਾ ਦੇ ਟਿੱਬਿਆਂ ਤੋਂ ਉੱਠੀ ਕਾਲੀ ਬੋਲੀ ਨ੍ਹੇਰੀ ਕੱਢ ਦਿੰਦੀ ਜੇ ਕਦੇ ਆਹਣ ਆ ਜਾਂਦੀ ਤਾਂ ਦਿਨੇ ਹਨੇਰਾ ਛਾ ਜਾਂਦਾ ਫਸਲਾਂ ਤਾਂ ਕੀ, ਦਰਖਤਾਂ ਦੇ ਪੱਤੇ ਵੀ ਚੱਟ ਜਾਂਦੀ ਪੀਪੇ, ਥਾਲ਼ੀਆਂ ਲੈ ਕੇ ਸਿਖਰ ਦੁਪਹਿਰੇ ਬਥੇਰਾ ਖੜਕਾ ਦੜਕਾ ਕਰਦੇ, ਰੌਲ਼ਾ ਪਾ ਕੇ ਸੰਘ ਪਾੜ ਲੈਂਦੇ, ਪਰ ਟਿੱਡੇ ਉੱਡਣ ਦਾ ਨਾਂ ਨਾ ਲੈਂਦੇ ਇਹ ਔਖੇ ਤੇ ਮੁਸ਼ੱਕਤ ਭਰੇ ਦਿਹਾੜੇ ਵੀ ਸਾਡੇ ਤਜਰਬਿਆਂ ਦੀ ਅਮੀਰੀ ਦਾ ਹਿੱਸਾ ਬਣ ਗਏ

ਇਹੋ ਜਿਹੇ ਬਿਖੜੇ ਪੈਂਡਿਆਂ ਦੀ ਜੂਨ ਹੰਢਾਉਂਦੇ ਅਸੀਂ ਕਾਲਜਾਂ, ਯੂਨੀਵਰਸਿਟੀਆਂ ਵਿਚ ਵੀ ਪੜ੍ਹਾਈ ਕਰਦੇ ਹੋਏ ਸ਼ਹਿਰੀ ਸਹੂਲਤਾਂ ਮਾਨਣ ਵਾਲੇ ਸ਼ਹਿਰੀ ਜਮਾਤੀਆਂ ਦੇ ਮੁਕਾਬਲੇ ਕਿਸੇ ਤੋਂ ਘੱਟ ਨਾ ਰਹੇ ਪਹਿਲਾਂ ਸਰ੍ਹੋਂ ਦੇ ਤੇਲ ਦੇ ਮਿੱਟੀ ਦੇ ਦੀਵੇ, ਫੇਰ ਲਾਲਟੈਣ ਤੇ ਫੇਰ ਲੈਂਪ ਦੇ ਚਾਨਣੇ ਗਈ ਰਾਤ ਤੱਕ ਪੜ੍ਹੀ ਜਾਣਾ, ਖਿੱਤੀ ਸਿਰ ਤੇ ਆਈ ਤੋਂ ਅੱਧੀ ਰਾਤ ਹੋਈ ਦਾ ਪਤਾ ਲੱਗਣਾ ਹੌਲ਼ੀ ਹੌਲ਼ੀ ਪਿੰਡਾਂ ਵਿਚ ਸੜਕਾਂ ਬਣਈਆਂ, ਲੰਗੇ ਡੰਗ ਕਿਸੇ ਬਸ ਦਾ ਆਉਣਾ ਅਸੀਂ ਵੇਖਿਆ ਬਿਜਲੀ ਆਈ ਤਾਂ ਬਟਨ ਦੱਬ ਕੇ ਲਾਟੂ ਜਗਣ ਦਾ ਅਹਿਸਾਸ ਚਮਤਕਾਰ ਵਰਗਾ ਸੀ ਵਿਗਿਆਨ ਦੀ ਤਰੱਕੀ ਦੇ ਹੋਰ ਕਿੰਨੇ ਹੀ ਵਰਤਾਰੇ ਸਾਡੇ ਹੱਡੀਂ ਰਚੇ ਹਨ,ਚੇਤਿਆਂ ਵਿਚ ਜਮ੍ਹਾਂ ਹਨ ਵੇਂਹਦਿਆਂ ਵੇਂਹਦਿਆਂ ਆਵਾਜਾਈ ਦੇ ਸਾਧਨ ਅਤੇ ਹਰੇਕ ਖੇਤਰ ਵਿਚ ਮਸ਼ੀਨਰੀ ਅਤੇ ਬਿਜਲਈ ਯੰਤਰਾਂ ਤੇ ਉਪਕਰਣਾਂ ਨੇ ਹੇਠਲੀ ਉੱਤੇ ਲੈ ਆਂਦੀ ਖੇਤਾਂ ਵਿਚ ਨਹਿਰੀ ਪਾਣੀ ਦੀ ਵਾਰੀ ਉਡੀਕਣ ਵਾਲੇ ਹੁਣ ਸਟਾਰਟਰ ਲਾਕੇ ਸੌਂ ਜਾਂਦੇ ਹਨ, ਬਿਜਲੀ ਆਉਂਦੀ ਹੈ, ਛੋਟੇ ਦੇ ਸਿਰ ਵਰਗੀ ਪਾਣੀ ਦੀ ਧਾਰ ਕਿਆਰੇ ਭਰ ਦਿੰਦੀ ਹੈ ਬਲਦਾਂ ਤੇ ਊਠਾਂ ਦੇ ਹਲ਼ਾਂ ਦੀ ਥਾਂ ਟਰੈਕਟਰ ਆ ਗਏ, ਰਹਿੰਦੀ ਕਸਰ ਕੰਬਾਈਨਾਂ ਆਉਣ ਨਾਲ ਪੂਰੀ ਹੋ ਗਈ ਨਵੀਂ ਮਸ਼ੀਨਰੀ, ਸੰਦਾਂ ਅਤੇ ਬਦਲੇ ਹੋਏ ਖੇਤੀ ਦੇ ਢੰਗ ਤਰੀਕਿਆਂ ਨੇ ਪਿੰਡਾਂ ਦੀ ਨੁਹਾਰ ਬਦਲ ਕੇ ਰੱਖ ਦਿੱਤੀ ਅਸੀਂ ਕਦੇ ਕੱਚੇ ਰਾਹਾਂ ਤੇ ਕੋਹਾਂ ਵਾਟ ਪੈਦਲ ਤੁਰਨ ਵਾਲੇ ਬਸਾਂ, ਰੇਲਗੱਡੀਆਂ, ਕਾਰਾਂ ਤੇ ਸਫਰ ਕਰਨ ਲੱਗੇ ਤੇ ਹੁਣ ਤਾਂ ਸੁੱਖ ਨਾਲ ਹਵਾਈ ਜਹਾਜ਼ਾਂ ਚ ਬੈਠ ਅਸਮਾਨ ਵਿਚ ਉੱਡਣ ਲੱਗੇ ਹਾਂ ਸੈਟੇਲਾਈਟ ਦਾ ਜ਼ਮਾਨਾ ਆ ਗਿਆ ਕੋਠੇ ਦੀ ਛੱਤ ਤੇ ਮੰਜਿਆਂ ਤੇ ਪਏ ਬਜ਼ੁਰਗਾਂ ਤੋਂ ਉਡਣ ਖਟੋਲਿਆਂ ਦੀਆਂ ਬਾਤਾਂ ਸੁਣਦੇ ਸੁਣਦੇ ਸੱਚ ਮੁੱਚ ਉੱਡਣ ਲੱਗ ਪਏ ਹਾਂ ਚੰਦ ਉਪਰ ਚਰਖਾ ਕਤਦੀ ਮਾਈ ਨੂੰ ਵੇਖਣ ਦੀ ਕੋਸ਼ਿਸ਼ ਕਰਦਿਆਂ ਨੂੰ ਪਤਾ ਲੱਗ ਗਿਆ ਹੈ ਕਿ ਸੱਚੀਓਂ ਨੀਲ ਆਰਮ ਸਟਰੌਂਗ ਤੇ ਐਲਡਰਿਨ ਚੰਦ ਤੇ ਜਾ ਪਹੁੰਚੇ ਹਨ ਮਨੁੱਖ ਦੀ ਮਹਾਨ ਛਾਲ ਮਾਈ ਗ਼ਾਇਬ ਹੈ ਗ੍ਰਹਿਣ ਲੱਗਣ ਵੇਲੇ ਦੇ ਰਾਹੂ ਕੇਤੂ ਨੌਂ ਦੋ ਗਿਆਰਾਂ ਹੋ ਗਏ ਹੁਣ ਤਾਂ ਅਸੀਂ ਪੁਲਾੜ ਵਿਚ ਗਾਹ ਪਾਈ ਫਿਰਦੇ ਹਾਂ

ਅਸੀਂ ਖਸਰਾ, ਚੇਚਕ, ਤਪਦਿਕ, ਤੇਈਆ ਤਾਪ,ਗੰਭੀਰ (ਕੈਂਸਰ) ਵਰਗੀਆਂ ਨਾ-ਮੁਰਾਦ ਬੀਮਾਰੀਆਂ ਨਾਲ ਇਲਾਜ ਖੁਣੋਂ ਜਾਨਾਂ ਜਾਂਦੀਆਂ ਵੀ ਵੇਖੀਆਂ ਹੁਣ ਇਨ੍ਹਾਂ ਦਾ ਇਲਾਜ ਹੋਣ ਲੱਗਿਆ ਹੈ ਭਾਵੇਂ ਕਈ ਨਵੀਆਂ ਬੀਮਾਰੀਆਂ ਵੀ ਕਹਿਰ ਵਰਤਾ ਰਹੀਆਂ ਹਨ ਪਰ ਵਿਗਿਆਨ ਵੈਕਸੀਨ ਅਤੇ ਇਲਾਜ ਦੇ ਜ਼ਰੀਏ ਇਨ੍ਹਾਂ ਤੇ ਕਾਬੂ ਪਉਣ ਦੇ ਸਮਰੱਥ ਹੈ ਬੇਕਾਰ ਹੋਏ ਅੰਗ ਬਦਲੇ ਜਾਣ ਲੱਗੇ ਹਨ ਚੰਗੀ ਖ਼ੁਰਾਕ ਅਤੇ ਉਪਲਬਦ ਸਿਹਤ ਸਹੂਲਤਾਂ ਸਦਕਾ ਉਮਰਾਂ ਵਧ ਰਹੀਆਂ ਹਨ, ਜੱਚਾ ਬੱਚਾ ਦੀ ਮੌਤ ਦਰ ਬਹੁਤ ਘਟ ਗਈ ਹੈ ਹਰ ਤਰ੍ਹਾਂ ਦੇ ਸੁਖ ਦੇ ਸਾਧਨ ਅਸੀਂ ਮਾਣ ਰਹੇ ਹਾਂ ਰਾਜੇ ਰਾਣਿਆਂ ਦੇ ਤਸੀਹਿਆਂ ਵਾਲੇ ਜ਼ਮਾਨੇ ਲੱਦ ਗਏ ਹਨ ਅਸੀਂ ਸਰਕਾਰਾਂ ਬਣਾ ਵੀ ਸਕਦੇ ਹਾਂ, ਬਦਲ ਵੀ ਸਕਦੇ ਹਾਂ ਇੰਟਰਨੈੱਟ, ਡਿਜਿਟਲ ਮੀਡੀਆ, ਸੋਸ਼ਲ ਮੀਡੀਆ ਨੇ ਸੰਚਾਰ ਦੇ ਖੇਤਰ ਵਿਚ ਤਹਿਲਕਾ ਮਚਾ ਰੱਖਿਆ ਹੈ ਕੁਐਂਟਮ ਦੀ ਵਰਤੋਂ, ਮਸਨੂਈ ਬੁੱਧੀ, (1rt}f} c}a& 9nte&&}{ence 1. 9.), ਸਿਨਥੈਟਿਕ ਬਾਇਓਲੋਜੀ, ਜੀਨ ਐਡੀਟਿੰਗ (3R9SPR) ਵਰਗੀਆਂ ਵਿਗਿਆਨਕ ਲੱਭਤਾਂ ਜ਼ਿੰਦਗੀ ਨੂੰ ਨਵੀਂ ਤਰ੍ਹਾਂ ਪ੍ਰੀਭਾਸ਼ਤ ਕਰ ਕੇ ਹੈਰਾਨੀਜਨਕ ਤਬਦੀਲੀਆਂ ਦਾ ਜ਼ਰੀਆ ਬਣ ਰਹੀਆਂ ਹਨ ਇਨਸਾਨ ਦਾ ਕੰਮ ਰੋਬੋਟ ਕਰ ਰਹੇ ਹਨ ਬੋਸੋਨ ਦੀ ਖੋਜ ਨੇ ਸ੍ਰਿਸ਼ਟੀ ਸਿਰਜਣਾ ਦਾ ਮੂਲ ਪਕੜ ਲਿਆ ਹੈ ਅੱਜ ਜੇਮਜ਼ ਵੈੱਬ ਟੈਲੀਸਕੋਪ ਪੁਲਾੜ ਵਿਚ ਟਿਕ ਕੇ ਤਾਰਿਆਂ ਦੀਆਂ ਤਸਵੀਰਾਂ ਭੇਜ ਕੇ ਦੱਸ ਰਿਹਾ ਹੈ ਕਿ ਤਾਰੇ ਕਿਵੇਂ ਬਣਦੇ ਤੇ ਅਲੋਪ ਹੁੰਦੇ ਹਨ

ਇਸ ਸਾਰੀ ਤਰੱਕੀ ਦੇ ਨਾਲ ਪੁੱਠੀ ਤਰੱਕੀ ਵੀ ਉਸੇ ਰਫ਼ਤਾਰ ਨਾਲ ਹੋ ਰਹੀ ਹੈ ਜਿਵੇਂ ਨੋਬੈੱਲ ਨੇ ਡਾਇਨਾਮਾਈਟ ਦੀ ਕਾਢ ਕੱਢੀ ਤਾਂ ਪਹਾੜਾਂ ਦਾ ਸੀਨਾ ਪਾੜ ਕੇ ਸੜਕਾਂ ਕੱਢਣ ਦਾ ਕੰਮ ਸੁਖਾਲ਼ਾ ਹੋਇਆ ਪਰ ਇਸ ਨੂੰ ਬਾਰੂਦ ਬਣਾ ਕੇ ਲੱਖਾਂ ਕਰੋੜਾਂ ਜਾਨਾਂ ਲੈਣ ਦਾ ਸਾਧਨ ਬਣਾ ਧਰਿਆ ਐਟਮੀ ਫਿੱਸਨ ਤੇ ਫਿਊਜ਼ਨ ਨਾਲ ਬਿਜਲੀ ਪੈਦਾ ਕਰਨ ਦਾ ਚਮਤਕਾਰ ਹੋਇਆ ਪਰ ਇਸ ਦੀ ਵਰਤੋਂ ਬੰਬ ਬਨਾਉਣ ਲਈ ਕਰ ਕੇ ਇਸ ਨੂੰ ਸਮੁੱਚੀ ਮਾਨਵਤਾ ਦੇ ਵਿਨਾਸ਼ ਦਾ ਹਊਆ ਬਣਾ ਕੇ ਰੱਖ ਦਿੱਤਾ ਮੈਡੀਕਲ ਰਿਸਰਚ ਇਸ ਮਰਹਲੇ ਤੇ ਅਪੜੀ ਹੈ ਕਿ ਸਰੀਰ ਅੰਦਰਲੇ ਸੈਲਾਂ ਵਿਚ ਕਿਸੇ ਵਿਕਾਰ ਆਉਣ ਨੂੰ ਤੁਰੰਤ ਤਾੜ ਕੇ ਉਨ੍ਹਾਂ ਸੈਲਾਂ ਨੂੰ ਸਹੀ ਵਤੀਰੇ ਵੱਲ ਮੋੜਿਆ ਜਾਵੇਗਾ ਤਾਂ ਜੋ ਬੀਮਾਰੀ ਜਾਂ ਵਿਗਾੜ ਨੂੰ ਅਗਾਊਂ ਹੀ ਰੋਕਿਆ ਜਾ ਸਕੇ ਲੋੜ ਪੈਣ ਤੇ ਮਨੁੱਖੀ ਅੰਗ ਮਸ਼ੀਨਰੀ ਦੇ ਪੁਰਜ਼ਿਆਂ (Spare parts) ਵਾਂਗ ਮੈਡੀਕਲ ਸਟੋਰਾਂ ਵਿਚ ਮਿਲਿਆ ਕਰਨਗੇ ਜਾਂ ਜੀਨ ਤਕਨਾਲੋਜੀ ਰਾਹੀਂ ਪੈਦਾ ਕਰ ਲਏ ਜਾਣਗੇ ਮਨੁੱਖ ਦੀ ਉਮਰ 150 ਸਾਲ ਅਤੇ ਅਗਲੀ ਸਦੀ ਤੱਕ 500 ਸਾਲ ਹੋਣ ਦੀ ਸੰਭਾਵਨਾ ਬਣਦੀ ਜਾ ਰਹੀ ਹੈ ਇਸ ਦੀ ਲੋੜ ਵੀ ਪਏਗੀ ਕਿਉਂਕਿ ਧਰਤੀ ਤੋਂ ਕਿਸੇ ਦੁਰਾਡੇ ਗ੍ਰਹਿ ਤੱਕ ਜਾਣ ਲਈ ਸੈਂਕੜੇ ਵਰ੍ਹੇ ਲੱਗ ਜਾਇਆ ਕਰਨਗੇ ਰੋਬੋਟ ਅਤੇ ਏ ਆਈ ਦੀ ਵਰਤੋਂ ਬਹੁਤ ਵੱਡੀ ਆਬਾਦੀ ਨੂੰ ਬੇਕਾਰ ਕਰ ਦੇਵੇਗੀ ਕਰਿਸਪਰ ਤਕਨਾਲੋਜੀ ਰਾਹੀਂ ਬੱਚੇ ਪੈਦਾ ਕਰਨ ਦੀ ਵਿਧੀ ਮੂਲੋਂ ਬਦਲ ਜਾਏਗੀ ਇਸ ਦਾ ਕੰਟਰੋਲ ਮੁਨਾਫਾਖੋਰ ਕੰਪਨੀਆਂ ਕੋਲ ਰਹੇਗਾ ਜਿਹੜੀਆਂ ਭਾਰੀ ਕੀਮਤ ਤੇ ਮਾਪਿਆਂ ਦੀ ਮਰਜ਼ੀ ਦੇ ਬੱਚੇ ਤਿਆਰ ਕਰਨਗੀਆਂ ਉਹ ਲੋੜੀਂਦੇ ਗੁਣ ("ra}t ) ਪਾ ਕੇ ਉੱਤਮ ਖਿਡਾਰੀ, ਕਲਾਕਾਰ, ਲੀਡਰ, ਅਧਿਆਪਕ, ਡਾਕਟਰ, ਇੰਜੀਨੀਅਰ ਜਾਂ ਵਿਗਿਆਨੀ ਪੈਦਾ ਕਰਨ ਦਾ ਰੋਲ ਨਿਭਾਉਣਗੇ ਇਉਂ ਧਨਵਾਨਾਂ ਅਤੇ ਆਮ ਲੋਕਾਂ ਦੀ ਬੁੱਧੀਮਤਾ ਵਿਚ ਬਹੁਤ ਵੱਡਾ ਪਾੜਾ ਆ ਜਾਵੇਗਾ ਜੋ ਮਨੁੱਖਤਾ ਲਈ ਘਾਤਕ ਸਿੱਧ ਹੋ ਸਕਦਾ ਹੈ

ਸਿਆਣਿਆਂ ਤੋਂ ਸੁਣਦੇ ਸਾਂ ਕਿ ਵੱਢ-ਭੇਲ਼ ਹੋ ਜਾਏਗਾ, ਸੋ ਇਵੇਂ ਲਗਦਾ ਹੈ ਹੁਣ ਜ਼ਿੰਦਗੀ ਡਿਜ਼ਾਈਨ ਹੋ ਕੇ ਚੋਣ ਅਤੇ ਪਸੰਦ ਮੁਤਾਬਕ ਹੋਇਆ ਕਰੇਗੀ, ਕੁਦਰਤੀ ਨਹੀਂ ਮੁੱਠੀ ਭਰ ਕੰਪਨੀਆਂ ਕੋਲ ਬੁੱਧੀਜੀਵੀ ਸੰਪਤੀ ਅਧਿਕਾਰ (9nte&&ectua& Propert R}{ht 9. P. R) ਹੋਣਗੇ, ਉਨ੍ਹਾਂ ਕੋਲ ਮਰਜ਼ੀ ਮੁਤਾਬਕ ਮਨੁੱਖ, ਜਾਨਵਰ ਤੇ ਬਨਾਸਪਤੀ ਜ਼ਿੰਦਗੀ ਪੈਦਾ ਕਰਨ ਦੀ ਖੁਦਮੁਖਤਿਆਰੀ ਹੋਵੇਗੀ ਜਿਸ ਨੂੰ ਕਾਇਮ ਰੱਖਣ ਜਾਂ ਖੋਹਣ ਲਈ ਭਿਆਨਕ ਜੰਗਾਂ ਲੜਨ ਦੀਆਂ ਸੰਭਾਵਨਾਵਾਂ ਖੜ੍ਹੀਆਂ ਹੋ ਸਕਦੀਆਂ ਹਨ


ਪਤਾ ਨਹੀਂ ਅਜਿਹੀ ਹਾਲਤ ਵਿਚ ਮਨੁੱਖ ਦੀ ਹਸਤੀ ਕੀ ਰਹਿ ਜਾਵੇਗੀ, ਕਦਰਾਂ ਕੀਮਤਾਂ ਕੀ ਕਰਵਟ ਲੈਣਗੀਆਂ, ਰਿਸ਼ਤੇ, ਜਜ਼ਬਾਤ, ਸੱਧਰਾਂ, ਖ਼ੁਸ਼ੀਆਂ, ਆਸਾਂ, ਉਮੀਦਾਂ ਕਿਹੜੀ ਸ਼ਕਲ ਅਖਤਿਆਰ ਕਰਨਗੀਆਂ ਸ਼ੈਤਾਨ ਦਿਮਾਗ ਪਤਾ ਨਹੀਂ ਇਨ੍ਹਾਂ ਵਰਤਾਰਿਆਂ ਨੂੰ ਕਿਹੜਾ ਪੁੱਠਾ ਗੇੜਾ ਦੇ ਦੇਣ ਵਿਗਿਆਨ ਦੀਆਂ ਇਨ੍ਹਾਂ ਖੋਜਾਂ ਨੂੰ ਹਥਿਆਰ ਵਜੋਂ ਵਰਤਣ ਦੀ ਦੌੜ ਸਪੇਸ ਰੇਸ ਵਾਂਗ ਸ਼ੁਰੂ ਵੀ ਹੋ ਚੁੱਕੀ ਹੈ ਇਸ ਦੇ ਮਾਹਿਰ ਸਪਰਕ ਦਾ ਕਹਿਣਾ ਹੈ ਕਿ ਅੱਗੇ ਤੋਂ ਲੜਾਈ ਓਹੀ ਜਿੱਤੇਗਾ ਜਿਸ ਦਾ ਕੰਪਿਊਟਰ ਜ਼ਿਆਦਾ ਤੇਜ਼ ਹੋਵੇਗਾ ਇਹ ਸੰਚਾਰ ਮਾਧਿਅਮ, ਵਿੱਤੀ ਲੈਣ ਦੇਣ, ਇੱਥੋਂ ਤਕ ਕਿ ਫੌਜੀ ਸੁਰੱਖਿਆ ਲਈ ਵੀ ਉਥਲ ਪੁਥਲ ਮਚਾ ਦੇਵੇਗਾ ਇਨਸਾਨ ਤਕਨਾਲੋਜੀ ਦੇ ਹੱਥਾਂ ਵਿਚ ਕਠਪੁਤਲੀ ਬਣਦਾ ਨਜ਼ਰ ਆ ਰਿਹਾ ਹੈ ਜਿਵੇਂ ਆਪੂੰ ਬੁਣੇ ਤਾਣੇ ਵਿਚ ਮੱਕੜੀ ਜਾਂ ਰੇਸ਼ਮ ਦਾ ਕੀੜਾ

ਇਸ ਲਿਖਤ ਦੇ ਪਹਿਲੇ ਹਿੱਸੇ ਵਿਚ ਦਰਸਾਈ ਹੋਈ ਜ਼ਿੰਦਗੀ ਕਿੰਨੀ ਸੁਖਾਲ਼ੀ, ਸਿੱਧ-ਪੱਧਰੀ, ਸੁਖਾਵੀਂ ਤੇ ਕੁਦਰਤੀ ਹੈ ਪਰ ਮਗਰਲੇ ਹਿੱਸੇ ਵਿਚਲੀ ਵਿਕਾਸ ਦੇ ਸਿਖਰਲੀ ਤਸਵੀਰ ਅੰਤਾਂ ਦੀ ਗੁੰਝਲਦਾਰ ਅਤੇ ਤੌਖਲਿਆਂ ਭਰੀ ਜ਼ਿੰਦਗੀ ਦੀ ਹੈ ਬੱਸ ਉਮੀਦ ਕਰਨੀ ਬਣਦੀ ਹੈ ਕਿ ਮਨੁੱਖ ਸਮੇਂ ਸਿਰ ਵਿਗਿਆਨ ਦੀ ਦੁਰਵਰਤੋਂ ਰੋਕਣ ਲਈ ਖ਼ਬਰਦਾਰ ਹੋ ਕੇ ਤਕੜੇ ਕਾਰਗਰ ਉਪਰਾਲੇ ਕਰੇ ਕਮਰ ਇਕਬਾਲ ਦਾ ਸ਼ਿਅਰ ਇਸ ਸਭ ਕਾਸੇ ਦੀ ਸਹੀ ਤਰਜਮਾਨੀ ਕਰ ਰਿਹਾ ਹੈ --

ਖ਼ੁਦਾ ਕਾ ਸ਼ੁਕਰ ਕਿ ਇਸ ਦੌਰ ਮੇਂ ਕੀਆ ਪੈਦਾ
ਸੁਨਾ ਹੈ ਔਰ ਜ਼ਮਾਨਾ ਖ਼ਰਾਬ ਆਏਗਾ

> ਵੱਡੀਆਂ ਜਮਾਤਾਂ ਪਿੰਡੋਂ ਦੂਰ ਦੇ ਸਕੂਲੇ ਪੜ੍ਹਨੀਆਂ, ਕੋਹਾਂ ਦਾ ਪੈਂਡਾ ਵਿੰਗੇ ਟੇਢੇ ਕੱਚੇ ਰਾਹਾਂ ਵਿਚ ਦੀ ਪੈਦਲ ਜਾਂ ਸਾਈਕਲ ਤੇ ਜਾਣਾ ਰੇਤਲੇ ਰਾਹਾਂ ਚ ਅੱਧ-ਪਚੱਧ ਵਾਟ ਸਾਈਕਲ ਨੂੰ ਗੱਡਿਆਂ ਦੀ ਲੀਹ ਵਿਚ ਦੀ ਘੜੀਸਣਾ ਆ ਕੇ ਘਰ ਜਾਂ ਖੇਤੀ ਦੇ ਕੰਮਾਂ ਵਿਚ ਹੱਥ ਵਟਾਉਣਾ ਸੁੱਕੇ ਅੰਬਰੀਂ ਕੜਕਦੀ ਧੁੱਪੇ ਨਰਮਾ ਗੁੱਡਣਾ, ਰੰਬੇ ਨਾਲ ਖੱਬਲ਼ ਨੂੰ ਤਿੜ-ਤਿੜ ਕਰ ਕੇ ਕੱਢਣਾ, ਝੋਲ਼ੀਆਂ ਬੰਨ੍ਹ ਕੇ ਨਰਮਾ ਚੁਗਣਾ, ਪੰਡਾਂ ਬੰਨ੍ਹ ਕੇ ਢੋਣਾ, ਨਰਮੇ ਦੀ ਪੋਲੀ ਢੇਰੀ ਤੇ ਦਬੂਕੇ ਮਾਰਨੇ ਸਾਡੇ ਹੀ ਹਿੱਸੇ ਆਇਆ ਪੱਠੇ ਵੱਢਣੇ, ਢੋਣੇ, ਕੁਤਰਨੇ ਤੇ ਟੋਕਰੇ ਭਰ ਕੇ ਖੁਰਲੀਆਂ ਚ ਪਾਉਣੇ, ਸੰਨ੍ਹੀਂ ਰਲਾਉਣੀ, ਧਾਰਾਂ ਚੋਣੀਆਂ ਸਾਡੇ ਲਈ ਆਮ ਵਰਤਾਰਾ ਸੀ ਥਕੇਵਾਂ ਪਤਾ ਨਹੀਂ ਸੀ

# ਕਿਵੇਂ ਹੁੰਦੀ ਹੈ ਕਿਸਾਨਾਂ ਦੀ ਮੰਡੀਆਂ ਵਿੱਚ ਲੁੱਟ



ਜਦੋਂ ਅਸੀਂ ਛੋਟੇ ਹੁੰਦੇ ਸੀ, ਉਦੋਂ ਕਾਮਰੇਡ ਪਿੰਡਾਂ ਵਿੱਚ ਲੋਕਾਂ ਨੂੰ ਸਰਮਾਏਦਾਰਾਂ ਦੀ ਲੁੱਟ ਚੋਂਘ ਪ੍ਰਤੀ ਖਬਰਦਾਰ ਕਰਨ ਲਈ ਡਰਾਮੇ ਖੇਡਣ ਆਉਂਦੇ ਹੁੰਦੇ ਸਨ। ਇੱਕ ਡਰਾਮੇ ਵਿੱਚ ਉਹਨਾਂ ਵੱਲੋਂ ਬੋਲਿਆ ਗਿਆ ਗੀਤ ਮੈਨੂੰ ਅੱਜ ਵੀ ਯਾਦ ਹੈ। ਮੰਡੀ ਫਸਲ ਸੁੱਟਣ ਆਏ ਕਿਸਾਨ ਨੂੰ ਵੇਖ ਕੇ ਆੜ੍ਹਤੀ ਆਪਣੇ ਗੁਮਾਸ਼ਤੇ ਨੂੰ ਕਹਿੰਦਾ ਹੈ,

ਆ ਗਿਆ ਉਏ ਸਰਦਾਰ ਆ ਗਿਆ, ਮੇਰੇ ਪਿਉ ਦਾ ਯਾਰ ਆ ਗਿਆ।
ਸਰਦਾਰ ਨੂੰ ਚੁਬਾਰੇ ਵਿੱਚ ਪਾ ਕੇ, ਉੱਪਰ ਪੱਖਾ ਚਲਾ ਕੇ।
ਠੰਡਾ ਪਾਣੀ ਪਿਆ ਕੇ, ਸਰਦਾਰ ਨੂੰ ਸਵਾਂ ਕੇ।
ਲੁੱਟ ਲੈ ਲੁੱਟ ਲੈ ਜਿੰਨਾ ਲੁੱਟਿਆ ਜਾਂਦਾ ਈ।

ਬਿਲਕੁਲ ਇਸੇ ਤਰਾਂ ਅੱਜ ਵੀ ਮੰਡੀਆਂ ਵਿੱਚ ਕਿਸਾਨਾਂ ਦੀ ਰੱਜ ਕੇ ਲੁੱਟ ਹੋ ਰਹੀ ਹੈ। ਕਿਸਾਨ ਕਦੇ ਵੀ ਇਹ ਨਹੀਂ ਕਹਿੰਦੇ ਕਿ ਫਸਲ ਵੇਚਣ ਚੱਲੇ ਹਾਂ, ਬਲਕਿ ਇਹ ਕਹਿੰਦੇ ਹਨ ਕਿ ਝੋਨਾ ਜਾਂ ਕਣਕ ਮੰਡੀ ਸੁੱਟਣ ਚੱਲੇ ਹਾਂ। ਕਣਕ ਤਾਂ ਚਲੋ ਫਿਰ ਵੀ ਜਿਆਦਾਤਰ ਸਰਕਾਰੀ ਰੇਟ 'ਤੇ ਵਿਕ ਜਾਂਦੀ ਹੈ, ਪਰ ਝੋਨੇ ਦਾ ਰੇਟ ਸਿਰਫ ਅਤੇ ਸਿਰਫ ਸ਼ੈਲਰਾਂ ਵਾਲਿਆਂ (ਚਾਵਲ ਮਿੱਲ ਮਾਲਕਾਂ) ਅਤੇ ਆੜ੍ਹਤੀਆਂ ਦੇ ਹੱਥ ਵਿੱਚ ਹੁੰਦਾ ਹੈ। ਅੰਮ੍ਰਿਤਸਰ ਦੀ ਅਨਾਜ ਮੰਡੀ ਦਾ ਤਾਂ ਰੱਬ ਹੀ ਨਿਰਾਲਾ ਹੈ। ਉਥੇ ਦਿਨ ਵਿੱਚ ਦੋ ਵਾਰੀ (ਸਵੇਰੇ ਅਤੇ ਲੌਢੇ ਵੇਲੇ) ਝੋਨਾ ਖਰੀਦਣ ਵਾਲੇ ਦਲਾਲ ਆਉਂਦੇ ਹਨ ਜਿਹਨਾਂ ਨੂੰ ਆਮ ਬੋਲ ਚਾਲ ਦੀ ਭਾਸ਼ਾ ਵਿੱਚ ਬੋਲੀ ਕਿਹਾ ਜਾਂਦਾ ਹੈ। ਇਹ ਲੋਕ ਆੜ੍ਹਤੀ ਅਤੇ ਸ਼ੈਲਰਾਂ ਵਾਲਿਆਂ ਦਰਮਿਆਨ ਏਜੰਟ ਦੀ ਭੂਮਿਕਾ ਨਿਭਾਉਂਦੇ ਹਨ, ਦੋਵਾਂ ਪਾਸਿਆਂ ਤੋਂ ਕਮਿਸ਼ਨ ਲੈਂਦੇ ਹਨ ਜੋ ਅਖੀਰ ਕਿਸਾਨ ਦੇ ਹੱਡਾਂ ਵਿੱਚੋਂ ਹੀ ਨਿਕਲਦਾ ਹੈ। ਦਲਾਲ ਮਨਮਰਜ਼ੀ ਦਾ ਰੇਟ ਲਗਾਉਂਦੇ ਹਨ ਤੇ ਸ਼ਰੇਆਮ ਦੱਸਣ ਦੀ ਬਜਾਏ ਆੜ੍ਹਤੀ ਦੇ ਕੰਨ ਵਿੱਚ ਦੱਸਦੇ ਹਨ। ਆੜ੍ਹਤੀ ਅੱਗੇ ਕਿਸਾਨ ਨੂੰ ਪੰਜ ਦੱਸ ਦੇਵੇਪੰਜਾਹ ਦੱਸ ਦੇਵੇ, ਉਸ ਦੀ ਮਰਜ਼ੀ। ਜਿਸ ਕਿਸਾਨ ਨੇ ਚਾਰ ਮਹੀਨੇ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਝੋਨੇ ਦੀ ਫਸਲ ਤਿਆਰ ਕੀਤੀ ਹੁੰਦੀ ਹੈ, ਉਸ ਨੂੰ ਕੋਈ ਨਹੀਂ ਪੁੱਛਦਾ।

ਮੰਡੀਆਂ ਵਿੱਚ ਇੱਕ ਹੋਰ ਬਹੁਤ ਹੀ ਘਟੀਆ ਵਰਤਾਰਾ ਚੱਲਦਾ ਹੈ। ਬੋਲੀ ਲਗਾਉਣ ਵਾਲੇ ਵਪਾਰੀ ਆਪਸ ਵਿੱਚ ਘਾਲਾ ਮਾਲਾ ਕਰ ਕੇ ਝੋਨੇ ਦਾ ਰੇਟ ਸੁੱਟ ਦੇਂਦੇ ਹਨ। ਇੱਕ ਦਿਨ ਇੱਕ ਸ਼ੈਲਰ ਵਾਲੇ ਦਾ ਘਰ ਭਰ ਦਿੱਤਾ ਜਾਂਦਾ ਹੈ ਤੇ ਅਗਲੇ ਦਿਨ ਦੂਸਰੇ ਦਾ। ਬਹੁਤ ਘੱਟ ਕਿਸਾਨ ਆੜ੍ਹਤੀ ਨਾਲ ਸਵਾਲ ਜਵਾਬਕਰਨ ਦੀ ਹਿੰਮਤ ਕਰਦੇ ਹਨ ਕਿਉਂਕਿ ਉਹਨਾਂ ਨੇ ਫਸਲ ਆਉਣ ਤੋਂ ਪਹਿਲਾਂ ਹੀ ਆੜ੍ਹਤੀਆਂ ਕੋਲੋਂ ਕਰਜ਼ਾ ਚੁੱਕਿਆ ਹੁੰਦਾ ਹੈ। ਕਰਜ਼ਾਈ ਬੰਦੇ ਦੀ ਹਿੰਮਤ ਨਹੀਂ ਹੁੰਦੀ ਕਿ ਉਹ ਸ਼ਾਹ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਗੱਲ ਕਰ ਸਕੇ। ਆੜ੍ਹਤੀਆਂ ਦਾ ਵਿਆਜ਼ ਚੱਕਰਵਰਤੀ ਹੁੰਦਾ ਹੈ ਤੇ ਕਈ ਵਾਰ ਚਾਰ ਪੰਜ ਪਰਸੈਂਟ ਤੋਂ ਵੀ ਵਧ ਜਾਂਦਾ ਹੈ। ਹਰੇਕ ਮੰਡੀ ਦੇ ਬਾਹਰ ਸਰਕਾਰ ਵੱਲੋਂ ਵੱਡੇ ਵੱਡੇ ਬੋਰਡ ਲਗਾਏ ਹੋਏ ਹਨ ਕਿ ਕਿਸਾਨ ਨੇ ਆੜ੍ਹਤੀ ਨੂੰ ਫਲਾਣੇ ਫਲਾਣੇ ਤੇ ਐਨੇ ਖਰਚੇ ਦੇਣੇ ਹਨ। ਪਰ ਮੈਨੂੰ ਨਹੀਂ ਲੱਗਦਾ ਹੈ ਕਿ 20% ਕਿਸਾਨਾਂ ਨੇ ਵੀ ਕਦੇ ਉਸ ਬੋਰਡ ਵੱਲ ਧਿਆਨ ਦਿੱਤਾ ਹੋਵੇ। ਰੇਟ ਲੱਗਣ ਤੋਂ ਬਾਅਦ ਸਫਾਈ, ਭਰਾਈ ਅਤੇ ਤੁਲਾਈ ਸਮੇਂ ਵੀ ਕਿਸਾਨਾਂ ਦੀ ਲੁੱਟ ਜਾਰੀ ਰਹਿੰਦੀ ਹੈ।ਜਿਆਦਾਤਰ ਕਿਸਾਨ ਪਾਸੇ ਬੈਠ ਕੇ ਗੱਪਾਂ ਮਾਰੀ ਜਾਂਦੇ ਹਨ ਜਾਂ ਤਾਸ਼ ਕੁੱਟੀ ਜਾਂਦੇ ਹਨ ਤੇ ਪੱਲੇਦਾਰ ਆਪਣੀ ਗੇਮ ਖੇਡੀ ਜਾਂਦੀ ਹਨ (ਆੜ੍ਹਤੀ ਦੀ ਸਹਿਮਤੀ ਨਾਲ)। ਕਈ ਕਿਸਾਨ ਤਾਂ ਐਨੇ ਸਿਆਣੇ ਹਨ ਕਿ ਮੰਡੀ ਜਾਣ ਲੱਗਿਆਂ ਘਰ ਤੋਂ ਹੀ ਰੂੜੀ ਮਾਰਕਾ ਦੀ ਬੋਤਲ ਲੈ ਕੇ ਤੁਰਦੇ ਹਨ ਜਾਂ ਜਾਂਦਿਆਂ ਸਾਰ ਠੇਕੇ ਤੋਂ ਲੈ ਆਉਂਦੇ ਹਨ। ਤੁਲਾਈ ਸ਼ੁਰੂ ਹੋਣ ਤੱਕ ਉਹ ਰੰਗ ਬਿਰੰਗੇ ਹੋ ਚੁੱਕੇ ਹੁੰਦੇ ਹਨ। ਆੜ੍ਹਤੀ ਦਾ ਮੁੰਸ਼ੀ ਜਿਹੜੀ ਪਰਚੀ ਫੜਾ ਦੇਵੇ, ਫੜ੍ਹ ਕੇ ਆਠੇ ਵਾਹੁੰਦੇ ਹੋਏ ਪਿੰਡ ਵੱਲ ਚੱਲ ਪੈਂਦੇ ਹਨ। ਬਹੁਤ ਘੱਟ ਕਿਸਾਨ ਬੋਰੀ ਦਾ ਤੋਲ ਚੈੱਕ ਕਰਦੇ ਹਨ। ਜੇ ਕਿਤੇ ਕਿਸਾਨ ਵੱਧ ਕੀਤੀ ਹੋਈ ਤੁਲਾਈ ਫੜ੍ਹ ਵੀ ਲਵੇ ਤਾਂ ਆੜ੍ਹਤੀ ਸਾਰਾ ਭਾਂਡਾ ਪੱਲੇਦਾਰ ਦੇ ਸਿਰ 'ਤੇ ਭੰਨ ਦੇਂਦਾ ਹੈ,ਅਸਲ ਵਿੱਚ ਦੋਵੇਂ ਰਲੇ ਹੋਏ ਹੁੰਦੇ ਹਨ। ਕਰਜ਼ੇ ਥੱਲੇ ਦੱਬੇ ਹੋਏ ਜਿਆਦਾਤਰ ਕਿਸਾਨ ਆੜ੍ਹਤੀ ਨਾਲ ਹਿਸਾਬ ਕਰਨ ਦੀ ਜੁੱਰਅਤ ਨਹੀਂ ਕਰਦੇ ਕਿ ਕਿਤੇ ਇਹ ਸਾਰੇ ਪੈਸੇ ਐਡਵਾਂਸ ਵਿੱਚ ਹੀ ਨਾ ਕੱਟ ਲਵੇ। ਜੋ ਆੜ੍ਹਤੀ ਨੇ ਕਹਿ ਦਿੱਤਾ, ਸੋ ਸੱਤ ਬਚਨ।

1989 - 90 ਦੀ ਗੱਲ ਹੈ ਮੈਂ ਝੋਨੇ ਦੀ ਟਰਾਲੀ ਲੈ ਕੇ ਭਗਤਾਂ ਵਾਲਾ ਦਾਣਾ ਮੰਡੀ ਅੰਮ੍ਰਿਤਸਰ ਗਿਆ ਸੀ। ਪਹਿਲਾਂ ਮੈਂ ਆੜ੍ਹਤੀ ਨਾਲ ਇਸ ਗੱਲ ਤੋਂ ਪੰਗਾ ਪਾ ਲਿਆ ਕਿ ਦਲਾਲ ਤੇਰੇ ਕੰਨ ਵਿੱਚ ਕਿਉਂ ਰੇਟ ਦੱਸਦੇ ਹਨ? ਸ਼ਰੇਆਮ ਦੱਸਣ, ਮੇਰੀ ਮਰਜ਼ੀ ਮੈਂ ਵੇਚਾਂ ਜਾਂ ਨਾ ਵੇਚਾਂ। ਮੇਰੀ ਦਲਾਲਾਂ ਨਾਲ ਤੂੰ ਤੂੰ ਮੈਂ ਮੈਂ ਹੋ ਗਈ। ਮੈਂ ਸੋਚਿਆ ਕਿ ਸ਼ਾਇਦ ਬਾਕੀ ਦੇ ਕਿਸਾਨ ਮੇਰੀ ਹਮਾਇਤ ਵਿੱਚ ਅੱਗੇ ਆਉਣਗੇ। ਪਰ ਉਹ ਤਾਂ ਉਲਟਾ ਮੇਰੇ ਨਾਲ ਹੀ ਔਖੇ ਹੋ ਗਏ ਕਿ ਤੂੰ ਤਾਂ ਲੱਗਦਾ ਅੱਜ ਝੋਨਾ ਹੀ ਨਹੀਂ ਵਿਕਣ ਦੇਣਾ। ਉਸ ਤੋਂ ਬਾਅਦ ਝੋਨੇ ਦੀ ਸਫਾਈ ਸ਼ੁਰੂ ਹੋ ਗਈ। ਥੋੜ੍ਹੀ ਦੇਰ ਬਾਅਦ ਇੱਕ ਮੰਗਤਾ ਆ ਗਿਆ ਤਾਂ ਇੱਕ ਪੱਲੇਦਾਰ ਨੇ ਮੈਨੂੰ ਪੁੱਛੇ ਬਗੈਰ ਝੋਨੇ ਦਾ ਅੱਧਾ ਪੀਪਾ ਉਸ ਦੀ ਝੋਲੀ ਵਿੱਚ ਪਾ ਦਿੱਤਾ। ਮੰਗਤਾ ਉਸ ਨੂੰ ਅਸੀਸਾਂ ਦੇਂਦਾ ਹੋਇਆ ਆਪਣੇ ਰਾਹ ਪੈ ਗਿਆ। ਇਸ ਤੋਂ ਬਾਅਦ ਪੱਲੇਦਾਰਾਂ ਨੂੰ ਪਾਣੀ ਪਿਆਉਣ ਵਾਲੀ ਇੱਕ ਔਰਤ ਆ ਗਈ। ਸਾਰੇ ਪੱਲੇਦਾਰਾਂ ਨੇ ਪਾਣੀ ਪੀਤਾ ਤੇ ਫਿਰ ਇੱਕ ਪੀਪਾ ਝੋਨੇ ਦਾ ਉਸ ਨੂੰ ਵੀ ਦੇ ਦਿੱਤਾ। ਡੇਢ ਦੋ ਘੰਟਿਆਂ ਵਿੱਚ ਝੋਨੇ ਦੇ ਚਾਰ ਪੰਜ ਪੀਪੇ ਉਹਨਾਂ ਦਾਨੀ ਸੱਜਣਾ ਨੇ ਦਾਨ ਕਰ ਕੇ ਆਪਣਾ ਅੱਗਾ ਸਵਾਰ ਲਿਆ। ਮੇਰੇ ਕੋਲੋਂ ਰਿਹਾ ਨਾ ਗਿਆ ਤੇ ਮੈਂ ਆਪਣੇ ਆੜ੍ਹਤੀ ਦੀ ਆੜ੍ਹਤ 'ਤੇ ਕਿਸੇ ਹੋਰ ਕਿਸਾਨ ਦੀ ਤੁਲੀ ਹੋਈ ਬੋਰੀ ਧੂਹ ਕੇ ਆਪਣੇ ਝੋਨੇ ਵੱਲ ਕਰ ਲਈ। ਪੱਲੇਦਾਰਾਂ ਦਾ ਚੌਧਰੀ ਭੱਜ ਕੇ ਮੇਰੇ ਵੱਲ ਆਇਆ ਤੇ ਪੁੱਛਣ ਲੱਗਾ ਕਿ ਇਹ ਕੀ ਕਰ ਰਿਹਾਂ ਹੈਂ। ਮੈਂ ਉਸ ਨੂੰ ਜਵਾਬ ਦਿੱਤਾ ਕਿ ਤੂੰ ਮੇਰੇ ਤੋਂ ਬਿਨਾਂ ਪੁੱਛੇ ਜਿੰਨਾਂ ਝੋਨਾ ਲੁਟਾਵੇਂਗਾ, ਮੈਂ ਉਨੀਆਂ ਹੀ ਬੋਰੀਆਂ ਇਧਰੋਂ ਪੂਰੀਆਂ ਕਰੀ ਜਾਣੀਆਂ ਹਨ। ਚੌਧਰੀ ਛਿੱਥਾ ਜਿਹਾ ਪੈ ਗਿਆ ਤੇ ਅਗਾਂਹ ਤੋਂ ਉਸ ਨੇ ਮੇਰੇ ਝੋਨੇ ਵੱਲ ਨਾ ਵੇਖਿਆ। ਮੈਂ ਤਾਂ ਝੋਨੇ ਦੀ ਸਫਾਈ ਤੋਂ ਬਾਅਦ ਨਿਕਲਿਆ ਫੂਸਵੀ ਲੈ ਆਉਂਦਾ ਹੁੰਦਾ ਸੀ। ਉਸ ਵਿੱਚ ਪੱਲੇਦਾਰ ਇੱਕ ਟਰਾਲੀ ਪਿੱਛੇ ਦਸ ਪੰਦਰਾਂ ਕਿੱਲੋ ਅਨਾਜ ਤਾਂ ਛੱਡ ਹੀ ਦੇਂਦੇ ਹਨ।ਪਰ ਵੇਖਿਆ ਜਾਵੇ ਤਾਂ ਜਿਆਦਾਤਰ ਕਿਸਾਨ ਇਸ ਲੁੱਟ ਦੇ ਖੁਦ ਜ਼ਿੰਮੇਵਾਰ ਹਨ।ਅਸੀਂ ਬਿਨਾਂ ਵਜ੍ਹਾ ਆਪਣੀਆਂ ਜ਼ਰੂਰਤਾਂ ਵਧਾਈਆਂ ਹੋਈਆਂ ਹਨ। ਵਿਆਹਾਂ ਅਤੇ ਮਰਨਿਆਂ ਪਰਨਿਆਂ 'ਤੇ ਰੱਜ ਕੇ ਫਜ਼ੂਲਖਰਚੀ ਕਰਦੇ ਹਾਂ। ਪੰਜ ਪਰਸੈਂਟ ਵੀ ਕਿਸਾਨ ਹੱਥੀਂ ਕੰਮ ਕਰ ਕੇ ਰਾਜ਼ੀ ਨਹੀਂ। ਜਿਹੜਾ ਕਿਸਾਨ ਚਾਦਰ ਵੇਖ ਕੇ ਪੈਰ ਪਸਾਰਦਾ ਹੈ ਤੇ ਬਿਨਾਂ ਵਜ੍ਹਾ ਕਰਜ਼ਾ ਨਹੀਂ ਚੁੱਕਦਾ, ਆੜ੍ਹਤੀ ਉਸ ਨਾਲ ਤਿੰਨ ਪੰਜ ਕਰਨ ਦੀ ਹਿੰਮਤ ਨਹੀਂ ਕਰਦਾ। ਅਨੇਕਾਂ ਅਜਿਹੇ ਸਿਆਣੇ ਕਿਸਾਨ ਹਨ ਜੋ ਆੜ੍ਹਤੀ ਤੋਂ ਕਰਜ਼ਾ ਲੈਣ ਦੀ ਬਜਾਏ, ਉਸ ਕੋਲ ਪੈਸੇ ਰੱਖ ਕੇ ਵਿਆਜ਼ ਲੈਂਦੇ ਹਨ।

ਬਲਰਾਜ ਸਿੰਘ ਸਿੱਧੂ ਕਮਾਂਡੈਂਟ
9501100062



## ਪਾਕਿਸਤਾਨ ਦੇ ਕਰਾਚੀ 'ਚ ਭਗਦੜ, 12 ਲੋਕਾਂ ਦੀ ਮੌਤ: ਗਰੀਬਾਂ ਨੂੰ ਮੁਫਤ ਰਾਸ਼ਨ ਵੰਡਦੇ ਸਮੇਂ ਹੋਇਆ ਹਾਦਸਾ

ਕਰਾਚੀ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੇ ਕਰਾਚੀ ਸ਼ਹਿਰ 'ਚ ਬੀਤੇ ਦਿਨੀ ਮਚੀ ਭਗਦੜ 'ਚ 12 ਲੋਕਾਂ ਦੀ ਮੌਤ ਹੋ ਗਈ। ਇਹ ਘਟਨਾ ਇੱਕ ਫੈਕਟਰੀ ਦੇ ਅਹਾਤੇ ਵਿੱਚ ਵਾਪਰੀ। ਇੱਥੇ ਰਮਜ਼ਾਨ ਦੌਰਾਨ ਗਰੀਬਾਂ ਨੂੰ ਖਾਣ-ਪੀਣ ਦੀਆਂ ਚੀਜ਼ਾਂ ਅਤੇ ਹੋਰ ਚੀਜ਼ਾਂ ਵੰਡੀਆਂ ਜਾ ਰਹੀਆਂ ਸਨ। ਮਰਨ ਵਾਲਿਆਂ ਵਿੱਚ 8 ਔਰਤਾਂ ਅਤੇ 3 ਬੱਚੇ ਸ਼ਾਮਲ ਹਨ। ਮੀਡੀਆ ਰਿਪੋਰਟਾਂ ਮੁਤਾਬਕ ਮੌਕੇ 'ਤੇ ਪੁਲਸ ਵੀ ਮੌਜੂਦ ਸੀ ਪਰ ਭਗਦੜ ਮੱਚਦੇ ਹੀ ਉਹ ਫਰਾਰ ਹੋ ਗਈ। ਜਾਣਕਾਰੀ ਮੁਤਾਬਕ ਚਸ਼ਮਦੀਦਾਂ ਨੇ ਦੱਸਿਆ ਹੈ ਕਿ ਮੁਫਤ ਰਾਸ਼ਨ ਲੈਣ ਲਈ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋਏ ਸਨ। ਵੰਡਣ ਲਈ ਬਹੁਤ ਘੱਟ ਸੀ ਅਤੇ ਭੀੜ ਬਹੁਤ ਜ਼ਿਆਦਾ ਸੀ। ਇਸ ਲਈ ਲੋਕ ਜਲਦੀ ਤੋਂ ਜਲਦੀ ਸਾਮਾਨ ਪ੍ਰਾਪਤ ਕਰਨਾ ਚਾਹੁੰਦੇ ਸਨ। ਇਸ ਸੰਘਰਸ਼ ਦੌਰਾਨ ਭਗਦੜ ਮੱਚ ਗਈ। ਝਗੜੇ ਦੌਰਾਨ ਬਿਜਲੀ ਦੀ ਤਾਰ ਟੁੱਟ ਕੇ ਲੋਕਾਂ 'ਤੇ ਡਿੱਗ ਗਈ। ਬਿਜਲੀ ਦਾ ਕਰੰਟ ਲੱਗਣ ਨਾਲ ਕੁੱਝ ਲੋਕਾਂ ਦੀ ਮੌਤ ਹੋ ਗਈ। ਕਰਾਚੀ ਦੇ ਅੱਬਾਸੀ ਹਸਪਤਾਲ ਵਿੱਚ 29 ਜ਼ਖਮੀਆਂ ਨੂੰ ਗੰਭੀਰ ਹਾਲਤ ਵਿੱਚ ਦਾਖਲ ਕਰਵਾਇਆ ਗਿਆ ਹੈ ਜਿਸ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧਣ ਦਾ ਖਦਸ਼ਾ ਹੈ।






# ਪੰਜਾਬ ਬਿਹਾਰ ਜਾਪੇਗਾ ਤੇ ਸਾਡੇ ਪੱਲੇ ਸਿਆਸਤਦਾਨਾਂ ਦੀ ਬਖਸ਼ੀ ਫਿਕਾਪ੍ਰਸਤੀ ਦੀ ਭੁੱਬਲ ਹੀ ਬਚੇਗੀ



ਆਰਥਿਕ ਸਮਰੱਥਾ ਅਕਸਰ ਹੀ ਸਾਨੂੰ ਜ਼ਮੀਨੀ ਹਕੀਕਤ ਤੋਂ ਦੂਰ ਕਰ ਦਿੰਦੀ ਹੈ। ਜਿਵੇਂ ਪੰਜਾਬ ਦੇ ਵੱਡੇ ਗਾਇਕ ਤੇ ਗੀਤਕਾਰ ਪੰਜਾਬ ਦੇ ਜੱਟ ਦੀ ਛਵੀ ਆਪਣੇ ਗੀਤਾਂ ਤੇ ਫਿਲਮਾਂ ਵਿੱਚ ਦਿਖਾਉਂਦੇ ਹਨ। ਅਸਲ ਵਿੱਚ ਜੱਟ ਦੀ ਹਕੀਕਤ ਉਸ ਤੋਂ ਕੋਹਾਂ ਦੂਰ ਐ। ਜੇਕਰ ਮੈਂ ਵੀ ਕਿਸੇ ਸ਼ਾਹਾਂ ਦੇ ਘਰ ਜਨਮਿਆ ਹੁੰਦਾ ਤਾਂ ਮੇਰਾ ਧਰਤੀ ਦੀ ਸਤਹ ਤੋਂ ਉੱਪਰ ਉੱਠ ਜਾਣਾ ਸੁਭਾਵਿਕ ਸੀ।

ਕਿਰਤੀ ਹੋਣ ਦੀ ਵਜਾਹ ਕਰਕੇ ਮੈਂ ਰੇਲ ਦੇ ਤੀਸਰੇ ਦਰਜੇ ਦਰਜੇ ਦੇ ਡੱਬੇ ਵਿੱਚ ਵੀ ਸਫਰ ਕਰਦਾ ਹਾਂ। ਤੀਹ ਰੁਪਏ ਥਾਲੀ ਵਾਲੇ ਢਾਬੇ ਤੇ ਵੀ ਰੋਟੀ ਖਾਂਦਾ ਹਾਂ। ਰੋਡਵੇਜ ਦੀਆਂ ਲਾਰੀਆਂ ਵਿੱਚ ਵੀ ਸਫਰ ਕਰਦਾ ਹਾਂ, ਮਜ਼ਦੂਰ ਤੋਂ ਲੈਕੇ ਗਜ਼ਟਿਡ ਅਫ਼ਸਰਾਂ ਨਾਲ ਵੀ ਵਾਹ ਪੈਂਦਾ ਹੈ। ਇਸੇ ਲਈ ਮੈਂ ਜ਼ਮੀਨੀ ਹਕੀਕਤ ਦੀ ਗੱਲ ਕਰ ਸਕਦਾ ਹਾਂ। ਕਦੇ ਕਦੇ ਜਦੋਂ ਸਵੇਰੇ ਜਲਦੀ ਅੱਖ ਖੁਲ੍ਹ ਜਾਵੇ ਤਾਂ ਆਪਣੇ ਬੇਟੇ ਦੀ ਦੁਕਾਨ ਤੇ ਸਫ਼ਾਈ ਕਰਨ ਆ ਜਾਂਦਾ ਹਾਂ। ਸੈਰ ਕਰਨ ਨਹੀਂ ਜਾਂਦਾ ਨਾ ਹੀ ਸਵੇਰੇ ਕਦੀ ਸਾਈਕਲਿੰਗ ਕੀਤੀ ਐ ਤੇ ਨਾ ਹੀ ਅੱਜ ਤੱਕ ਕਦੇ ਜਿੰਮ ਜਾਣ ਦਾ ਸੁਭਾਗ ਪ੍ਰਾਪਤ ਹੋਇਆ ਐ। ਕਿਉਂਕਿ ਮੈਂ ਜਾਣਦਾ ਹਾਂ ਕਿ ਹੱਥਾਂ ਤੇ ਪਏ ਅੱਟਣ ਕਦੇ ਸੈਰ ਕਰਨ ਨਾਲ, ਜਿੰਮ ਜਾਣ ਨਾਲ ਜਾਂ ਸਵੇਰੇ ਸਾਈਕਲਿੰਗ ਕਰਨ ਨਾਲ ਠੀਕ ਨਹੀਂ ਹੁੰਦੇ।

ਇੱਕ ਦਿਨ ਮੈਂ ਸਵੇਰੇ ਛੇ ਕੁ ਵਜੇ ਮੈਂ ਦੁਕਾਨ ਦੇ ਫ਼ਰਸ਼ ਤੇ ਪੋਚਾ ਲਾ ਰਿਹਾ ਸੀ ਤਾਂ ਮੇਰਾ ਇੱਕ ਧਨਾਡ ਜਾਣੂੰ ਜੋ ਸਾਇਕਲਿੰਗ ਕਰ ਕੇ ਵਾਪਸ ਘਰ ਆ ਰਿਹਾ ਸੀ ਉਸਨੇ ਮੈਨੂੰ ਪੋਚਾ ਲਾਉਂਦੇ ਨੂੰ ਦੇਖ ਸਾਇਕਲ ਮੋੜ ਲਿਆ ਤੇ ਬੜੇ ਹੈਰਾਨੀ ਭਰੇ ਲਹਿਜੇ ਵਿੱਚ ਸੁਆਲੀਆ ਚਿੰਨ੍ਹ ਵਰਗਾ ਸੁਆਲ ਕੀਤਾ।

**"ਬਾਂਸਲ ਸਾਹਿਬ ਆਹ ਕੀ ਕਰੀ ਜਾਂਦੇ ਹੋ"**

ਉਸਦਾ "ਸਾਹਿਬ" ਨਾਲ ਸੰਬੋਧਨ ਹੋਣਾ ਤੇ ਬਹੁਤ ਹੈਰਾਨੀ ਭਰੇ ਲਹਿਜੇ ਵਿੱਚ ਪੁੱਛਣਾ ਮੇਰੇ ਲਈ ਵੀ ਇਕ ਸੁਆਲ ਸੀ। ਮੈਂ ਉੱਤਰ ਦਿੱਤਾ "ਬਾਬੂ ਜੀ ਸਫਾਈ ਕਰ ਰਿਹਾ ਹਾਂ"

ਉਸਨੇ ਅਗਲਾ ਸੁਆਲ ਦਾਗਿਆ "ਆਪ ਹੀ"

ਸ਼ਾਇਦ ਉਸਦੀ ਨਜ਼ਰੇ ਮੈਂ ਕੋਈ ਬਹੁਤ ਵੱਡਾ ਬੰਦਾ ਹਾਂ ਤੇ ਬਹੁਤ ਘਟੀਆ ਕੰਮ ਕਰ ਰਿਹਾ ਹਾਂ। ਪਰ ਮੇਰੀ ਜਾਚੇ ਨਾ ਤੇ ਮੈਂ ਕੋਈ ਵੱਡਾ ਬੰਦਾ ਹਾਂ ਅਤੇ ਨਾ ਹੀ ਕੋਈ ਘਟੀਆ ਕੰਮ ਕਰ ਰਿਹਾ ਹਾਂ। ਕਿਉਂਕਿ ਬੇਸ਼ੱਕ ਮੈਂ ਆਰਥਿਕ ਸਮਰੱਥ ਨਹੀਂ ਪਰ ਮੈਨੂੰ ਦੁਨੀਆਂ ਘੁੰਮ ਕੇ ਦੇਖਣ ਦੇ ਅਨੇਕਾਂ ਮੌਕੇ ਮਿਲੇ ਜੋ ਮੇਰੀ ਲਈ ਇੱਕ ਖੁੱਲ੍ਹੀ ਪਾਠਸ਼ਾਲਾ ਸੀ।

ਮੇਰਾ ਇਹ ਗੱਲ ਲਿਖਣ ਦਾ ਮਕਸਦ ਐਨਾ ਕੁ ਐ ਕਿ ਜੇਕਰ ਅਸੀਂ ਸੁਹਿਰਦਤਾ ਨਾਲ ਆਪਣੇ ਬੌਧਿਕ ਪੱਧਰ ਦਾ ਇਸਤੇਮਾਲ ਨਾ ਕਰਾਂਗੇ ਤਾਂ ਇਹ ਪੰਜਾਬ ਜਿਸ ਤੇ ਹਰ ਪੰਜਾਬੀ ਮਾਣ ਕਰਦਾ ਹੈ। ਕੱਲ੍ਹ ਦਾ ਬਿਹਾਰ ਹੋਵੇਗਾ। ਕਿਉਂਕਿ ਅਸੀਂ ਇੱਥੇ ਕੰਮ ਕਰਕੇ ਖੁਸ਼ ਨਹੀਂ। ਵਿਦੇਸ਼ ਜਾਕੇ ਜੋ ਮਰਜੀ ਕਰਨਾ ਪਵੇ। ਜੋ ਕੰਮ ਸਾਨੂੰ ਸਾਡੀ ਧਰਤੀ ਤੇ ਰਹਿ ਕੇ ਕਰਨਾ ਚਾਹੀਦਾ ਹੈ, ਉਹ ਬਿਹਾਰ ਦੇ ਪ੍ਰਵਾਸੀ ਮਜ਼ਦੂਰ ਪੰਜਾਬ ਵਿੱਚ ਆਕੇ ਕਰ ਰਹੇ ਹਨ। ਜਿਸ ਤਰ੍ਹਾਂ ਸਰੀ ਪੰਜਾਬ ਦਾ ਜਲੰਧਰ ਜਾਪਦੈ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਬਿਹਾਰ ਜਾਪੇਗਾ ਤੇ ਸਾਡੇ ਪੱਲੇ ਸਿਆਸਤਦਾਨਾਂ ਦੀ ਬਖਸ਼ੀ ਫਿਕਾਪ੍ਰਸਤੀ ਦੀ ਭੁੱਬਲ ਹੀ ਬਚੇਗੀ

# 'ਟਾਹਲੀ' ਵਾਲਿਆ ਵੇ, ਤੇਰੇ ਜਿਹਾ ਕੋਈ ਹੋਰ ਨਾ --

ਤਵਿਆਂ ਦੇ ਯੁੱਗ ਵਿੱਚ ਮਾਣਕ ਦੇ ਸਭ ਤੋਂ ਵੱਧ ਤਵੇ ਆਏ ਤੇ ਸਾਰੇ ਦੇ ਸਾਰੇ ਸੁਪਰ ਹਿੱਟ, ਜਦੋਂ ਕੈਸਿਟ ਕਲਚਰ ਦੀ ਸ਼ੁਰੂਆਤ ਹੋਈ ਤਾਂ ਪੁਰਾਣੇ ਗਾਇਕਾਂ ਵਿੱਚੋਂ ਸਭ ਤੋਂ ਵੱਧ ਕੈਸਿਟਾਂ ਰਿਕਾਰਡਰ ਕਰਾਉਣ ਵਾਲਾ ਕੁਲਦੀਪ ਮਾਣਕ ਹੀ ਸੀ, ਕਿਉਂਕਿ ਕੈਸਿਟ ਮਾਣਕ ਦੇ ਨਾਮ ਤੇ ਹੀ ਵਿੱਕ ਜਾਂਦੀ ਸੀ।

ਇਹਨਾਂ ਕੈਸਿਟਾਂ ਵਿੱਚ ਕੁੱਝ ਕੈਸਿਟਾਂ ਐਸੀਆਂ ਵੀ ਹਨ ਜਿਨ੍ਹਾਂ ਨੂੰ ਮਾਣਕ ਦੀਆਂ ਯਾਦਗਾਰੀ ਐਲਬਮਾਂ ਕਿਹਾ ਜਾ ਸਕਦਾ ਹੈ। ਮਾਣਕ ਦੀਆਂ ਇਹਨਾਂ ਯਾਦਗਾਰੀ ਐਲਬਮਾਂ ਚੋ ਇੱਕ ਐਲਬਮ ਹੈ।

**"ਦਿਲ ਨਹੀਂਓ ਲੱਗਦਾ"**

ਜਿਸਦੇ ਗੀਤਕਾਰ –ਹਰਬਖ਼ਸ਼ ਸਿੰਘ ਟਾਹਲੀ, ਅਤੇ ਸੰਗੀਤਕਾਰ – ਪੰਡਿਤ ਸੋਮਨਾਥ ਸ਼ਰਮਾਂ ਜੀ ਸਨ। ਇਸ ਐਲਬਮ ਨੇ ਮਾਣਕ ਦੀ ਗਾਇਕੀ ਦਾ ਇੱਕ ਨਵਾਂ ਮੁਹਾਂਦਰਾ ਪੇਸ਼ ਕੀਤਾ ਸੀ ਤੇ ਇਸ ਵਿਚਲੇ ਗੀਤ ਮਾਣਕ ਪ੍ਰੇਮੀਆਂ ਦੇ ਮਨ ਵਿੱਚ ਅੱਜ ਵੀ ਵਸੇ ਹੋਏ ਹਨ।

'ਟਾਹਲੀ' ਵਾਲਿਆ ਵੇ
ਤੇਰੇ ਜਿਹਾ ਕੋਈ ਹੋਰ ਨਾ
ਸੋਹਣਿਆਂ ਦੇ ਅੱਗੇ
ਬਹੁਤਾ ਚੱਲੇ ਜੋਰ ਨਾ
ਤੇਰੇ ਪੈਰਾਂ ਵਿੱਚ ਡਿੱਗੇ,
ਸਾਨੂੰ ਚੁੱਕ ਸੀਨੇ ਲਾ ਲੈ
ਸਾਡੇ ਨੈਣਾਂ ਸੰਗ
ਨੈਣਾਂ ਨੂੰ ਲੜੌਣ ਵਾਲਿਆ
ਵੇ ਤੇਰਾ ਭਲਾ ਹੋਵੇ,
ਭਲਾ ਹੋਵੇ, ਜ਼ਿੰਦਗੀ ਤਪੌਣ ਵਾਲਿਆ
----------
'ਟਾਹਲੀ ਵਾਲਾ' ਮੇਰੀ
ਰਗ ਰਗ ਵਿੱਚ ਹੈ
ਸਮੋਇਆ ਅੰਮੀਏ।
ਉਹਨੂੰ ਤੱਕੇ ਬਿਨਾਂ
ਚੈਨ ਨਹੀਂਓ ਆਉਂਦਾ,
ਇਹ ਕੀ ਹੋਇਆ ਅੰਮੀਏ
ਜਿਹੜੇ ਰਾਹੇ
ਉਹਦਾ ਪਿੰਡ ਨਾ ਆਵੇ,
ਨਹੀਂਓ ਉਸ ਰਾਹੇ ਪੈਣਾ ਨੀ ਮਾਏ
ਸਾਨੂੰ ਯਾਰ ਸਾਡੇ ਨਾਲ ਤੋਰ ਦੇ,
ਨਹੀਂਓ ਹੋਰ ਕੁੱਝ ਲੈਣਾ ਨੀ ਮਾਏ
ਸਾਨੂੰ ਗਹਿਣਿਆਂ ਦੀ ਲੋੜ ਕੋਈ ਨਾ
ਸਾਡਾ ਯਾਰ ਸਾਡਾ ਗਹਿਣਾ ਨੀ ਮਾਏ
------------------
'ਟਾਹਲੀ 'ਪਿੰਡ ਦੇ ਲੋਕ ਇਹ ਸਾਰੇ,
ਭਾਵੇਂ ਲਗਦੇ ਬਹੁਤ ਪਿਆਰੇ
ਤੇਰੀ ਦੀਦ ਨੂੰ ਐਪਰ ਸੱਜਣਾ,
ਤਰਸਣ ਸਾਡੇ ਨੈਣ ਕੁਆਰੇ
ਮਾਰ ਉਡਾਰੀ ਆਜਾ ਵੇ,
ਲੰਮਾਂ ਪੰਧ ਮੁਕਾ
ਦਿਲ ਨਹੀਂਓ ਲਗਦਾ,
ਸੱਜਣਾ ਵੇ ਵਤਨੀਂ ਫੇਰਾ ਤੇ ਪਾ
----------------------



ਕੁਲਦੀਪ ਮਾਣਕ ਤੋਂ ਬਿਨਾਂ ਹੰਸ ਰਾਜ ਹੰਸ ਦੀ ਆਵਾਜ਼ ਵਿੱਚ
ਕੇਸਰੀ ਵੇ ਪੱਗ ਵਾਲਿਆ
ਲੈ ਜਾ ਸਾਥੋਂ ਵੀ ਵਧਾਈਆਂ,
ਵੇ ਤੂੰ ਆਣ ਕੇ
ਰੱਬ ਤੈਨੂੰ ਮਾਫ ਕਰੇ,
ਵੇ ਤੂੰ ਦਿੱਤੀਆਂ ਜੁਦਾਈਆਂ
ਸਾਨੂੰ ਜਾਣ ਕੇ
------------------------
ਚੰਨਾਂ ਤੇਰੇ ਤਾਰੇ ਕੋਲ ਹੋਣਗੇ,
ਅਸੀਂ ਤਾਂ ਇਕੱਲੇ ਬਹਿ ਕੇ ਰੋਈਏ
ਹੋਰ ਵੀ ਸਹਾਰੇ ਕੋਲ ਹੋਣਗੇ
ਅਸੀਂ ਤਾਂ ਇਕੱਲੇ ਬਹਿ ਕੇ ਰੋਈਏ
----------------------

ਕੁਲਦੀਪ ਮਾਣਕ, ਹੰਸ ਰਾਜ ਹੰਸ, ਸਾਬਰਕੋਟੀ, ਸੁਖਵਿੰਦਰ, ਸੁਖਵਿੰਦਰ ਪੰਛੀ ਸਮੇਤ ਪੰਜਾਬ ਦੇ ਚੋਟੀ ਦੇ ਗਾਇਕਾਂ ਨੇ ਹਰਬਖ਼ਸ਼ ਦੇ ਗੀਤ ਗਾਏ ਹਨ। ਹਰਬਖ਼ਸ਼ ਟਾਹਲੀ ਆਪਣੀ ਕਿਸਮ ਦਾ ਸ਼ਾਇਰ ਐ ਉਸਦੀ ਤੁਲਣਾ ਕਿਸੇ ਵੀ ਹੋਰ ਸ਼ਾਇਰ ਨਾਲ ਨਹੀਂ ਕੀਤੀ ਜਾ ਸਕਦੀ। ਪਹਿਲਾਂ ਤੇ ਉਹ ਜਲੰਧਰ ਰਹਿੰਦਾ ਸੀ ਪਰ ਹੁਣ ਉਹਨੇ ਆਪਣਾ ਟਿਕਾਣਾ ਬਦਲ ਕੇ ਦੁਨੀਆਂ ਦਾ ਮਹਾਨਾਗਰ ਨਿਊਯਾਰਕ (ਅਮਰੀਕਾ) ਬਣਾ ਲਿਐ।

ਹਰਬਖ਼ਸ਼ ਟਾਹਲੀ ਨਾਲ ਅਗਸਤ 2008 ਚ ਮੇਰੀ ਮੁਲਾਕਾਤ ਨਿਊਯਾਰਕ ਦੇ ਰਿਚਮੰਡ ਹਿਲ ਏਰੀਏ ਚ ਹੋਈ ਸੀ। ਬੜੀ ਅਪਣੱਤ ਨਾਲ ਮਿਲਿਆ। ਉਧਰ ਵੀ ਉਹ ਪੱਤਰਕਾਰੀ ਨਾਲ ਹੀ ਜੁੜਿਆ ਹੋਇਆ ਸੀ। ਸਾਲ 2022 ਦੀ ਮੇਰੀ ਅਮਰੀਕਾ ਫੇਰੀ ਫੇਰੀ ਦੌਰਾਨ ਮਿਲਣ ਦੀ ਬਹੁਤ ਖਾਹਿਸ਼ ਸੀ, ਜਦੋਂ ਮੈਂ ਫੋਨ ਕੀਤਾ ਤਾਂ ਉਸਦੇ ਬੇਟੇ ਰੋਮੀ ਟਾਹਲੀ ਨੇ ਦੱਸਿਆ ਕਿ ਡੈਡੀ ਦੀ ਤਬੀਅਤ ਠੀਕ ਨਹੀਂ, ਹੁਣ ਅਸੀਂ ਨਿਊਯਾਰਕ ਤੋਂ ਮੂਵ ਹੋਕੇ ਇੰਡਾਨਾ ਰਹਿਣ ਲੱਗ ਪਏ ਹਾਂ। ਇਸ ਵਜ੍ਹਾ ਨਾਲ ਮੇਰੀ ਹਰਬਖ਼ਸ਼ ਟਾਹਲੀ ਨਾਲ ਇਸ ਵਾਰ ਮੁਲਾਕਾਤ ਨਹੀਂ ਹੋ ਸਕੀ। ਹਰਬਖ਼ਸ਼ ਦੀ ਸ਼ਾਇਰੀ ਚ ਇੱਕ ਸਕੂਨ ਵੀ ਐ! ਯਥਾਰਥ ਵੀ ਉਹਦਾ ਇੱਕ ਸ਼ੇਅਰ ਦੇਖੋ

ਜਿਹੜੇ ਸੜਕਾਂ ਤੇ ਰੁਲ ਕੇ
ਜੁਆਨ ਹੁੰਦੇ ਨੇ
ਮੈਂ ਦਾਅਵੇ ਨਾਲ ਕਹਿਣਾ,
ਉਹ ਮਹਾਨ ਹੁੰਦੇ ਨੇ
ਜਿਹਨਾਂ ਜ਼ਿੰਦਗੀ 'ਚ ਸਿੱਖਿਆ
ਮੁਸ਼ੱਕਤਾਂ ਦਾ ਰਾਹ
ਉਹ ਜਾਣਦੇ ਬੰਦੇ ਨੇ,
ਹੁੰਦਾਂ ਦਮਾਂ ਦਾ ਕੀ ਭਾਅ
ਜਿੰਦ ਵਹੁਟੀ ਨੂੰ
ਉਹ ਲਾੜੇ ਪ੍ਰਵਾਨ ਹੁੰਦੇ ਨੇ
ਮੈਂ ਦਾਅਵੇ ਨਾਲ ਕਹਿਣਾ
ਉਹ ਮਹਾਨ ਹੁੰਦੇ ਨੇ
--------------------

ਮੈਂ ਹਰਬਖ਼ਸ਼ ਟਾਹਲੀ ਦਾ ਇੱਕ ਸ਼ੇਅਰ ਸ਼ਮਸ਼ਾਨ ਘਾਟ ਦੇ ਬਾਹਰ ਦੀਵਾਰ ਤੇ ਲਿਖਿਆ ਦੇਖਿਆ

"ਅਸੀਂ ਨਾਲ ਤੇਰੇ ਆਵਾਂਗੇ ਜ਼ਰੂਰ ਦੋਸਤਾ
ਪਰ ਸਿਵਿਆਂ ਤੋਂ ਅੱਗੇ ਮਜਬੂਰ ਦੋਸਤਾ"




# ਜੇ ਬਾਤ ਨਾ ਪਚੇ ਤਾਂ ਚੁਗਲੀ ਹੁੰਦੀ ਹੈ, ਪੈਸਾ ਨਾ ਪਚੇ ਤਾਂ ਹੰਕਾਰ ਹੁੰਦਾ ਹੈ

**ਥਾਂ ਥਾਂ ਉਗ ਆਏ ਨੇ ਡੇਰੇ, ਪੱਥਰ ਲਿਸ਼ਕੇ ਚਾਰ ਚੁਫੇਰੇ,**
**ਬਿਜ਼ਨਸ ਵਾਂਗੂੰ ਢਾਲ਼ ਲਿਆ ਹੈ, ਨਾਨਕ ਦੀਆਂ ਸਿੱਖਿਆਵਾਂ ਨੂੰ।**
**ਗ਼ੈਰਤ ਨੇ ਇੰਜ ਮਰ ਜਾਣਾ ਸੀ, ਸੀਨਿਆਂ ਨੇ ਇੰਜ ਠਰ ਜਾਣਾ ਸੀ,**
**ਖ਼ਬਰ ਸਮਝ ਕੇ ਭੁੱਲ ਜਾਂਦੇ ਹਾਂ, ਰੇਪ ਜਹੀਆਂ ਘਟਨਾਵਾਂ ਨੂੰ।**
**– ਕੁਲਵੰਤ ਔਜਲਾ**

ਬਾਬਾ ਨਾਨਕ ਨੇ ਮਨਿ ਜੀਤੈ ਜਗੁ ਜੀਤ ਦਾ ਸੰਦੇਸ਼ ਸਿਰਜ ਕੇ ਸਾਡੀਆਂ ਕਿਨਾਰਿਆਂ ਤੋਂ ਬਾਹਰ ਉਛਲਦੀਆਂ ਸਭ ਭਾਵਨਾਵਾਂ ਦੁਆਲੇ ਵਾੜਾਂ ਵਲੀਆਂ ਹਨ। ਪਰ ਸਾਡੇ ਅੰਦਰੋਂ ਸਭ ਬੇ-ਕਾਬੂ ਹੋ ਕੇ ਹੋਰਨਾਂ ਤੱਕ ਛਿੱਟੇ ਖਿਲਾਰਦਾ ਹੀ ਨਜ਼ਰ ਆਉਂਦਾ ਹੈ। ਸਾਡੇ ਦੁਆਲ਼ੇ ਜ਼ਿੰਦਗੀ ਦੀ ਬੇ-ਤਰਤੀਬੀ ਦਾ ਜੋ ਵੀ ਖਿਲਾਰਾ ਦਿਸਦਾ ਹੈ ਸਭ ਉਛਲ਼ਦੀਆਂ ਬੇ-ਕਾਬੂ ਹੋਈਆਂ ਇੱਛਾਵਾਂ ਹੀ ਹਨ ਜੋ ਬਦੀ ਨੂੰ ਜਨਮਦੀਆਂ ਹਨ। ਭਰੀਆਂ ਜੇਲ੍ਹਾਂ ਇਸ ਦੀ ਗਵਾਹੀ ਹਨ। ਸਾਡਾ ਚੰਚਲ ਮਨ ਹਰ ਸਮੇਂ ਹੋਰਨਾਂ ਨੂੰ ਵੀ ਕਾਬੂ ਕਰਨ ਦੀ ਲਾਲਸਾ ਪਾਲ਼ਦਾ ਹੈ। ਇਹ ਲਾਲਚ ਦੀ ਦੁਨੀਆਂ ਹੋਰ ਪਰੇ ਹੋਰ ਤੱਕ ਪਸਰੀ ਹੈ। ਦੁਨੀਆਂ ਦੀਆਂ ਸਭ ਨਿਆਮਤਾਂ ਨੂੰ ਹੀ ਜੱਫਾ ਮਾਰਨ ਲਈ ਸਾਨੂੰ ਸਭ ਨੂੰ ਕੁੱਤੇ ਘਰਕਣੀ ਜਿਹੀ ਲੱਗੀ ਹੋਈ ਹੈ। ਮੈਨੂੰ ਕਿਸੇ ਤਰਕਸ਼ੀਲ ਨੇ ਸਵਾਲ ਕੀਤਾ ਕਿ ਇਹੀ ਤਾਂ ਤਰੱਕੀ ਦਾ ਰਾਹ ਕਿਹਾ ਜਾਂਦਾ ਹੈ। ਰੁੱਖੀ ਮਿੱਸੀ ਖਾ ਨਾਲ ਅੱਗੇ ਨਹੀਂ ਵਧਾਂ ਗੇ। ਪਰ ਇਸ ਅੱਗਾ ਦੌੜ ਨੇ ਸਾਨੂੰ ਸਾਡਾ ਕਈ ਕੁੱਝ ਵਧੀਆ ਭੁਲਾ ਹੀ ਛੱਡਿਆ ਹੈ ਜਿੱਥੇ ਰੁੱਖਾਂ ਜਿਹੀ ਜਰਾਂਦ ਲੋੜੀਂਦੀ ਸੀ। ਅਸੀਂ ਆਪੇ ਹਵਾਲੇ ਹੋਏ ਹੋਰਨਾਂ ਨਾਲ ਰਲ ਕੇ ਜਿਉਣਾ ਭੁੱਲ ਰਹੇ ਹਾਂ। ਜੀਓ ਅਤੇ ਜਿਉਣ ਦਿਓ ਤੋਂ ਅਸੀਂ ਭਟਕਦੇ ਹੋਰਨਾਂ ਤੋਂ ਤੰਦਾਂ ਤੋੜ ਕੇ ਬੱਸ ਆਪਣੇ ਆਪ ਤੱਕ ਸੁੰਗੜਦੇ ਤਨਹਾ ਹੋ ਰਹੇ ਹਾਂ। ਇਸੇ ਲਈ ਸਵਾਰਥੀ, ਲੋਭੀ, ਲਾਲਚੀ, ਦੰਭੀ, ਬੇ-ਸਬਰੇ ਤੇ ਹੋਰ ਪਤਾ ਨਹੀਂ ਕਿਹੜੇ ਸਿਰਲੇਖਾਂ ਅਧੀਨ ਵਿਚਰਨ ਲੱਗੇ ਹਾਂ। ਇੱਛਾਵਾਂ ਦੀ ਪਿਆਸ ਕਦੇ ਨਹੀਂ ਬੁਝਦੀ। ਗੁਲਜ਼ਾਰ ਨੇ ਖ਼ੂਬ ਕਿਹਾ ਹੈ ਕਿ ▼ਇੱਛਾਏਂ ਬੜੀ ਬੇਵਫ਼ਾ ਹੋਤੀ ਹੈਂ, ਕੰਬਖ਼ਤ ਪੂਰੀ ਹੋਤੇ ਹੀ ਬਦਲ ਜਾਤੀ ਹੈਂ▼। ਜਿੰਨਾਂ ਕੋਈ ਇਨ੍ਹਾਂ ਤੇ ਕਾਬੂ ਰੱਖ ਸਕਦਾ ਹੈ, ਉਤਨਾ ਹੀ ਬਲਵਾਨ ਅਤੇ ਲੋਕ-ਨਜ਼ਰਾਂ ਵਿਚ ਪਰਵਾਨ ਹੋ ਨਿਬੜਦਾ ਹੈ। ਮਹਾਤਮਾ ਬੁੱਧ ਨੇ ਰਾਜ ਭਾਗ ਤਿਆਗ ਕੇ ਲੋਕਾਈ ਲਈ ਹੀ ਚਾਨਣ ਦਾ ਰਾਹ ਲੱਭਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਸਮੁੱਚੀ ਕੌਮ ਲਈ ਆਪਣਾ ਮੋਹ ਨਿਛਾਵਰ ਕੀਤਾ। ਸਾਡੀਆਂ ਰਗਾਂ ਵਿਚ ਖ਼ੂਨ ਖੌਲਣ ਲਾਇਆ ਸੀ। ਪਰ ਸਾਡੇ ਤੋਂ ਤਾਂ ਆਪਣੀ ਦੇਹੀ ਹੀ ਕਾਬੂ ਨਹੀਂ ਆਉਂਦੀ। ਸਿਆਣੇ ਕਹਿੰਦੇ ਹਨ ਜੀਭ ਕਾਬੂ ਰੱਖਣ ਨਾਲ ਦੇਹੀ ਤੰਦਰੁਸਤ ਹੁੰਦੀ ਹੈ ਤੇ ਜ਼ੁਬਾਨ ਕਾਬੂ ਰੱਖਣ ਨਾਲ ਹੋਰਨਾਂ ਨਾਲ ਪਲ਼ਦੇ ਰਿਸ਼ਤੇ ਵੀ ਤੰਦਰੁਸਤ ਹੁੰਦੇ ਹਨ। ਇਹ ਦੇਹੀ ਵੀ ਤਾਂ ਕਾਬੂ ਹੋਵੇਗੀ ਜੇ ਮਨ ਕਾਬੂ ਕੀਤਾ ਹੋਵੇ। ਕਿਹਾ ਜਾਂਦਾ ਹੈ ਜੇ ਭੋਜਨ ਨਾ ਪਚੇ ਤਾਂ ਰੋਗ ਲਗਦਾ ਹੈ, ਜੇ ਬਾਤ ਨਾ ਪਚੇ ਤਾਂ ਚੁਗਲੀ ਹੁੰਦੀ ਹੈ, ਪੈਸਾ ਨਾ ਪਚੇ ਤਾਂ ਹੰਕਾਰ ਹੁੰਦਾ ਹੈ, ਦਿਖਾਵਾ ਪਲ਼ਦਾ ਹੈ। ਇਉਂ ਹੀ ਦੁੱਖ ਨਿਰਾਸ਼ਾ ਤੱਕ ਪੁਜਦਾ ਤੇ ਸੁੱਖ ਪਾਪ ਤੱਕ ਜਾ ਅਪੜਦਾ ਹੈ। ਸਿਆਣੇ ਇਹ ਵੀ ਆਖਦੇ ਹਨ ਕਿ ਸਫਲਤਾ ਨੂੰ ਸਿਰ ਤੇ ਨਾ ਚੜ੍ਹਨ ਦਿਓ ਤੇ ਅਸਫਲਤਾ ਨੂੰ ਦਿਲ ▼ਚ ਨਾ ਵੜਨ ਦਿਓ। ਮਨ ਦੇ ਵਿਸ਼ੇ ਤੇ ਖੋਜ ਕਰਦੀ ਇੱਕ ਅਧਿਆਪਕਾ ਨੇ ਪੰਜਾਹ ਵਿਦਿਆਰਥੀਆਂ ਨੂੰ ਇੱਕ ਇੱਕ ਟੌਫ਼ੀ ਇਹ ਕਹਿ ਕੇ ਦਿੱਤੀ ਕਿ ਮੈਂ ਕੁੱਝ ਸਮੇਂ ਲਈ ਜਾ ਰਹੀ ਹਾਂ, ਤੁਸੀਂ ਮੇਰੇ ਆਏ ਬਿਨਾ ਇਹ ਟਾਫੀਆਂ ਖਾਣੀਆਂ ਨਹੀਂ। ਸਾਰੀ ਜਮਾਤ ਵਿੱਚੋਂ ਕੇਵਲ ਸੱਤ ਜਣੇ ਹੀ ਸਨ ਜਿਨ੍ਹਾਂ ਨੇ ਟੌਫ਼ੀ ਛੇੜੀ ਵੀ ਨਹੀਂ। ਬਾਕੀ ਕੁੱਝ ਨੇ ਖਾ ਲਈ, ਕਈਆਂ ਨੇ ਖੋਲ੍ਹ ਲਈ, ਕਈਆਂ ਨੇ ਦੰਦੀ ਵੱਢ ਕੇ ਰੱਖ ਛੱਡੀ। ਅਧਿਆਪਕਾ ਨੇ ਉਮਰ ਭਰ ਅੱਖ ਰੱਖੀ ਤੇ ਜਾਚਿਆ ਕਿ ਜ਼ਿੰਦਗੀ ਦੀ ਕਾਰਗ਼ੁਜ਼ਾਰੀ ਵਿਚ ਓਹੀ ਸੱਤ ਜਣੇ ਆਪੋ ਆਪਣੀ ਮੰਜ਼ਿਲ ਸਰ ਕਰ ਕੇ ਵੱਡੀ ਪ੍ਰਾਪਤੀ ਤੱਕ ਪੁੱਜੇ ਸਨ, ਬਾਕੀ ਸਭ ਰਾਹ ਵਿਚ ਹੀ ਭਟਕ ਗਏ, ਬੀਮਾਰ ਹੋਏ, ਹਾਰ ਗਏ ਜਾਂ ਨਿਰਾਸ਼ ਹੋਏ। ਸੋਨੇ ਦਾ ਅੰਡਾ ਦੇਣ ਵਾਲੀ ਮੁਰਗੀ ਨੂੰ ਮਾਰ ਕੇ ਕਾਹਲੀ ਕਰਨ ਵਾਲੇ ਨਿਰਾਸ਼ ਹੁੰਦੇ ਹਨ। ਕਿਹਾ ਜਾਂਦਾ ਹੈ ਅਰਜ਼ ਕਰਦੇ ਸਮੇਂ ਦਿਲ ਨੂੰ, ਖਾਣਾ ਖਾਣ ਸਮੇਂ ਪੇਟ ਨੂੰ, ਕਿਸੇ ਦੇ ਘਰ ਜਾ ਕੇ ਅੱਖਾਂ ਨੂੰ ਅਤੇ ਕਿਸੇ ਮਹਿਫਲ ਵਿਚ ਜ਼ੁਬਾਨ ਨੂੰ ਕਾਬੂ ਕਰਨਾ ਜ਼ਰੂਰੀ ਹੁੰਦਾ ਹੈ। ਮੇਰੇ ਬਚਪਨ ਸਮੇਂ ਘਰ ਵਿਚ ਕੁੜੀ ਮੁੰਡੇ ਦੇ ਫ਼ਰਕ ਕਾਰਣ ਸਾਨੂੰ ਰੋਟੀ ਵੀਰ ਤੋਂ ਮਗਰੋਂ ਦਿੱਤੀ ਜਾਂਦੀ ਸੀ। ਉਸ ਸਮੇਂ ਹਰਖ ਆਉਂਦਾ ਸੀ। ਭੁੱਖ ਤਾਂ ਸਾਨੂੰ ਵੀ ਹੁੰਦੀ ਸੀ ਪਰ ਅੱਜ ਮੈਂ ਸੋਚਦੀ ਹਾਂ ਬਚਪਨ ਦਾ ਓਹ ਸਬਰ ਕਰਨ ਦਾ ਪਾਠ ਮੇਰੇ ਨਾਲ ਚੱਲ ਰਿਹਾ ਹੈ। ਬਾਬਾ ਨਾਨਕ ਨੇ ਜਿਸ ਮਨ ਨੂੰ ਜਿੱਤਣ ਦੀ ਬਾਤ ਤੋਰੀ ਸੀ, ਅੱਜ ਦੇ ਲੋਕ ਉਸ ਨੂੰ ਗਏ ਵਕਤ ਦੀ ਇਬਾਰਤ ਹੀ ਜਾਣਦੇ ਹਨ। ਸਾਡੀ ਖ਼ੁਸ਼ਕਿਸਮਤੀ ਹੈ ਕਿ ਅਸੀਂ ਰੱਬ ਨੂੰ ਇੱਕ ਮੰਨਦੇ ਹਾਂ ਪਰ ਸਾਡੀ ਇਹ ਬਦਕਿਸਮਤੀ ਹੈ ਕਿ ਅਸੀਂ ਰੱਬ ਦੀ ਇੱਕ ਵੀ ਨਹੀਂ ਮੰਨਦੇ।

## ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# "ਬਾਈ ਟੈਰਾਂ ਨਾਲ ਪੀਂਘਾਂ ਝੂਟਦੀਏ ਗਾ"



" ਬਾਈ ਜਰ ਆਹ ਦੇ ਦੇ ਮੈਨੂੰ ਟੂੰ ਟੂੰ ਜੀ ਕਰਨ ਆਲਾ"

ਸਜਿੰਦਿਆਂ ਨੇਂ ਅਸਲੋਂ ਵੱਧ ਪ੍ਰਸਿੰਨ ਜੱਟ ਵੇਖ ਕੇ ਸਾਰੇ 'ਸਾਜ' ਬਾਂਦਰੀ ਦੇ ਬੱਚੇ ਆਂਗੂੰ ਕਲੇਵੇਂ ਜੇ ਚ ਲੈ ਲਏ ਬੀ ਡੱਕਿਆ ਜੱਟ ਘੜੀਸ ਕੇ ਨਾਂ ਲੈ ਜਾਵੇ। ਗਾਉਣ ਆਲਾ ਹੌਂਸਲਾ ਜਿਹਾ ਕਰਕੇ ਬੋਲਿਆ

" ਭਾ ਜੀ ਇਸਤੋਂ ਬਿਨਾਂ ਮੈਂ ਕੀ ਕਰੂੰ"

" ਲੈ ਦੱਸ ਆਪਣੇ ਘਰੇ ਦੋ ਖੁੰਢ ਪਏ ਆ, ਤੂੰ ਬਾਈ ਦੋਹੇਂ ਲੈ ਜਾ।।।। ਐਹੋ ਜੇ ਤਾਂ ਤਿੰਨ ਚਾਰ ਬਣ ਜਾਣਗੇ"

ਬਘੇਲਾ ਹਰਮੋਨੀਅਮ ਫੜਦਾ ਬੋਲਿਆ

—————— ਪਰ ਸਭ ਤੋਂ ਸਿਰੇ ਤਾਏ ਮੱਘਰ ਨੇਂ ਲਾਈ———

ਪਿੰਡਾਂ ਆਲੇ ਵੀ ਖਾਧੀ ਪੀਤੀ ਚ ਗਾਉਣ ਆਲੇ ਤੋਂ ਐਹੋ ਜਿਹੇ ਗਾਣੇ ਦੀ ਫਰਮਾਇਸ਼ ਕਰਦੇ ਬੀ ਅਗਲੇ ਦੀ ਚਕਰੀ ਘੁੰਮ ਜਾਂਦੀ ਐ। ਆਪਣੇ ਆਲਾ ਸ਼ਿੰਗਾਰਾ ਕੇਰਾਂ ਡੱਕਿਆ ਵਿਆ ਸਰਦੂ਼ਲ ਸਕੰਦਰ ਨਾਲ ਜਿਦੀ ਜਾਵੇ ਅਖੇ,

" ਸਾਡਿਆਂ ਫਰਾਂ ਤੋਂ ਸਿੱਖੀ ਉਡਣਾ - ਲਾ"

ਐਵੇਂ ਸਾਡਾ ਇੱਕ ਦਿੱਲੀ ਆਲਾ ਬੇਲੀ ਇੱਕ ਪ੍ਰੋਗਰਾਮ ਵਿੱਚ ਹੋ ਕੇ ਢਾਈ ਕੁ 'ਬੀਅਰਾਂ' ਨਾਲ ਟੈਟ ਹੰਸ ਰਾਜ ਹੰਸ ਨਾਲ ਗਰਾਰੀ ਅੜਾਕੇ ਬਹਿ ਗਿਆ

"ਹੰਸ਼ ਸ਼ਾਹਿਬ ਅੱਜ ਆਪਣਾ ਸਭ ਤੋਂ ਹਿੱਟ ਵਾਲਾ ਗਾਨਾ ਸੁਣਾ–"

ਹੰਸ ਕਹਿੰਦਾ

" ਕੇਹੜਾ"

ਮਿੱਤਰ ਆਪਣਾ ਪੂਰਾ ਝੂਮ ਕੇ ਰਾਗ ਵਿੱਚ ਬੋਲਿਆ

" ਮੇਂ ਨਹਾਂਦੀ ਪਈ ਸੀ ਅਤੇ ਉਹ ਦੇਖਦਾ ਪਿਆ ਸੀ ਉਹ ਵੀ ਫੁੱਲ ਗਰਮੀ ਵਿੱਚ"

ਹੰਸ ਨੂੰ ਸਿਆਲਾਂ ਦੇ ਮਹੀਨੇ ਮੁੜ੍ਹਕਾ ਆ ਗਿਆ ਕਿ-ਕੇ

ਕਹਿਣਾ ਸੀ ਵੈਲੀ ਨੇਂ ਚਮਕੀਲੇ ਦਾ ਗੀਤ

"ਉਹ ਤੱਕਦਾ ਰਿਹਾ ਵੇ
ਮੈਂ ਸਿਖਰ ਦੁਪਹਿਰੇ ਨਹਾਉਂਦੀ ਸੀ"

ਮੈਂ ਆਪ ਬਾਘੇ ਪੁਰਾਣੇ ਮਨਮੋਹਨ ਵਾਰਿਸ ਨਾਲ ਕੁੱਤਾ ਅੜਾ ਲਿਆ ਸੀ 'ਗੜ੍ਹਸੁੰਨ' ਹੋ ਕੇ

" ਬਾਈ ਟੈਰਾਂ ਨਾਲ ਪੀਂਘਾਂ ਝੂਟਦੀਏ ਗਾ "

ਇਵੇਂ ਕੇਰਾਂ ਬਘੇਲੇ ਦਾ ਮਨ ਗਾਉਣ ਆਲੇ ਦੇ ਹਰਮੋਨੀਅਮ ਤੇ ਰੀਝ ਗਿਆ, ਪ੍ਰੋਗਰਾਮ ਮੁੱਕੇ ਤੋਂ ਹੌਲੀ ਕੁ ਦੇਣੇ –ਹਦੀ ਕਾਰ ਦੀ ਬਾਰੀ ਨੂੰ ਹੱਥ ਪਾ ਕੇ ਕਹਿੰਦਾ

ਅਕਾਲੀਆਂ ਦੀ ਸਰਕਾਰ ਤੇ ਇੱਕ ਅਰਧ ਸਰਕਾਰੀ ਜਿਹੇ ਫ਼ੰਕਸ਼ਨ ਵਿੱਚ ਸਵਰਗਵਾਸੀ ਹਾਕਮ ਸੂਫੀ ਹੁਰੀਂ ਆਏ ਪ੍ਰੋਗਰਾਮ ਕਰਨ ਲਈ, ਪ੍ਰਭੰਧਕਾਂ ਨੇਂ ਮੌਕੇ ਦੀ ਸਰਕਾਰ ਮੂਹਰੇ ਨੰਬਰ ਜੇ ਬਣਾਉਣ ਨੂੰ ਇਲਾਕੇ ਦੇ ਸਾਰੇ ਨੀਲੀਆਂ ਪੱਗਾਂ ਆਲੇ ਸੱਦ ਕੇ ਸਟੇਜ ਤੇ ਬੂਹਾ ਲਏ———— ਖਾਣ ਪੀਣ ਵਾਲਿਆਂ ਵਾਸਤੇ ਕੋਕੇ ਕੋਲੇ ਆਲੇ ਗਲਾਸ ਚ ਚੋਰੀ ਪੈੱਗ ਦਾ ਪ੍ਰਬੰਧ ਕਰਤਾ, ਪੀ ਕੇ ਚਾਰ ਕੁ ਕੋਕ ਤਾਇਆ ਤਾਂ ਭਾਈ ਆ ਗਿਆ ਆਵਦੀ ਜਥੇਦਾਰੀ ਤੇ ********* ਕਰਕੇ ਪੱਗ ਜੀ ਸੂਤ ਪੂਰਾ ਪ੍ਰਸਿੰਨ ਹੋਇਆ ਵਿਆ 'ਹਾਕਮ ਸੂਫੀ' ਕੋਲ ਜਾ ਖੜਿਆ

" ਬਾਈ ਉਹ ਰਕਾਟ ਲਾ"

ਸੂਫੀ ਸਾਹਿਬ ਨੇਂ ਇਸ਼ਾਰੇ ਨਾਲ ਸਾਜਿੰਦੇ ਬੰਦ ਕਰਵਾ ਦਿੱਤੇ

" ਦੱਸੋ ਜਥੇਦਾਰੋ ਕਿਹੜਾ"

" ਉਹ ਜਰ –ਹੀ ਜਿਹੜੇ ਰਕਾਟ ਨੇਂ ਤੇਰੀ ਐਨੀ ਗੁੱਡੀ ਬੰਨ੍ਹੀ ਆ, ਮੈਂ ਤਾਂ ਖਸਮਾਂ 'ਟਰੇਗਟ' ਤੇ, ਮੋਟਰ ਤੇ ਫੇਰੇ ਦੇਣੀ ਰੀਲ੍ਹ ਘਸਾ ਤੀ"

ਸੂਫੀ ਸਾਹਿਬ ਨੇਂ ਆਵਦੇ ਸਾਰੇ ਹਿੱਟ ਗੀਤ ਬੋਲ ਕੇ ਦੱਸ ਦਿੱਤੇ ਪਰ ਤਾਇਆ 'ਮਾਰਨਖੰਡੇ' ਝੋਟੇ ਆਂਗੂੰ ਨਾਂਹ ਚ ਸਿਰ ਮਾਰੀ ਜਾਵੇ *******************

ਅੰਤ ਨੂੰ ਤਾਇਆ ਸਿਰ ਜਿਹਾ ਠੁਣਕ ਕੇ ਕਹਿੰਦਾ

" ਉਹ ਖੜ੍ਹਜਾ ਖੜ੍ਹਜਾ ਆ ਗਿਆ ਗੁਣੀਏ ਚ —ਤੂੰ ਬਾਈ ਉਹ ਰਗਾਟ ਲਾ

ਭੁੱਲ ਗੀ ਮੈਂ ਘੁੰਡ ਕੱਢਣਾ—ਵੇ ਪੁੱਤ ਜਾਂਦੀ ਵਾਰੀ

ਦੀਪ ਗਿੱਲ ਦੀ ਫੇਸ ਬੁੱਕ ਉੱਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ

# ਕੌਮੀ ਕੁਸ਼ਤੀ ਮੁਕਾਬਲਿਆਂ ਵਿੱਚ ਰੂਪਿੰਦਰ ਜੌਹਲ ਨੈਸ਼ਨਲ ਚੈਂਪੀਅਨ ਬਣੀ

ਸਾਲ 2023 ਲਈ ਕੈਨੇਡੀਅਨ ਰੈਸਲਿੰਗ ਨੈਸ਼ਨਲ ਚੈਂਪੀਅਨਸ਼ਿਪ ਲਈ 24, 25, 26 ਮਾਰਚ ਨੂੰ ਵੈਨਕੂਵਰ ਵਿਖੇ ਕੌਮੀ ਪੱਧਰ ਦੇ ਮੁਕਾਬਲੇ ਆਯੋਜਿਤ ਕੀਤੇ ਗਏ। ਇਸ ਵਿੱਚ ਸਕੂਲੀ ਵਿਦਿਆਰਥਣਾਂ ਦੇ ਅੰਡਰ 15, ਅੰਡਰ 17 ਅਤੇ ਅੰਡਰ 19 ਤਿੰਨ ਵਰਗ ਬਣਾਏ ਗਏ। ਅੰਡਰ 19 ਦੇ 80 ਕਿਲੋਗ੍ਰਾਮ ਵਜ਼ਨ ਦੇ ਵਰਗ ਵਿੱਚ ਮੁੱਖ ਤੌਰ ਤੇ ਚਾਰ ਘੁਲਾਟਣਾਂ ਦਰਮਿਆਨ ਫਸਵਾਂ ਮੁਕਾਬਲਾ ਸੀ। ਇਨ੍ਹਾਂ ਵਿੱਚੋਂ ਦੋ ?ਟਾਰੀ? ਤੋਂ, ਇੱਕ ਸਸਕੈਚਵਨ ਤੋਂ ਅਤੇ ਰੂਪਿੰਦਰ ਜੌਹਲ (ਰੂਪਨ) ਬ੍ਰਿਟਿਸ਼ ਕੋਲੰਬੀਆ ਤੋਂ ਸੀ। 25 ਮਾਰਚ ਨੂੰ ਫਰੀ ਸਟਾਈਲ ਮੁਕਾਬਲਿਆਂ ਦੇ ਚਾਰ ਮੈਚ ਹੋਏ ਜਿੰਨ੍ਹਾਂ ਦੇ ਫਾਈਨਲ ਵਿੱਚ ਰੂਪਿੰਦਰ ਨੇ ਸਸਕੈਚਵਨ ਦੀ ?ਲੀਵੀਆ ਰੋਜ਼ (ਲਿਵਿਅ੍ਰਸਏ ) ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਗੋਲਡ ਮੈਡਲ ਜਿੱਤਿਆ। ਇਸੇ ਤਰ੍ਹਾਂ ਅਗਲੇ ਦਿਨ 26 ਮਾਰਚ ਨੂੰ ਗਰੀਕੋ ਰੋਮਨ ਸਟਾਈਲ ਵਿੱਚ ਚਾਰ ਮੈਚ ਹੋਏ ਤੇ ਰੂਪਿੰਦਰ ਨੇ ਓਂਟਾਰੀਓ ਦੀ ਮੇਗਨ ਕੈਂਗਲੈਕ (ਇਗਅਨਨ ਨਕਣਨਗਲਅਚਕ ) ਨੂੰ ਚਿੱਤ ਕਰ ਕੇ ਗੋਲਡ ਮੈਡਲ ਫੁੰਡਿਆ। ਇਸ ਤਰ੍ਹਾਂ ਰੂਪਿੰਦਰ ਦੋਵੇਂ ਸਟਾਈਲ ਦੀਆਂ ਕੁਸ਼ਤੀਆਂ ਦੀ ਨੈਸ਼ਨਲ ਚੈਂਪੀਅਨ ਬਣ ਗਈ। ਇਨ੍ਹਾਂ ਕੁਸ਼ਤੀਆਂ ਨੂੰ ਵੇਖਣ ਕੈਨੇਡਾ ਭਰ ਵਿੱਚੋਂ ਦਰਸ਼ਕ ਅਤੇ ਕੁਸ਼ਤੀ ਪ੍ਰੇਮੀ ਆਏ ਹੋਏ ਸਨ। ਜ਼ਿਕਰਯੋਗ ਹੈ ਕਿ ਰੂਪਿੰਦਰ ਪਿਛਲੇ ਸਾਲ ਜੂਨ ਮਹੀਨੇ ਬਿ?ਨਸ ਏਰਜ਼ ਵਿਖੇ ਹੋਏ ਪੈਨ-ਅਮੇਰਿਕਾ ਟੂਰਨਾਮੈਂਟ ਵਿੱਚ ਗੋਲਡ ਮੈਡਲ ਸਮੇਤ ਗੋਲਡਨ ਬੂਟ ਹਾਸਲ ਕਰ ਕੇ ਟੂਰਨਾਮੈਂਟ ਦੀ ਸਮੁੱਚੇ ਤੌਰ ਤੇ ਸਰਵੋਤਮ ਖਿਡਾਰਨ ਬਣੀ ਸੀ। ਪਿਛਲੇ ਸਾਲ ਤੋਂ ਲੈ ਕੇ ਹੁਣ ਤੱਕ ਰੂਪਿੰਦਰ ਪ੍ਰੋਵਿੰਸ਼ੀਅਲ, ਨੈਸ਼ਨਲ ਅਤੇ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਗੋਲਡ ਮੈਡਲ ਜਿੱਤ ਕੇ ਗੋਲਡਨ ਗਰਲ ਦਾ ਰੁਤਬਾ ਹਾਸਲ ਕਰ ਚੁੱਕੀ ਹੈ। ਗਰੇਡ ਬਾਰਾਂ ਦੀ ਵਿਦਿਆਰਥਣ ਰੂਪਿੰਦਰ ਦਾ ਕਹਿਣਾ ਹੈ ਕਿ ਇਹ ਉਸ ਦਾ ਸਕੂਲ ਪੱਖ ਤੋਂ ਆਖਰੀ ਮੁਰਾਬਲਾ ਸੀ। ਉਸ ਨੂੰ ਕਈ ਯੂਨੀਵਰਸਿਟੀਆਂ ਵੱਲੋਂ ਦਾਖਲਾ ਦੇਣ ਲਈ ਸੱਦੇ ਮਿਲ ਰਹੇ ਹਨ। ਜ਼ਿਲਾ ਲੁਧਿਆਣਾ, ਮੁੱਲਾਂਪੁਰ ਨੇੜੇ ਦੇ ਪਿੰਡ ਮੰਡਿਆਣੀ ਦੇ ਜੰਮਪਲ ਪਿਤਾ ਬਲਰਾਜ ਅਤੇ ਨਾਲ ਦੇ ਪਿੰਡ ਤਲਵੰਡੀ ਖੁਰਦ (ਨੀਵੀਂ) ਦੀ ਜੰਮਪਲ ਮਾਂ ਮਨਦੀਪ ਦੀ ਇਹ ਧੀ ਕੁਸ਼ਤੀਆਂ ਵਿੱਚ ਮੱਲਾਂ ਮਾਰ ਕੇ ਸਮੁੱਚੇ ਪੰਜਾਬੀਆਂ ਦਾ ਮਾਣ ਵਧਾ ਰਹੀ ਹੈ।





ਜਗਦੇਵ ਸਿੱਧੂ 403 351 1136


# ਜਾਤ ਨੂੰ ਲੈਕੇ ਟਿੱਪਣੀ ਕਰਨ ਦੇ ਮਾਮਲੇ ਚ ਅਦਾਲਤ ਨੇ ਦਿੱਤਾ $9,000 ਦੇ ਮੁਆਵਜ਼ੇ ਦੇ ਹੁਕਮ, ਰਵਿਦਾਸ ਭਾਈਚਾਰੇ ਨੂੰ ਬਣਾਇਆ ਸੀ ਨਿਸ਼ਾਨਾ

ਬ੍ਰਿਟਿਸ਼ ਕੋਲੰਬੀਆ,(ਪੰਜਾਬੀ ਅਖ਼ਬਾਰ ਬਿਊਰੋ) ਬੀਸੀ ਮਨੁੱਖੀ ਅਧਿਕਾਰ ਟ੍ਰਿਬਿਊਨਲ ਨੇ ਜਾਤੀ ਅਧਾਰਤ ਵਿਤਕਰੇ ਦਾ ਸ਼ਿਕਾਰ ਹੋਏ ਇੱਕ ਵਿਅਕਤੀ ਨੂੰ $9,000 ਤੋਂ ਵੱਧ ਡਾਲਰ ਦਾ ਮੁਆਵਜ਼ਾ ਦਿੱਤੇ ਜਾਣ ਦਾ ਫ਼ੈਸਲਾ ਕੀਤਾ ਹੈ। ਲੰਘੀ 15 ਮਾਰਚ ਨੂੰ ਜਾਰੀ ਇੱਕ ਇਕ ਫ਼ੈਸਲੇ ਵਿੱਚ ਟ੍ਰਿਬਿਊਨਲ ਦੀ ਜੱਜ ਸੋਨੀਆ ਪਿਘਿਨ ਨੇ ਇਹ ਮਹਿਸੂਸ ਕੀਤਾ ਕਿ ਮਨੋਜ ਭੰਗੂ ਨਾਲ ਉਸਦੇ ਜਾਤੀ-ਪਿਛੋਕੜ, ਮੂਲ ਸਥਾਨ, ਧਰਮ ਅਤੇ ਨਸਲ ਦੇ ਆਧਾਰ 'ਤੇ ਵਿਤਕਰਾ ਕੀਤਾ ਗਿਆ ਸੀ। 2018 ਵਿੱਚ ਬੀਸੀ ਦੀ ਇੱਕ ਟੈਕਸੀ ਕੰਪਨੀ ਦੀ ਕ੍ਰਿਸਮਸ ਪਾਰਟੀ ਵਿੱਚ ਹੋਏ ਝਗੜੇ ਦੌਰਾਨ ਮਨੋਜ ਨੂੰ ਉਸਦੇ ਦੋ ਸਾਥੀਆਂ ਇੰਦਰਜੀਤ ਢਿੱਲੋ ਅਤੇ ਅਵਨਿੰਦਰ ਢਿੱਲੋਂ ਨੇ 'ਚਮਾਰ' ਆਖਿਆ ਸੀ, ਜੋਕਿ ਉਸਦੀ ਦਲਿਤ ਜਾਤੀ ਦਾ ਨਾਮ ਹੈ ਅਤੇ ਪੰਜਾਬੀ ਬੋਲੀ ਚ ਇੱਕ ਅਪਮਾਨਜਨਕ ਸ਼ਬਦ ਵੀ ਮੰਨਿਆ ਜਾਂਦਾ ਹੈ। ਜੱਜ ਸੋਨੀਆ ਪਿਘਿਨ ਦੇ ਫ਼ੈਸਲੇ ਦੇ ਮੁਤਾਬਕ, ਦਸੰਬਰ 2018 ਵਿੱਚ ਦੋ ਘਟਨਾਵਾਂ ਵਾਪਰੀਆਂ ਸਨ। ਇੱਕ ਢਿੱਲੋਂ ਭਰਾਵਾਂ ਵੱਲੋਂ ਮਨੋਜ ਭੰਗੂ ਖ਼ਿਲਾਫ਼ ਨਸਲੀ ਟਿੱਪਣੀ ਕਰਨੀ ਅਤੇ ਦੂਸਰਾ ਉਸ 'ਤੇ ਸਰੀਰਕ ਹਮਲਾ ਕਰਨਾ। ਮਨੋਜ ਟੈਕਸੀ ਕੰਪਨੀ ਵਿੱਚ ਡਰਾਈਵਰ ਅਤੇ ਬੋਰਡ ਡਾਇਰਕੈਟਰ ਸੀ। ਲਿਖਤ ਫ਼ੈਸਲੇ ਅਨੁਸਾਰ ਘਟਨਾ ਸਮੇਂ ਕਈ ਗਵਾਹ ਮੌਜੂਦ ਸਨ ਅਤੇ ਉਨ੍ਹਾਂ ਨੇ ਢਿੱਲੋਂ ਭਰਾਵਾਂ ਨੂੰ ਵਾਰ-ਵਾਰ ਮੁੱਕੇ ਮਾਰਦਿਆਂ ਅਤੇ ਕਹਿੰਦੇ ਸੁਣਿਆ, "ਹਾਂ ਇਹ ਚਮਾਰ ਹੈ, ਇਸ ਨੂੰ ਮਾਰ ਦਿਓ, ਇਸ ਚਮਾਰ ਨੂੰ ਕੁੱਟੋ"। ਸੋਨੀਆ ਨੇ ਲਿਖਿਆ ਕਿ ਗਵਾਹਾਂ ਨੇ ਦੂਸਰੇ ਝਗੜੇ ਬਾਰੇ ਇੱਕਸਾਰ ਸਬੂਤ ਪ੍ਰਦਾਨ ਕੀਤੇ ਸਨ ਅਤੇ ਮੈਨੂੰ ਉਨ੍ਹਾਂ ਦੇ ਸਬੂਤ ਢਿੱਲੋਂ ਭਰਾਵਾਂ ਦੇ ਸਬੂਤਾਂ ਨਾਲੋਂ ਵਧੇਰੇ ਯਕੀਨ ਕਰਨ ਯੋਗ ਲੱਗੇ ਹਨ।





ਖਾਲਸੇ ਦੇ ਜਨਮ ਦਿਹਾੜੇ ਅਤੇ
ਵਿਸਾਖੀ ਦੀਆਂ
ਲੱਖ ਲੱਖ ਵਧਾਈਆਂ
Happy Vaisakhi
ਦਾਖਲਾ ਸ਼ੁਰੂ ਹੈ
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
INDIVIDUAL COURSES
• Eyelash Extensions • Makeup
• Eye brow/Eyelash Tinting • Hair styling
• Eyelash Lift up • Manicure/Pedicure
• Waxing • Facials • Microdermabrasion
• Threading • Artificial Nails
GD COLLEGE CALGARY
DIPLOMA PROGRAMS
• Esthetics Diploma • Makeup Artistry Diploma
• Nail Technician Diploma • Clinical Esthetics
We Provide Laser Hair Removal Treatments
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜ਼ਿੰਦਗੀ ਨੂੰ ਕਲਾ ਵਿੱਚ ਬਦਲੋ
Jasreen Raien
Director
GD College Calgary
www.gdcollege.ca
E-mail: info@gdcollege.ca
108-1935 27th Ave NE,
Calgary, AB, T2E 4E7
Contact Us:
587-349-1110

Calgary
ਨਾ ਨੀਲੇ, ਨਾ ਕਾਲੇ ਵਿੱਚ ਤੇ ਨਾ ਹੀ
ਹਰੇ ਰੰਗ ਦੇ ਬਿਨ ਵਿੱਚ; ਰੰਗ ਵਾਲੇ
ਡੱਬੇ ਕਿਸੇ ਬਿਨ ਵਿੱਚ ਨਾ ਸੁੱਟੋ!
ਆਓ,
ਵਧੀਆ ਰੀਸਾਈਕਲਰ ਬਣੀਏ!
ਘਰੇਲੂ ਰਸਾਇਣਾਂ ਦਾ ਸੁਰੱਖਿਅਤ ਢੰਗ ਨਾਲ ਨਿਪਟਾਰਾ ਕਰਨ ਲਈ ਪੇਂਟ ਕੈਨਾਂ ਨੂੰ ਇੱਕ ਮਨੋਨੀਤ ਫਾਇਰ ਹਾਲ ਜਾਂ ਸਿਟੀ ਲੈਂਡਫਿਲ ਵਿੱਚ ਲੈ ਜਾਓ
calgary.ca/TheRecyclers
23-0027366 | ADV-18911




SOUTH POINTE
TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE
CALGARY, AB
CALL US!
403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP




# ਕੈਲਗਰੀ ਸਿਟੀ ਅੱਪਡੇਟ ਕਰ ਰਹੀ ਹੈ ਕਿ ਅਸੀਂ **ਜਨਤਕ ਸੁਣਵਾਈਆਂ** ਦੇ ਵਿਗਿਆਪਨ ਕਿਵੇਂ ਦਿੰਦੇ ਹਾਂ।

ਸਿਟੀ ਥੋੜ੍ਹੇ ਵੱਖਰੇ ਢੰਗ ਨਾਲ ਜਨਤਕ ਸੁਣਵਾਈਆਂ ਦੇ ਵਿਗਿਆਪਨ ਦੇ ਰਹੀ ਹੈ। ਹੁਣ, ਸਾਡੀ ਵੈੱਬਸਾਈਟ 'ਤੇ ਯੋਜਨਾਬੰਦੀ ਦੇ ਮਾਮਲਿਆਂ ਬਾਰੇ ਸਾਰੀ ਜਾਣਕਾਰੀ ਲੱਭੋ। ਅਸੀਂ ਹੌਲੀ-ਹੌਲੀ ਅਖਬਾਰਾਂ ਵਿਚ ਛਾਪੇ ਜਾਣ ਵਾਲੇ ਵਿਗਿਆਪਨਾਂ ਤੋਂ ਦੂਰ ਜਾ ਰਹੇ ਹਾਂ। ਜੂਨ 2023 ਤੱਕ, ਸਾਡੀ ਵਿਗਿਆਪਨ ਪ੍ਰਣਾਲੀ ਡਿਜ਼ੀਟਲ ਵਿਗਿਆਪਨਾਂ 'ਤੇ ਕੇਂਦ੍ਰਿਤ ਹੋਵੇਗੀ, ਅਤੇ ਸਾਈਟ 'ਤੇ ਨੋਟਿਸ ਪੋਸਟ ਕੀਤੇ ਜਾਣਾ ਅਤੇ ਆਸ-ਪਾਸ ਦੇ ਗੁਆਂਢੀਆਂ ਨੂੰ ਡਾਕ ਰਾਹੀਂ ਪੱਤਰ ਭੇਜੇ ਜਾਣਾ ਜਾਰੀ ਰੱਖੇਗੀ।


ਹੋਰ ਵੇਰਵਿਆਂ ਲਈ **calgary.ca/planningmatters** 'ਤੇ ਜਾਓ।






Happy Vaisakhi
ਖਾਲਸਾ ਸਾਜਨਾ ਦਿਵਸ
ਅਤੇ ਵਿਸਾਖੀ
ਦੀਆਂ ਸਮੂਹ ਲੋਕਾਈ ਨੂੰ
ਲੱਖ ਲੱਖ ਵਧਾਈਆਂ
Honorable Rajan Sawhney
MLA Calgary-North East
#1080, 11124-36th St NE Calgary, AB T3N 1L3
Ph: (587) 318-2946
Calgary.Northeast@assembly.ab.ca


ਐਲਬਰਟਾ
'ਚ ਸਵਾਗਤ ਹੈ
ਭਾਵੇਂ ਤੁਸੀਂ ਐਲਬਰਟਾ ਨੂੰ ਆਪਣਾ ਨਵਾਂ ਘਰ ਕਹਿਣਾ ਚਾਹੁੰਦੇ ਹੋ ਜਾਂ ਥੋੜ੍ਹੇ ਸਮੇਂ ਲਈ ਇੱਥੇ ਆਉਂਦੇ ਹੋ, ਤੁਹਾਨੂੰ ਆਉਣ, ਇੰਮੀਗਰੈਂਟ ਬਣਨ, ਕੰਮ ਕਰਨ ਅਤੇ ਹੋਰ ਬਹੁਤ ਕੁਝ ਵਾਸਤੇ ਸਹਾਇਤਾ ਉਪਲਬਧ ਹੈ।
ਵਧੇਰੇ ਜਾਣੋ।
alberta.ca/opportunity
Alberta


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco
Paper
Flashing
Wiring
Free Estimate BEST Rates
Nirvair Singh Johal
403-690-8700
Bhajan Singh Johal
403-561-0227
4612, 6 STREET NE CALGARY, AB


ਡਰਾਇਵਰਾਂ ਦੀ ਲੋੜ ਹੈ
RIG
Group of Companies Inc.
GOLIATH TRACTOR SERVICE LTD.
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)


ਖ਼ਾਲਸਾ ਦੇ ਸਿਰਜਨਾ ਦਿਵਸ ਅਤੇ ਵਿਸਾਖੀ
ਦੀਆਂ ਸਮੂਹ ਕੈਨੇਡਾ ਵਾਸੀਆਂ ਨੂੰ
ਲੱਖ ਲੱਖ ਵਧਾਈਆਂ
Happy
Vaisakhi
JASRAJ SINGH HALLAN
Member of Parliament
Calgary Forest Lawn, Alberta
Constituency Office
Main Office - Calgary
525 - 28th Street SE, Suite 225, Calgary, Alberta T2A 6W9
Telephone: 403-207-3030 Fax: 403-207-3035
HOUSE OF COMMONS
CHAMBRE DES COMMUNES
CANADA


ਖ਼ਾਲਸੇ ਦੇ ਜਨਮ ਦਿਹਾੜੇ ਅਤੇ ਵਿਸਾਖੀ
ਦੀਆਂ ਲੱਖ ਲੱਖ ਵਧਾਈਆਂ
Happy
Vaisakhi
DASHMESH CULTURE CENTRE
GEORGE CHAHAL
MEMBER OF PARLIAMENT,
CALGARY SKYVIEW
CONSTITUENCY OFFICE
UNIT: 101, 7 WESTWINDS CRESCENT
NE, CALGARY, AB T3J 5H2
PHONE: 403 291 0018
GEORGE
CHAHAL
Member of Parliament
WWW.GEORGECHAHALMP.CA
@GEORGECHAHAL

# ਸਿੱਖ ਵਿਰਾਸਤੀ ਮਹੀਨਾ ਮਨਾਉਂਦਿਆਂ ਰੀਜਾਇਨਾ ਗੁਰੂਘਰ ਵਾਲਿਆਂ ਨੇ ਸਿਟੀ ਹਾਲ ਅੱਗੇ ਖਾਲਸਾਈ ਨਿਸ਼ਾਨ ਸਾਹਿਬ ਝੁਲਾਇਆ





ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਅਪ੍ਰੈਲ ਦੇ ਮਹੀਨੇ ਨੂੰ ਕਨੇਡਾ ਸਰਕਾਰ ਵੱਲੋਂ ਸਿੱਖ ਵਿਰਾਸਤੀ ਮਹੀਨਾ ਐਲਾਨਿਆ ਗਿਆ ਹੈ। ਹਰ ਸਹਿਰ ਅੰਦਰ ਇਸ ਸਬੰਧੀ ਸਮਾਗਮ ਕੀਤੇ ਜਾ ਰਹੇ ਹਨ। ਅਜਿਹਾ ਹੀ ਇੱਕ ਸਮਾਗਮ ਰੀਜਾਇਨਾ ਸਹਿਰ ਵਿਖੇ ਵੀ ਮਨਾਇਆ ਗਿਆ । ਸਿਟੀ ਹਾਲ ਵਿਖੇ ਖਾਲਸਾਈ ਨਿਸ਼ਾਨ ਸਾਹਿਬ ਝੁਲਾਇਆ ਗਿਆ। ਨਿਸ਼ਾਨ ਸਾਹਿਬ ਝੁਲਾਉਣ ਦੀ ਰਸਮ ਰੀਜਾਇਨਾ ਦੀ ਮੇਅਰ ਲੇਡੀ ਸੈਂਡਰਾ ਮਾਸਟਰ ਵੱਲੋਂ ਨਿਭਾਈ ਗਈ। ਇਸ ਮੌਕੇ ਬੋਲਦਿਆਂ ਉਹਨਾਂ ਸਿੱਖ ਭਾਈਚਾਰੇ ਵੱਲੋਂ ਰੀਜਾਇਨਾ ਅਤੇ ਕਨੇਡਾ ਦੀ ਤਰੱਕੀ ਵਿੱਚ ਪਾਏ ਯੋਗਦਾਨ ਦੀ ਸਲਾਘਾ ਕੀਤੀ। ਇਸ ਮੌਕੇ ਟੈਰੀ ਜੌਹਨਸਨ ਐਮ ਐਲ ਏ, ਜੀਨੀ ਮਕੋਸਕੀ ਐਮ ਐਲ ਏ, ਮੁਹੰਦ ਫੇਜ ਐਮ ਐਲ ਏ ਨੇ ਵੀ ਹਾਜਰੀ ਭਰੀ। ਸਿਟੀ ਆਫ ਰੀਜਾਇਨਾ ਅਤੇ ਸੈਸਕੈਚਵਾਨ ਅਸੰਬਲੀ ਵੱਲੋਂ ਲੌਰਾ ਰਾਊਸ ਮਨਿਸਟਰ ਆਫ ਪਾਰਕ ਐਂਡ ਕਲਚਰਲ ਨੇ ਸਿੱਖ ਭਾਈਚਾਰੇ ਨੂੰ ਵਿਰਾਸਤੀ ਮਹੀਨੇ ਦੀ ਮਹੱਤਤਾ ਨੂੰ ਮਹਿਸੂਸ ਕਰਦਿਆਂ ਮਾਣ ਪੱਤਰ ਵੀ ਦਿੱਤੇ ਗਏ। ਪ੍ਰੋਗਰਾਮ ਦੇ ਆਖਿਰੀ ਪਲਾਂ ਦੌਰਾਨ ਸ: ਬਲਵੀਰ ਸਿੰਘ ਭੱਠਲ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਰੀਜਾਇਨਾਂ ਸਹਿਰ ਦੀਆਂ ਨਾਮਵਰ ਸ਼ਖਸੀਅਤਾਂ ਨੇ ਹਾਜਿਰੀ ਭਰੀ।

## ਅਮਰੀਕਾ ਦਾ ਸਾਬਕਾ ਰਾਸਟਰਪਤੀ ਡੋਨਾਲਡ ਟਰੰਪ ਨੂੰ ਅਦਾਲਤੀ ਪੇਸ਼ੀ ਦੌਰਾਨ ਗ੍ਰਿਫਤਾਰ ਕਰ ਲਿਆ ਗਿਆ



ਨਿਊਯਾਰਕ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਸਾਬਕਾ ਰਾਸਟਰਪਤੀ ਡੋਨਾਲਡ ਟਰੰਪ ਨੂੰ 4 ਅਪ੍ਰੈਲ ਵਾਲੇ ਦਿਨ ਗ੍ਰਿਫਤਾਰ ਕਰ ਲਿਆ ਗਿਆ ਹੈ। ਪੋਰਨ ਸਟਾਰ ਸਟੋਰਮੀ ਡੇਨੀਅਲਸ ਨੂੰ ਪੈਸੇ ਦੇਣ ਦੇ ਮਾਮਲੇ ਵਿੱਚ ਦੋਸ਼ਾਂ ਦਾ ਸਾਹਮਣਾ ਕਰ ਰਹੇ ਅਮਰੀਕਾ ਦੇ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਜਿਉਂ ਹੀ ਮੈਨਹਟਨ ਦੀ ਅਦਾਲਤ ਵਿੱਚ ਪੇਸ਼ ਹੋਏ, ਤਾਂ ਇਸੇ ਦੌਰਾਨ ਹੀ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।““ਅਦਾਲਤ 'ਚ ਪੇਸ਼ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਸਮਰਥਕਾਂ ਨੂੰ ਈਮੇਲ ਰਾਹੀਂ ਸੰਦੇਸ਼ ਭੇਜਿਆ ਜਿਸ ਵਿੱਚ ਉਸ ਨੇ ਦਾਅਵਾ ਕੀਤਾ ਹੈ ਕਿ ਅਮਰੀਕਾ 'ਮਾਰਕਸਵਾਦੀ ਤੀਜੀ ਦੁਨੀਆਂ' ਦਾ ਮੁਲਕ ਬਣਦਾ ਜਾ ਰਿਹਾ ਹੈ। ਇਸ ਵਿੱਚ ਉਸਨੇ ਕਿਹਾ ਕਿ ਮੇਰੀ ਗ੍ਰਿਫਤਾਰੀ ਤੋਂ ਪਹਿਲਾਂ ਇਹ ਮੇਰੀ ਆਖਰੀ ਈਮੇਲ ਹੈ।“ਸਾਬਕਾ ਅਮਰੀਕੀ ਰਾਸ਼ਟਰਪਤੀ ਨੇ ਲਿਖਿਆ ਕਿ ਅੱਜ ਅਸੀਂ ਅਮਰੀਕਾ ਵਿੱਚ ਨਿਆਂ ਦੀ ਸਮਾਪਤੀ ਦਾ ਸੋਗ ਮਨਾਉਂਦੇ ਹਾਂ। ਅੱਜ ਉਹ ਦਿਨ ਹੈ ਜਦੋਂ ਸੱਤਾਧਾਰੀ ਰਾਜਨੀਤਿਕ ਪਾਰਟੀ ਆਪਣੇ ਮੁੱਖ ਵਿਰੋਧੀ ਨੂੰ ਬਿਨਾਂ ਕਿਸੇ ਅਪਰਾਧ ਦੇ ਗ੍ਰਿਫਤਾਰ ਕਰਦੀ ਹੈ। ਅੱਗੇ ਲਿਖਿਆ ਕਿ ਜਿਵੇਂ ਕਿ ਮੈਂ ਅਗਲੇ ਕੁੱਝ ਘੰਟਿਆਂ ਲਈ ਕਮਿਸ਼ਨ ਤੋਂ ਬਾਹਰ ਹੋਵਾਂਗਾ, ਮੈਂ ਇਸ ਸਮੇਂ ਤੁਹਾਡੇ ਸਮਰਥਨ ਲਈ ਤੁਹਾਡੇ ਸਾਰਿਆਂ ਦਾ ਧੰਨਵਾਦ ਕਰਨਾ ਚਾਹਾਂਗਾ।““ਟਰੰਪ ਨੇ ਆਪਣੀ ਮੇਲ ਵਿੱਚ ਲਿਖਿਆ ਕਿ ਸਾਡਾ ਦੇਸ਼ ਇੱਕ ਤੀਜੀ ਦੁਨੀਆਂ ਦਾ ਕਮਿਊਨਿਸਟ ਦੇਸ਼ ਬਣ ਰਿਹਾ ਹੈ, ਜੋ ਅਸਹਿਮਤੀ ਨੂੰ ਅਪਰਾਧ ਬਣਾਉਂਦਾ ਹੈ ਅਤੇ ਇਸਦੇ ਸਿਆਸੀ ਵਿਰੋਧ ਨੂੰ ਜੇਲ੍ਹ ਦਿੰਦਾ ਹੈ, ਪਰ ਅਮਰੀਕਾ ਵਿੱਚ ਉਮੀਦ ਨਾ ਛੱਡੋ! ਅਸੀਂ ਇੱਕ ਅਜਿਹੀ ਕੌਮ ਹਾਂ, ਜਿਸ ਨੇ ਦੁਨੀਆ ਦੇ ਸਭ ਤੋਂ ਮਹਾਨ ਸਾਮਰਾਜ ਤੋਂ ਆਪਣੀ ਆਜ਼ਾਦੀ ਦਾ ਐਲਾਨ ਕੀਤਾ, ਦੋ ਵਿਸ਼ਵ ਯੁੱਧ ਜਿੱਤੇ, ਅਤੇ ਚੰਦਰਮਾ 'ਤੇ ਪਹਿਲਾ ਪ੍ਰਮਾਣੂ ਮਨੁੱਖ ਰੱਖਿਆ।“ਟਰੰਪ ਨੇ ਅੱਗੇ ਲਿਖਿਆ, 'ਸਾਡਾ ਅੰਦੋਲਨ ਬਹੁਤ ਅੱਗੇ ਵਧ ਗਿਆ ਹੈ। ਮੇਰੇ ਦਿਮਾਗ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਅਸੀਂ ਇੱਕ ਵਾਰ ਫਿਰ ਜਿੱਤ ਕੇ 2024 ਵਿੱਚ ਵ੍ਹਾਈਟ ਹਾਊਸ ਪਹੁੰਚਾਂਗੇ।

## ਗੈਂਗਸਟਰ ਗੋਲਡੀ ਬਰਾੜ ਨੇ ਹੁਣ ਬਿੱਟਾ ਨੂੰ ਦਿੱਤੀ ਜਾਨੋਂ ਮਾਰਨ ਦੀ ਧਮਕੀ





ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਕੈਨੇਡਾ 'ਚ ਬੈਠੇ ਗੈਂਗਸਟਰ ਗੋਲਡੀ ਬਰਾੜ ਨੇ ਹੁਣ ਅਤਿਵਾਦ ਵਿਰੋਧੀ ਫ਼ਰੰਟ ਦੇ ਕੌਮੀ ਕਨਵੀਨਰ ਮਨਿੰਦਰਜੀਤ ਸਿੰਘ ਬਿੱਟਾ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਹੈ। ਇਸ ਸਬੰਧੀ ਬਿੱਟਾ ਵਲੋਂ ਦਿੱਲੀ ਐੱਨ. ਸੀ. ਆਰ. 'ਚ ਧਾਰਾ-506 ਤਹਿਤ ਰਿਪੋਰਟ ਦਰਜ ਕਰਵਾ ਦਿੱਤੀ ਗਈ ਹੈ। ਬਿੱਟਾ ਨੇ ਉਨ੍ਹਾਂ ਦੀ ਸੁਰੱਖ਼ਿਆ 'ਚ ਤਾਇਨਾਤ ਪੰਜਾਬ ਪੁਲਸ ਦੇ ਕਾਂਸਟੇਬਲ ਅਮੋਲ ਬੁੱਧੀਰਾਜਾ ਨੇ ਰਿਪੋਰਟ ਦਰਜ ਕਰਵਾਈ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਇੱਕ ਅਣਪਛਾਤੇ ਨੰਬਰ 08725947983 ਤੋਂ ਉਨ੍ਹਾਂ ਨੂੰ ਫ਼ੋਨ ਆਇਆ ਸੀ। ਬਿੱਟਾ ਦਾ ਮੋਬਾਇਲ ਉਨ੍ਹਾਂ ਦੇ ਕੋਲ ਸੀ ਅਤੇ ਉਨ੍ਹਾਂ ਫ਼ੋਨ ਰਿਸੀਵ ਕੀਤਾ ਸੀ।

ਰਿਪੋਰਟ 'ਚ ਕਿਹਾ ਗਿਆ ਹੈ ਕਿ ਫ਼ੋਨ ਕਰਨ ਵਾਲਾ ਵਿਅਕਤੀ ਗਾਲ੍ਹਾਂ ਕੱਢ ਰਿਹਾ ਸੀ ਅਤੇ ਬਿੱਟਾ ਵਲੋਂ ਜਨਤਕ ਤੌਰ 'ਤੇ ਕੀਤੀ ਜਾਣ ਵਾਲੀ ਬਿਆਨਬਾਜ਼ੀ ਨੂੰ ਲੈ ਕੇ ਪੁੱਠਾ-ਸਿੱਧਾ ਬੋਲ ਰਿਹਾ ਸੀ। ਉਸ ਵਿਅਕਤੀ ਨੇ ਇਹ ਵੀ ਕਿਹਾ ਕਿ ਉਹ ਤੁਹਾਡੇ ਬੌਸ ਬਿੱਟਾ ਨੂੰ ਜਾਨੋਂ ਮਰਵਾ ਦੇਵੇਗਾ। ਇਸ ਫ਼ੋਨ ਤੋਂ ਬਾਅਦ ਇੱਕ ਹੋਰ ਅਣਪਛਾਤੇ ਨੰਬਰ 09172361684 ਤੋਂ ਕਾਲ ਆਈ ਤੇ ਕਿਹਾ ਗਿਆ ਕਿ 24 ਘੰਟਿਆਂ ਵਿੱਚ ਬਿੱਟਾ ਦਾ ਅੰਤ ਕਰ ਦਿੱਤਾ ਜਾਵੇਗਾ।

ਐੱਨ. ਸੀ. ਆਰ. ਵਿੱਚ ਦਰਜ ਰਿਪੋਰਟ 'ਚ ਕਿਹਾ ਗਿਆ ਹੈ ਕਿ ਇੱਕ ਹੋਰ ਅਣਪਛਾਤੇ ਨੰਬਰ 911203129795 ਤੋਂ ਕਾਲ ਆਈ, ਜੋ ਕਾਂਸਟੇਬਲ ਸ਼ਿਵ ਕੁਮਾਰ ਨੇ ਰਿਸੀਵ ਕੀਤੀ। ਦੂਜੇ ਪਾਸਿਓਂ ਬੋਲ ਰਿਹਾ ਵਿਅਕਤੀ ਕਹਿ ਰਿਹਾ ਸੀ ਕਿ ਅੰਮ੍ਰਿਤਪਾਲ ਨੂੰ ਛੱਡ ਦਿਓ। ਇੱਕ ਹੋਰ ਫ਼ੋਨ ਕਾਲ ਆਈ, ਜੋ ਬਿੱਟਾ ਵਲੋਂ ਰਿਕਾਰਡ ਵੀ ਕੀਤੀ ਗਈ, ਜਿਸ ਵਿੱਚ ਕਿਹਾ ਗਿਆ ਕਿ ਉਹ ਕੈਨੇਡਾ ਤੋਂ ਗੋਲਡੀ ਬਰਾੜ ਬੋਲ ਰਿਹਾ ਹੈ। ਬਿੱਟਾ ਨੇ ਕਿਹਾ ਕਿ ਉਹ ਇਨ੍ਹਾਂ ਧਮਕੀਆਂ ਤੋਂ ਘਬਰਾਉਣ ਵਾਲੇ ਨਹੀਂ ਤੇ ਨਾ ਹੀ ਰਾਸ਼ਟਰ ਅਤੇ ਪੰਜਾਬ ਦੀ ਏਕਤਾ ਤੇ ਅਖੰਡਤਾ ਨੂੰ ਲੈ ਕੇ ਚੁੱਪ ਬੈਠਣਗੇ।


DENTRO CARRIERS LTD
REGINA, SK
HIRING
OWNER OPERATOR
NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
- New Automatic Trucks
- City Work
- Long Haul US- Canada Runs
- Dedicated Runs
- Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com



MIDWEST DIESEL REPAIR INC.
Midwest Truck Parts
Gurprit Gill (Sony)
Midwest Diesel Repair Inc.
We Service all Makes of Semi Trucks and Trailers
NMT
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੈਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
- Mobile Tire Service-24H
- Wheel Alignment • Differential • Rebuilt
- Engine-Transmission • Heating and Air Conditioning
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca



CAM TRANSPORT
REGINA, SK
Currently Hiring Drivers and Owner Operators for Canada (Prairies) and USA Runs.
- Must Have-Clean Driver Abstract
- Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
- Great Pay, Steady Miles,
- Dedicated Work
- Dedicated trucks for drivers
- Every Weekend Home
- Excellent Equipments
- Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1



Khalsa Professional Services Corp.
Gurtej Singh Grewal
Accountant
- Tax filling
- New Incorporation
ਸਖ਼ਤ ਕਮਾਈਆਂ ਵਿੱਚੋਂ ਡਾਲਰਾਂ ਦੀ ਬੱਚਤ ਚੰਗੇ ਟੈਕਸ ਪਲੈਨਰ ਦੀ ਸਲਾਹ ਨਾਲ ਹੀ ਹੁੰਦੀ ਹੈ।
Free Notary Service For Khalsa Accountax Clients
PAYROLL ACCOUNTING WCB/PST
306 450 3223 306 501 4070
gsgrewal@kpscorp.ca, www.kpscorp.ca
River Heights Shopping Center, Suite 10 - 2700 Montague Street Regina Saskathcewan, S4S 0J9